Punjabi Parwaz

# ਪੰਜਾਬੀ ਪਰਵਾਜ਼

ਅੰਕ 47ਵਾਂ (ਸ਼ਿਕਾਗੋ): 1 ਮਾਰਚ ਤੋਂ 14 ਮਾਰਚ 2025 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548

# ਪੰਜਾਬ ਵਿਧਾਨ ਸਭਾ ਵੱਲੋਂ ਖੇਤੀ ਵਪਾਰ ਸੰਬੰਧੀ ਖਰੜਾ ਰੱਦ

**ਜਸਵੀਰ ਸਿੰਘ ਸ਼ੀਰੀ**

***ਭਾਜਪਾ ਰਹੀ ਗੈਰ-ਹਾਜ਼ਰ *ਕਾਂਗਰਸ ਵਿੱਚ ਲੀਡਰਸ਼ਿਪ ਲਈ ਖਿੱਚੋਤਾਣ***



2027 ਵਿੱਚ ਹੋਣ ਵਾਲੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੇ ਮੱਦੇਨਜ਼ਰ ਪੰਜਾਬ ਵਿੱਚ ਸਿਆਸੀ ਗੁੱਲੀ ਡੰਡਾ ਸ਼ੁਰੂ ਹੋ ਗਿਆ ਹੈ। ਰਾਜ ਵਿੱਚ ਇਸ ਮੌਕੇ ਬਹੁਤ ਸਾਰੀਆਂ ਪਾਰਟੀਆਂ ਦੇ ਆਗੂ ਆਪੋ-ਆਪਣਾ ਸਿਆਸੀ ਟੁੱਲ ਲਾਉਣ ਦਾ ਯਤਨ ਕਰ ਰਹੇ ਹਨ। ਕੇਂਦਰ ਸਰਕਾਰ ਵੱਲੋਂ ਵਿਧੀਵਤ ਢੰਗ ਨਾਲ ਰਾਜਾਂ ਦੀ ਸੀਮਤ ਜਿਹੀ ਖੁਦਮੁਖਤਾਰੀ ਨੂੰ ਲਗਾਏ ਜਾ ਰਹੇ ਖ਼ੋਰੇ ਖਿਲਾਫ ਸਿਆਸੀ ਅਖਾੜੇ ਵਿੱਚ ਉਤਰਨ ਦਾ ਭਾਵੇਂ ਕਿਸੇ ਵੀ ਪਾਰਟੀ ਕੋਲ ਕੋਈ ਪ੍ਰੋਗਰਾਮ ਨਹੀਂ ਹੈ, ਫਿਰ ਵੀ ਪੰਜਾਬ ਵਿੱਚ ਵਿਚਰ ਰਹੀ ਹਰ ਪਾਰਟੀ ਦੇ ਆਗੂ ਪੰਜਾਬ ਦੇ ਹਿੱਤਾਂ ਦੇ ਰਾਖੇ ਹੋਣ ਦੀ ਗੁਰਜ ਹਾਸਲ ਕਰਨ ਵਿੱਚ ਰੁਝੇ ਹੋਏ ਹਨ। ਪੰਜਾਬ ਕਾਂਗਰਸ ਵਿੱਚ ਵੱਡੇ ਆਗੂਆਂ ਵਿੱਚ ਪ੍ਰਧਾਨਗੀ ਹਾਸਲ ਕਰਨ ਲਈ ਵੀ ਇੱਕ ਅੰਤਰ ਪਾਰਟੀ ਮੁਕਾਬਲਾ ਚਲ ਰਿਹਾ ਹੈ। ਅਮਰਿੰਦਰ ਸਿੰਘ ਰਾਜਾ ਵੜਿੰਗ, ਪ੍ਰਤਾਪ ਸਿੰਘ ਬਾਜਵਾ, ਰਾਣਾ ਗੁਰਜੀਤ ਸਿੰਘ ਅਤੇ ਪਰਗਟ ਸਿੰਘ ਇੱਕ ਦੂਜੇ 'ਤੇ ਭਾਰੀ ਪੈਣ ਦਾ ਯਤਨ ਕਰ ਰਹੇ ਹਨ। ਆਪਣੀ ਪਤਨੀ ਦੇ ਰਾਜ਼ੀ ਹੋ ਜਾਣ ਤੋਂ ਬਾਅਦ ਨਵਜੋਤ ਸਿੰਘ ਸਿੱਧੂ ਵੀ ਰਾਜਸੀ ਡੰਡ ਬੈਠਕਾਂ ਮਾਰਦਾ ਦੱਸਿਆ ਜਾਂਦਾ ਹੈ।

ਪੰਜਾਬ ਵਿਧਾਨ ਸਭਾ ਵੱਲੋਂ ਕੁਝ ਦਿਨ ਪਹਿਲਾਂ ਰਾਜਾਂ ਨੂੰ ਖੇਤੀ ਉਪਜਾਂ ਦੇ ਵਪਾਰ ਸੰਬੰਧੀ ਕੇਂਦਰ ਵੱਲੋਂ ਭੇਜੇ ਗਏ ਖਰੜੇ ਨੂੰ ਰੱਦ ਕਰਨ ਲਈ ਸਰਬੰਮਤੀ ਨਾਲ ਮਤਾ ਪਾਸ ਕੀਤਾ ਗਿਆ। ਭਾਰਤੀ ਜਨਤਾ ਪਾਰਟੀ ਤੋਂ ਬਿਨਾ ਤਕਰੀਬਨ ਸਾਰੀਆਂ ਪਾਰਟੀਆਂ ਨੇ ਇਸ ਖ਼ਰੜੇ ਨੂੰ ਰੱਦ ਕਰਨ ਲਈ ਸਹਿਮਤੀ ਦਿੱਤੀ। ਭਾਰਤੀ ਜਨਤਾ ਪਾਰਟੀ ਦੇ ਆਗੂ ਇਸ ਮੌਕੇ ਗੈਰ-ਹਾਜ਼ਰ ਰਹੇ। ਇਸ ਸਮੇਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਕੇਂਦਰੀ ਖਰੜਾ ਸਿੱਧੇ ਤੌਰ 'ਤੇ ਸੂਬਾਈ ਅਧਿਕਾਰਾਂ 'ਤੇ ਹਮਲਾ ਹੈ। ਇਸ ਤੋਂ ਇਲਾਵਾ ਸਦਨ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਸਮੇਤ ਸਾਰੀਆਂ ਪਾਰਟੀਆਂ ਦੇ ਆਗੂਆਂ ਨੇ ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਵੱਲੋ ਕੇਂਦਰੀ ਖਰੜੇ ਨੂੰ ਰੱਦ ਕਰਨ ਸੰਬੰਧੀ ਪੇਸ਼ ਕੀਤੇ ਗਏ ਮਤੇ ਦੀ ਹਮਾਇਤ ਕੀਤੀ। ਇਸ ਘਟਨਾਕ੍ਰਮ ਉੱਤੇ ਆਪਣਾ ਪ੍ਰਤੀਕਰਮ ਪਰਗਟ ਕਰਦਿਆਂ ਇਸ ਨੂੰ ਸੰਯੁਕਤ ਕਿਸਾਨ ਮੋਰਚਾ (ਰਾਜੇਵਾਲ ਗੁੱਟ) ਦੇ ਆਗੂਆਂ ਨੇ ਕਿਸਾਨਾਂ ਦੀ ਵੱਡੀ ਜਿੱਤ ਕਰਾਰ ਦਿੱਤਾ। ਯਾਦ ਰਹੇ, ਕਿਸਾਨ ਸੰਗਠਨ ਇਸ ਨੂੰ ਤਿੰਨ ਕਾਲੇ ਕਾਨੂੰਨਾਂ ਦਾ ਹੀ ਨਵਾਂ ਰੂਪ ਦੱਸ ਰਹੇ ਹਨ। ਇਸ ਵਿਚਕਾਰ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਆਪਣੀ ਸ਼ੁਰਲੀ ਛੱਡ ਦਿੱਤੀ ਕਿ 'ਆਪ' ਸਰਕਾਰ ਕੁਝ ਸਮੇਂ ਦੀ ਪ੍ਰਾਹੁਣੀ ਹੈ ਅਤੇ ਆਮ ਆਦਮੀ ਪਾਰਟੀ ਦੇ 32 ਐਮ.ਐਲ.ਏ. ਉਨ੍ਹਾਂ ਦੇ ਸੰਪਰਕ ਵਿੱਚ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਭਾਜਪਾ ਪੰਜਾਬ ਕਾਂਗਰਸ ਦੇ ਅਸੈਂਬਲੀ ਮੈਂਬਰਾਂ ਨੂੰ ਵੀ ਤੋੜਨ ਦਾ ਯਤਨ ਕਰ ਰਹੀ ਹੈ। ਇਸ 'ਤੇ ਪ੍ਰਤੀਕਰਮ ਪਰਗਟ ਕਰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਬਾਜਵਾ ਸਾਹਿਬ ਆਪਣੇ ਐਮ.ਐਲ.ਏ. ਬਚਾ ਕੇ ਰੱਖਣ। 'ਆਪ' ਦੇ ਪੰਜਾਬ ਯੂਨਿਟ ਦੇ ਆਗੂ ਅਮਨ ਅਰੋੜਾ ਨੇ ਵੀ ਬਾਜਵਾ ਦੇ ਬਿਆਨ ਦਾ ਖੰਡਨ ਕੀਤਾ ਅਤੇ ਇਸ ਨੂੰ ਮਹਿਜ ਇੱਕ ਕਲਪਨਾ ਦੱਸਿਆ। ਇੱਕ ਹੋਰ ਕਾਂਗਰਸੀ ਆਗੂ ਰਾਣਾ ਗੁਰਜੀਤ ਸਿੰਘ ਨੇ ਐਲਾਨ ਕੀਤਾ ਹੈ ਕਿ ਪੰਜਾਬ ਦੇ ਕਿਸਾਨ ਸਾਉਣੀ ਦੀ ਫਸਲ ਵਜੋਂ ਜਿੰਨੀ ਮਰਜ਼ੀ ਮੱਕੀ ਬੀਜਣ, ਉਹ ਆਪ ਇਸ 'ਤੇ ਐਮ.ਐਸ.ਪੀ. ਦੇਣਗੇ। ਯਾਦ ਰਹੇ, ਰਾਣਾ ਵੱਡੇ ਸਨਅਤਕਾਰ ਵੀ ਹਨ। ਗੁਰਜੀਤ ਸਿੰਘ ਰਾਣਾ ਦੇ ਇਸ ਬਿਆਨ ਨੂੰ ਵੀ ਪ੍ਰਧਾਨਗੀ ਲਈ ਦੰਗਲ ਦੀ ਕਸਰਤ ਵਜੋਂ ਵੇਖਿਆ ਜਾ ਰਿਹਾ ਹੈ। ਪੰਜਾਬ ਸਰਕਾਰ ਪੰਜਾਬ ਦੇ ਲੋਕਾਂ ਦਾ ਦਿਲ ਜਿੱਤਣ ਲਈ ਨਸ਼ਿਆਂ ਵਿਰੁਧ ਕੇੜਾ ਕੱਸਣ ਦਾ ਯਤਨ ਕਰ ਰਹੀ ਹੈ। ਲੁਧਿਆਣਾ ਵਿੱਚ ਦੋ ਨਸ਼ਾ ਤਸਕਰਾਂ ਦੇ ਘਰ ਢਾਹੇ ਜਾਣ ਦੀਆਂ ਵੀ ਖਬਰਾਂ ਹਨ।

ਬੀਤੇ ਤਿੰਨ ਸਾਲਾਂ ਵਿੱਚ ਅਸਰਹੀਣ ਵਿਖਾਈ ਦਿੰਦੀ ਸਰਕਾਰ ਹੁਣ ਹਾਈ ਸਪੀਡ ਮੋਡ ਵਿੱਚ ਦਿਸਣਾ ਚਾਹੁੰਦੀ ਹੈ। ਕਈ ਸਾਰੇ ਵਿਭਾਗਾਂ ਵਿੱਚ ਚੱਕ ਥੱਲ ਕੀਤੀ ਜਾ ਰਹੀ ਹੈ। ਬੀਤੇ ਦਿਨੀਂ ਕਈ ਵੱਡੇ ਅਫਸਰਾਂ ਦੀਆਂ ਬਦਲੀਆਂ ਵੀ ਕੀਤੀਆਂ ਗਈਆਂ ਹਨ। ਮਿਲਦੇ-ਜੁਲਦੇ ਵਿਭਾਗਾਂ ਨੂੰ ਇੱਕ ਦੂਜੇ ਵਿੱਚ ਮਿਲਾਉਣ ਦੇ ਯਤਨ ਹੋ ਰਹੇ ਹਨ। ਪੰਜਾਬ ਦੇ ਮੁੱਖ ਮੰਤਰੀ ਵੱਲੋਂ ਇਹ ਮਾਮਲਾ ਵੀ ਵਾਰ ਵਾਰ ਉਠਾਇਆ ਜਾ ਰਿਹਾ ਹੈ ਕਿ ਅਮਰੀਕਾ ਵੱਲੋਂ ਡਿਪੋਰਟ ਕੀਤੇ ਨੌਜਵਾਨਾਂ ਦੇ ਜਹਾਜ਼ ਜਾਣ-ਬੁੱਝ ਕੇ ਪੰਜਾਬ ਵਿੱਚ ਉਤਾਰੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਬਦਨਾਮ ਕਰਨ ਲਈ ਅਜਿਹਾ ਕੀਤਾ ਜਾ ਰਿਹਾ ਹੈ।

ਸਰਕਾਰੀ ਬੁਲਾਰਿਆਂ ਅਨੁਸਾਰ ਪਿਛਲੇ ਕੁਝ ਸਮੇਂ ਵਿੱਚ ਨਸ਼ਾ ਛੁਡਾਊ ਕੇਂਦਰਾਂ 'ਤੇ 20,000 ਤੋਂ ਵੱਧ ਨੌਜਵਾਨਾਂ ਦੀ ਰਜਿਸਟਰੇਸ਼ਨ ਹੋਈ ਸੀ, ਪਰ ਇਨ੍ਹਾਂ ਵਿਚੋਂ 7 ਹਜ਼ਾਰ ਇਲਾਜ ਅਧੂਰਾ ਹੀ ਛੱਡ ਗਏ। ਇਨ੍ਹਾਂ ਨਸ਼ੇੜੀਆਂ ਦੀ ਪ੍ਰਸ਼ਾਸਨ ਵੱਲੋਂ ਸਖ਼ਤੀ ਨਾਲ ਭਾਲ ਕੀਤੀ ਜਾ ਰਹੀ ਹੈ। ਇਸੇ ਤਰ੍ਹਾਂ ਅਮਰੀਕਾ ਤੋਂ ਵਾਪਸ ਪਰਤੇ ਲੋਕਾਂ ਦਾ ਗਮ ਗਲਤ ਕਰਨ ਲਈ ਪੰਜਾਬ ਪੁਲਿਸ ਟਰੈਵਲ ਏਜੰਟਾਂ ਦੇ ਮਗਰ ਹੱਥ ਧੋ ਕੇ ਪੈ ਗਈ ਹੈ। ਪੰਜਾਬ ਪੁਲਿਸ ਵੱਲੋਂ ਪਿਛਲੇ ਦਿਨੀਂ 1300 ਦੇ ਕਰੀਬ ਟਰੈਵਲ ਫਰਮਾਂ 'ਤੇ ਛਾਪੇ ਮਾਰੇ ਗਏ ਹਨ ਅਤੇ ਕੁਝ ਵਿਅਕਤੀ ਗ੍ਰਿਫਤਾਰ ਵੀ ਕੀਤੇ ਗਏ ਹਨ। ਇਸ ਤੋਂ ਇਲਾਵਾ ਹਾਲੇ ਕੁਝ ਦਿਨ ਪਹਿਲਾਂ ਪੰਜਾਬ ਸਰਕਾਰ ਵੱਲੋਂ 52 ਦਾਗੀ ਪੁਲਿਸ ਮੁਲਾਜ਼ਮਾਂ ਨੂੰ ਨੌਕਰੀ ਤੋਂ ਬਰਖਾਸਤ ਕੀਤਾ ਗਿਆ ਹੈ।

ਉਂਝ ਪੰਜਾਬ ਦੇ ਸਿਆਸੀ ਮਾਹੌਲ ਵਿੱਚ ਕੁਝ ਸੰਜੀਦਾ ਆਵਾਜ਼ਾਂ ਦੀ ਦਸਤਕ ਵੀ ਸੁਣਾਈ ਦੇ ਰਹੀ ਹੈ। ਜੇ ਇਹ ਸਹੀ ਦਿਸ਼ਾ ਵਿੱਚ ਤੁਰੇ ਤਾਂ ਆਰਥਕ ਸਮਾਜਕ ਵਿਕਾਸ ਵਿੱਚ ਲਗਾਤਾਰ ਪਛੜ ਰਹੇ ਅਤੇ ਕਰਜ਼ੇ ਹੇਠ ਕੁੱਬੇ ਹੋ ਰਹੇ ਇਸ ਰਾਜ ਦੀ ਕਿਸਮਤ ਬਦਲ ਸਕਦੀ ਹੈ। ਇਸ ਨੁਕਤੇ ਤੋਂ ਪੰਜਾਬ ਅਸੈਂਬਲੀ ਵਿੱਚ ਅਕਾਲੀ ਦਲ ਦੇ ਆਗੂ ਮਨਪ੍ਰੀਤ ਸਿੰਘ ਇਆਲੀ ਅਤੇ ਪਰਗਟ ਸਿੰਘ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਦੋਹਾਂ ਆਗੂਆਂ ਨੇ ਪੰਜਾਬ ਵਿੱਚ ਕੁਝ ਇਸ

⇒ ਬਾਕੀ ਸਫਾ 7 ਉਤੇ ਪੜ੍ਹੋ









# ਸਿਆਸੀ ਮੁਹਾਣ: ਸੱਜੇ ਪਾਸੇ ਵੱਲ ਮੁੜੇ ਸੰਸਾਰ ਦੇ ਵੱਡੇ ਮੁਲਕ

ਪੰਜਾਬੀ ਪਰਵਾਜ਼ ਬਿਊਰੋ

ਜਦੋਂ ਦੁਨੀਆਂ ਦੇ ਵੱਡੇ ਮੁਲਕਾਂ ਦੀ ਸਿਆਸਤ ਸੱਜੇ ਪਾਸੇ ਰੁਖ ਕਰ ਰਹੀ ਹੈ ਤਾਂ ਵਾਤਾਵਰਣ ਵਿਗਾੜ ਅਤੇ ਮੌਸਮੀ ਤਬਦੀਲੀਆਂ ਬਾਰੇ ਸੁਚੇਤ ਲੋਕ ਫਿਕਰਮੰਦ ਹੋਣ ਲੱਗੇ ਹਨ। ਅਮਰੀਕਾ, ਅਰਜਨਟੀਨਾ, ਇਟਲੀ ਤੋਂ ਬਾਅਦ ਜਰਮਨੀ ਵੀ ਹੁਣ ਸੱਜੇ ਰੁਖ ਮੋੜ ਕੱਟਦਾ ਵਿਖਾਈ ਦੇ ਰਿਹਾ ਹੈ। ਜਰਮਨੀ ਵਿੱਚ ਅੱਤਿ ਸੱਜੇ ਪੱਖੀਆਂ ਦਾ ਦੂਜੀ ਸੰਸਾਰ ਜੰਗ ਤੋਂ ਬਾਅਦ ਸਭ ਤੋਂ ਤਿੱਖਾ ਉਭਾਰ ਵੇਖਣ ਨੂੰ ਮਿਲ ਰਿਹਾ ਹੈ। ਕੇਂਦਰ ਤੋਂ ਮਾਸਾ ਕੁ ਸੱਜੀ ਟੇਢ ਰੱਖਣ ਵਾਲੀ ਕ੍ਰਿਸਚੀਅਨ ਡੈਮੋਕਰੇਟਸ ਪਾਰਟੀ ਦੇ ਆਗੂ ਫਰੈਡਰਿਕ ਮੇਰਜ ਨੇ ਜਮਹੂਰੀ ਕਦਰਾਂ ਕੀਮਤਾਂ ਵਿੱਚ ਯਕੀਨ ਰੱਖਣ ਵਾਲੀਆਂ ਮੁੱਖ ਧਾਰਾ ਦੀਆਂ ਪਾਰਟੀਆਂ ਨੂੰ ਆਗਾਹ ਕੀਤਾ ਹੈ ਕਿ ਪਰਵਾਸ ਦੇ ਮਸਲਿਆਂ 'ਤੇ ਆਪਣੀ ਪਹੁੰਚ ਦਰੁਸਤ ਕਰ ਲਵੋ ਨਹੀਂ ਤੇ ਇੱਕ ਸਦੀ ਬਾਅਦ ਕਠਮੁੱਲਾਵਾਦ ਮੁੜ ਸਾਡੀਆਂ ਬਰੂਹਾਂ 'ਤੇ ਦਸਤਖ਼ਤ ਦੇ ਰਿਹਾ ਹੈ।

ਜ਼ਿਕਰਯੋਗ ਹੈ ਕਿ ਜਰਮਨੀ ਵਿੱਚ ਹਾਲ ਹੀ ਵਿੱਚ ਹੋਈਆਂ ਚੋਣਾਂ ਵਿੱਚ ਕ੍ਰਿਸਚੀਅਨ ਡੈਮੋਕਰੇਟ ਸਭ ਤੋਂ ਵੱਡੀ ਪਾਰਟੀ ਬਣ ਕੇ ਸਾਹਮਣੇ ਆਈ ਹੈ। ਅੱਤਿ ਸੱਜੇਪੱਖੀ ਅਤੇ ਪਰਵਾਸ ਵਿਰੋਧੀ ਧਿਰ, ਅਲਟਰਨੇਟਿਵ ਫਾਰ ਜਰਮਨੀ (ਏ.ਐਫ.ਡੀ) ਦੂਜੇ ਸਥਾਨ 'ਤੇ ਰਹੀ ਹੈ। ਚੋਣ ਨਤੀਜਿਆਂ ਤੋਂ ਬਾਅਦ ਬੋਲਦਿਆਂ ਏ.ਐਫ.ਡੀ. ਦੀ ਆਗੂ ਐਲਿਸ ਵੇਡਲ ਨੇ ਕਿਹਾ ਕਿ ਉਹ ਦੇਸ਼ ਦੀ ਸਭ ਤੋਂ ਮਜ਼ਬੂਤ ਪਾਰਟੀ ਬਣਨਾ ਚਹੁੰਦੀ ਹੈ। ਜਰਮਨ ਚੋਣਾਂ ਵਿੱਚ ਕ੍ਰਿਸਚੀਅਨ ਡੈਮੋਕਰੇਟਾਂ ਨੂੰ ਸਭ ਤੋਂ ਜ਼ਿਆਦਾ 28.6 ਫੀਸਦੀ ਵੋਟਾਂ ਮਿਲੀਆਂ ਹਨ, ਜਦੋਂਕਿ 21 ਫੀਸਦੀ ਵੋਟਾਂ ਹਾਸਲ ਕਰਕੇ ਏ.ਐਫ.ਡੀ. ਦੂਜੇ ਨੰਬਰ 'ਤੇ ਰਹੀ ਹੈ। ਸੋਸ਼ਿਲ ਡੈਮੋਕਰੇਟਾਂ ਨੂੰ 16.4 ਫੀਸਦੀ ਅਤੇ ਅੱਤਿ ਖੱਬਿਆਂ ਨੂੰ 8.8 ਫੀਸਦੀ ਵੋਟਾਂ ਹਾਸਲ ਹੋਈਆਂ ਹਨ। ਇਸ ਹਾਲਤ ਵਿੱਚ ਕਰਿਸਚੀਅਨ ਡੈਮੋਕਰੇਟ ਅਤੇ ਸੋਸ਼ਲ ਡੈਮੋਕਰੇਟ ਪਾਰਟੀ ਦੀ ਸਾਂਝੀ ਸਰਕਾਰ ਬਣਨ ਦੀ ਉਮੀਦ ਹੈ। ਜਾਵਨੀ ਨਾਲ ਭਰਪੂਰ ਅੱਤਿ ਖੱਬੀਆਂ ਧਿਰਾਂ ਵੀ ਇਸ ਗੱਠਜੋੜ ਦਾ ਸਾਥ ਦੇ ਸਕਦੀਆਂ ਹਨ।

ਯਾਦ ਰਹੇ, ਇਹ ਕ੍ਰਿਸਚੀਅਨ ਡੈਮੋਕਰੇਟਾਂ ਦੀ ਪਾਰਟੀ ਦੀ ਆਗੂ ਐਂਜਲਾ ਮਾਰਕਲ ਹੀ ਸੀ, ਜਿਸ ਦੇ ਜਰਮਨ ਚਾਂਸਲਰ ਹੁੰਦਿਆਂ ਇਹ ਮੁਲਕ ਪਰਵਾਸੀਆਂ ਖਾਸ ਕਰਕੇ ਰਫਿਊਜ਼ੀਆਂ ਲਈ ਚੁਪੱਟ ਖੋਲ੍ਹ ਦਿੱਤਾ ਗਿਆ ਸੀ। ਬਿਲਕੁਲ ਇਹੋ ਰਾਹ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਫੜਿਆ ਸੀ। ਜਰਮਨੀ ਵਿੱਚ ਰਫਿਊਜ਼ੀਆਂ ਖਾਸ ਕਰਕੇ ਸੀਰੀਅਨਾਂ, ਮਿਸਰੀਆਂ, ਯੂਕਰੇਨੀਆਂ ਵਗੈਰਾ ਦੀ ਬਹੁਤਾਤ ਅਤੇ ਆਰਥਿਕ ਵਿਕਾਸ ਵਿੱਚ ਆਈ ਗਿਰਾਵਟ ਨੇ ਸੱਜੇ ਪੱਖੀ ਸਿਆਸਤ ਨੂੰ ਆਪਣੇ ਪੈਰ ਪਸਾਰਨ ਦਾ ਮੌਕਾ ਦੇ ਦਿੱਤਾ ਹੈ। ਆਰਥਿਕ ਖੁਸ਼ਹਾਲੀ ਦੇ ਮਾਮਲੇ ਵਿੱਚ ਕੈਨੇਡਾ ਵੀ ਹੁਣ ਤੰਗੀ ਮਹਿਸੂਸ ਕਰ ਰਿਹਾ ਹੈ।

ਜਰਮਨੀ ਦੀਆਂ ਮੁੱਖ ਧਾਰਾ ਨਾਲ ਸੰਬੰਧਤ ਪਾਰਟੀਆਂ ਦੇ ਆਗੂ ਇਸ ਵਰਤਾਰੇ ਤੋਂ ਚਿੰਤਤ ਹਨ, ਪਰ ਸਮਾਜਿਕ ਸੰਤੁਲਨ ਕਾਇਮ ਰੱਖਣ ਅਤੇ ਵਿਕਾਸ ਨੂੰ ਗਤੀ ਦੇਣ ਵਿੱਚ ਸਫਲ ਨਹੀਂ ਹੋ ਰਹੇ। ਦੂਜੇ ਪਾਸੇ ਸੱਜੇ ਪੱਖੀ ਸਰਕਾਰਾਂ ਦੀ ਇਹ ਨਵੀਂ ਚੜ੍ਹਤ ਆਮ ਤੌਰ 'ਤੇ ਵਾਤਾਵਰਣ ਵਿਗਾੜਾਂ ਬਾਰੇ ਮਸਲਿਆਂ ਨੂੰ ਨਜ਼ਰ ਅੰਦਾਜ਼ ਕਰਦੀ ਹੈ। ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਇਸ ਮਾਮਲੇ ਵਿੱਚ ਪੂਰੀ ਤਰ੍ਹਾਂ ਮੁਖਰ ਹਨ। ਭਾਰਤ ਵੀ ਭਾਵੇਂ ਪਿਛਲੇ 10-12 ਸਾਲਾਂ ਤੋਂ ਸੱਜੇ ਪੱਖੀ ਸਿਆਸਤ ਦੀ ਅਗਵਾਈ ਵਿੱਚ ਹੈ, ਪਰ




ਘੱਟੋ-ਘੱਟ ਇਹ ਤੇ ਨਹੀਂ ਕਿਹਾ ਜਾ ਸਕਦਾ ਕਿ ਭਰਤ ਸਰਕਾਰ ਨੇ ਕੌਮਾਂਤਰੀ ਵਾਤਾਵਰਣ ਸਮਝੌਤਿਆਂ ਦੇ ਮਾਮਲੇ ਵਿੱਚ ਕੋਈ ਨਾਂਹ ਪੱਖੀ ਸਟੈਂਡ ਲਿਆ ਹੈ। ਉਂਜ ਜਿੱਥੋਂ ਤੱਕ ਦੇਸ਼ ਦੇ ਅੰਦਰ ਵਾਤਾਵਰਿਣਕ ਵਿਗਾੜਾਂ ਦਾ ਸੰਬੰਧ ਹੈ, ਉਹ ਜਿਉਂ ਦੇ ਤਿਉਂ ਬਣੇ ਹੋਏ ਹਨ। ਜਰਮਨੀ ਵਿੱਚ ਵਾਤਾਵਰਣਿਕ ਚੇਤਨਾ ਦਾ ਪੱਧਰ ਕਾਫੀ ਉੱਚਾ ਹੈ ਅਤੇ ਗਰੀਨ ਪਾਰਟੀ ਬਾਕੀ ਮੁਲਕਾਂ ਦੇ ਮੁਕਾਬਲੇ ਕਾਫੀ ਮਜਬੂਤ ਹੈ। ਪਿਛਲੀ ਵਾਰ ਉਹ ਸੋਸ਼ਲ ਡੈਮੋਕਰੇਟਾਂ ਨਾਲ ਭਾਈਵਾਲੀ ਕਰਕੇ ਸੱਤਾ ਵਿੱਚ ਵੀ ਰਹੀ ਹੈ।

ਸੰਸਾਰ ਦੇ ਵੱਡੇ ਮੁਲਕਾਂ ਵਿੱਚ ਇਸ ਸੱਜੇ ਪੱਖੀ ਉਭਾਰ 'ਤੇ ਇਟਲੀ ਦੀ ਪ੍ਰਧਾਨ ਮੰਤਰੀ ਜਾਰਜੀਆ ਮੇਲੋਨੀ ਨੇ ਇੱਕ ਦਿਲਚਸਪ ਟਿੱਪਣੀ ਕੀਤੀ ਹੈ। ਉਨ੍ਹਾਂ ਕਿਹਾ ਕਿ ਦੁਨੀਆਂ ਦੇ ਖੱਬੇ ਪੱਖੀ ਆਗੂ ਰੂੜੀਵਾਦੀ ਪਾਰਟੀਆਂ ਤੋਂ ਚਿੜ੍ਹਦੇ ਹਨ। ਮੇਲੋਨੀ ਨੇ ਅਖਿਆ, 'ਜਦੋਂ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ, ਅਰਜਨਟੀਨਾ ਦੇ ਰਾਸ਼ਟਰਪਤੀ ਜੇਵੀਅਰ ਮਿਲੀ ਜਾਂ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਮਿਲਦੇ ਹਨ ਤਾਂ ਖੱਬੇ ਪੱਖੀਆਂ ਨੂੰ ਲੋਕਤੰਤਰ ਲਈ ਖ਼ਤਰਾ ਦਿਸਣ ਲੱਗ ਪੈਂਦਾ ਹੈ। ਜਦਕਿ ਖੱਬੇ ਪੱਖੀਆਂ ਦੀ ਅਜਿਹੇ ਹੀ ਗੱਠਜੋੜਾਂ ਕਾਰਨ ਸ਼ਲਾਘਾ ਕੀਤੀ ਜਾਂਦੀ ਹੈ। ਵਾਸ਼ਿੰਗਟਨ ਵਿੱਚ ਕੰਜ਼ਰਵੇਟਿਵ ਪੋਲਿਟੀਕਲ ਐਕਸ਼ਨ ਕਾਨਫਰੰਸ ਵਿੱਚ ਵੀਡੀਓ ਕਾਨਫਰੰਸ ਦੇ ਜ਼ਰੀਏ ਬੋਲਦਿਆਂ ਉਨ੍ਹਾਂ ਕਿਹਾ ਕਿ 1990 ਦੇ ਦਹਾਕੇ ਵਿੱਚ ਬਿਲ ਕਲਿੰਟਨ ਅਤੇ ਟੋਨੀ ਬਲੇਅਰ ਵੱਲੋਂ 'ਗਲੋਬਲ ਨੈਟਵਰਕ' ਬਣਾਇਆ ਗਿਆ ਤਾਂ ਉਨ੍ਹਾਂ ਨੂੰ ਦੂਰ-ਦ੍ਰਿਸ਼ਟ, ਨੀਤਵੇਤਾ (ਸਟੇਟਸਮੈਨ) ਕਿਹਾ ਗਿਆ; ਪਰ ਜਦੋਂ ਟਰੰਪ, ਮੇਲੋਨੀ ਜਾਂ ਮੋਦੀ ਮਿਲਦੇ ਹਨ ਤਾਂ ਇਸ ਨੂੰ ਲੋਕਤੰਤਰ ਲਈ ਖ਼ਤਰਾ ਆਖ ਦਿੱਤਾ ਜਾਂਦਾ ਹੈ।

ਯਾਦ ਰਹੇ, ਇਹ ਜਰਮਨੀ ਅਤੇ ਇਟਲੀ ਹੀ ਹਨ, ਜਿਨ੍ਹਾਂ ਵਿੱਚ ਬੀਤੀ ਸਦੀ ਦੇ ਮੁਢਲੇ ਦਹਾਕਿਆਂ 'ਚ ਫਾਸ਼ਿਜ਼ਮ ਉਭਰ ਆਇਆ ਸੀ। ਉਸ ਵੇਲੇ 1930 ਵਾਲੇ ਆਰਥਕ ਮੰਦੇ ਦੀ ਮਾਰ ਸਾਰੀ ਦੁਨੀਆਂ ਝੱਲ ਰਹੀ ਸੀ। ਇਸ ਮੰਦੇ ਕਾਰਨ ਵੱਖ-ਵੱਖ ਮੁਲਕਾਂ ਦੇ ਲੋਕਾਂ ਵਿੱਚ ਫੈਲੀ ਬੇਚੈਨੀ ਨੂੰ ਹਿਟਲਰ ਅਤੇ ਮੁਸੋਲੀਨੀ ਵਰਗੇ ਆਗੂ ਫਾਸ਼ਿਜ਼ਮ ਵੱਲ ਧੂਹ ਲੈ ਗਏ ਸਨ; ਜਦਕਿ ਕਈ ਹੋਰ ਮੁਲਕਾਂ ਵਿੱਚ ਇਸੇ ਬੇਚੈਨੀ ਕਾਰਨ ਸਮਾਜਵਾਦੀ ਇਨਕਲਾਬ ਹੋ ਗਏ ਸਨ। ਇਸ ਵੇਲੇ ਵੀ ਤਕਰੀਬਨ ਸਾਰੀ ਦੁਨੀਆਂ ਇੱਕ ਲੰਮੇ ਆਰਥਕ ਮੰਦਵਾੜੇ ਵਿੱਚੋਂ ਲੰਘ ਰਹੀ ਹੈ ਅਤੇ ਲੋਕਾਂ ਵਿੱਚ ਪਸਰ ਰਹੀ ਬੇਚੈਨੀ ਕੱਟੜ ਨਸਲਵਾਦੀ ਸਿਆਸਤ ਨੂੰ ਥਾਂ ਮੁਹੱਈਆ ਕਰ ਰਹੀ ਹੈ। ਮੱਧ ਪੂਰਬ ਅਤੇ ਯੂਕਰੇਨ-ਰੂਸ ਵਿਚਕਾਰ ਲੱਗੀਆਂ ਦੋ ਜੰਗਾਂ ਇਸ ਮੰਦਵਾੜੇ ਨੂੰ ਹੋਰ ਵੱਟ ਦੇ ਰਹੀਆਂ ਹਨ। ਸਿੱਕੇ ਦਾ ਫੈਲਾਅ, ਤੇਲ, ਖਾਧ ਪਦਾਰਥਾਂ ਅਤੇ ਹੋਰ ਸਾਜ਼ੋ-ਸਾਮਾਨ ਦੀਆਂ ਸਪਲਾਈ ਚੇਨਾਂ ਵਿੱਚ ਆਈ ਰੁਕਾਵਟ ਨਾਲ ਪੈਦਾ ਹੋ ਰਹੀਆਂ ਆਰਥਿਕ ਮੁਸ਼ਕਲਾਂ ਨੂੰ ਅੱਜ ਸਾਰਾ ਸੰਸਾਰ ਮਹਿਸੂਸ ਕਰ ਰਿਹਾ ਹੈ। ਇਸ ਦਰਮਿਆਨ ਆਰਥਿਕ ਸੰਸਾਰੀਕਰਨ ਅਤੇ ਸੂਚਨਾ ਤਕਨੀਕਾਂ ਵਿੱਚ ਹੋਏ ਵਿਕਾਸ ਨੇ ਸਾਰੀ ਦੁਨੀਆਂ ਹੱਥ ਜਿੰਨੀ ਵਿੱਥ 'ਤੇ ਖੜ੍ਹੀ ਕਰ ਦਿੱਤੀ ਹੈ। ਇਸ ਨਾਲ ਸਮਾਂ ਅਤੇ ਸਪੇਸ ਸੁੰਗੜ ਗਏ ਹਨ। ਇਸ ਨਾਲ ਹੋਰ ਕੁਝ ਹੋਇਆ ਹੋਵੇ ਜਾਂ ਨਾ, ਜੀਵਨ ਦੀ ਗਤੀ ਬਹੁਤ ਤੇਜ਼ ਹੋ ਗਈ ਹੈ। ਇਸ ਦੇ ਨਾਲ ਹੀ ਪੂਰੇ ਸੰਸਾਰ ਵਿੱਚ ਆਰਥਿਕ ਅੰਤਰ-ਨਿਰਭਰਤਾ ਵਧ ਗਈ ਹੈ। ਇਸ ਯੁੱਗ ਵਿੱਚ ਕੋਈ ਵੀ ਇਕੱਲਾ ਦੇਸ਼ ਪੂਰੇ ਸੰਸਾਰ ਨਾਲੋਂ ਟੁੱਟ ਕੇ ਜੀਅ ਨਹੀਂ ਸਕਦਾ।

ਇਸ ਦੌਰ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਸ਼ੁਰੂ ਕੀਤੀ ਗਈ ਟਰੇਡ ਵਾਰ ਨੇ ਅਸਫਲ ਹੋਣਾ ਹੀ ਹੋਣਾ ਹੈ। ਪਰਵਾਸੀਆਂ ਨੂੰ ਜਹਾਜ਼ ਭਰ ਭਰ ਕੇ ਵਾਪਸ ਕਰਨ ਦਾ ਆਰਥਿਕ ਖ਼ਮਿਆਜਾ ਵੀ ਅਮਰੀਕਾ ਲਾਜ਼ਮੀ ਭੁਗਤੇਗਾ। ਕਿਉਂਕਿ ਵਸਤਾਂ ਨੂੰ ਨਿਰਮਤ ਕਰਨ ਦੀ ਲੇਬਰ ਕੌਸਟ ਉੱਚੀ ਹੋ ਜਾਵੇਗੀ ਅਤੇ ਅਮਰੀਕਾ ਵਿੱਚ ਬਣਨ ਵਾਲੇ ਸਾਜ਼ੋ-ਸਾਮਾਨ ਦੀਆਂ ਅੰਤਰਰਾਸ਼ਟਰੀ ਮੰਡੀ ਵਿੱਚ ਕੀਮਤਾਂ ਵਧ ਜਾਣਗੀਆਂ। ਇਸ ਨਾਲ ਅਮਰੀਕਾ; ਚੀਨ, ਭਾਰਤ, ਬ੍ਰਾਜ਼ੀਲ, ਬੰਗਲਾ ਦੇਸ਼, ਕੀਨੀਆ ਅਤੇ ਹੋਰ ਵੱਧ ਆਬਾਦੀ ਅਤੇ ਸਸਤੀ ਲੇਬਰ ਵਾਲੇ ਮੁਲਕਾਂ ਵਿੱਚ ਬਣੀਆਂ ਵਸਤਾਂ ਦਾ ਮੁਕਾਬਲਾ ਨਹੀਂ ਕਰ ਸਕੇਗਾ। ਇਸੇ ਕਰਕੇ ਤੇ ਚੀਨ ਨੇ ਸਾਰੀ ਦੁਨੀਆਂ ਵਾਹਣੀ ਪਾਈ ਹੋਈ ਹੈ। ਇੱਥੇ ਨੌਜਵਾਨ ਆਬਾਦੀ ਦੀ ਸਸਤੀ ਅਤੇ ਹੁਨਰਮੰਦ ਲੇਬਰ ਦੀ ਕੀਮਤ ਯੂਰਪ ਅਤੇ ਅਮਰੀਕਾ ਦੇ ਮੁਕਾਬਲੇ ਕਾਫੀ ਘੱਟ ਹੈ।

ਇੱਕ ਹੋਰ ਪੱਖ ਵੀ ਧਿਆਨ ਦੇਣ ਵਾਲਾ ਹੈ। ਜਿਨ੍ਹਾਂ ਏਸ਼ੀਆਈ ਮੁਲਕਾਂ ਨੇ ਬੀਤੇ ਕੁਝ ਦਹਾਕਿਆਂ ਵਿੱਚ ਤੇਜ਼ ਆਰਥਿਕ ਵਿਕਾਸ ਕੀਤਾ ਹੈ, ਉਨ੍ਹਾਂ ਨੇ ਖੁੱਲ੍ਹੀ ਮੰਡੀ ਵਾਲੀ ਆਰਥਿਕਤਾ ਦੇ ਨਾਲ-ਨਾਲ ਲੋਕਾਂ ਨੂੰ ਨਿਸ਼ਚਤ ਰੁਜ਼ਗਾਰ ਮੁਹੱਈਆ ਕਰਨ ਲਈ ਆਪਣੇ ਜਨਤਕ ਖੇਤਰ (ਪਬਲਿਕ ਸੈਕਟਰ) ਨੂੰ ਵੀ ਕਾਇਮ ਰੱਖਿਆ ਹੈ। ਭਾਰਤ ਨੇ ਵੀ ਇਸ ਕਿਸਮ ਦੇ ਆਰਥਿਕ ਵਿਕਾਸ ਨੂੰ 1947 ਤੋਂ ਬਾਅਦ ਅਪਣਾਇਆ ਸੀ, ਪਰ ਨੱਬੇਵਿਆਂ ਵਿੱਚ ਆਣ ਕੇ ਇਹ ਖੁੱਲ੍ਹੀ ਮੰਡੀ ਲਈ ਪੂਰੀ ਤਰ੍ਹਾਂ ਖੋਲ੍ਹ ਦਿੱਤਾ ਗਿਆ। ਜਦਕਿ ਕਮਿਊਨੀਕੇਸ਼ਨ, ਸਿਹਤ ਤੇ ਫਾਰਮਾ ਸੈਕਟਰ, ਪਬਲਿਕ ਟਰਾਂਸਪੋਰਟ, ਵਸੇਬਾ ਅਤੇ ਬੁਨਿਆਦੀ ਢਾਂਚੇ ਦੀ ਉਸਾਰੀ ਵਗੈਰਾ ਦੇ ਖੇਤਰਾਂ ਨੂੰ ਜਨਤਕ ਖੇਤਰ ਵਿੱਚ ਕਾਇਮ ਰੱਖਣ ਦੀ ਜ਼ਰੂਰਤ ਸੀ। ਗੱਲ ਕੀ, ਕਿਸੇ ਵੀ ਵਿਚਾਰ ਜਾਂ ਨੀਤੀ ਵਿੱਚ ਅਪਣਾਇਆ ਜਾਣ ਵਾਲਾ ਕਠਮੁੱਲਾਪਣ (ਅੱਤਿ ਕੱਟੜਤਾ) ਨੁਕਸਾਨ ਹੀ ਕਰਦਾ ਹੈ- ਇਹ ਚਾਹੇ ਸੱਜੇ ਪੱਖੀ ਹੋਵੇ ਜਾਂ ਖੱਬੇ ਪੱਖੀ। ਉੱਤਰ ਸਮਾਜਵਾਦੀ ਅਤੇ ਉੱਤਰ ਆਧੁਨਿਕ ਵਰਤਾਰਿਆਂ ਨੇ ਇਹ ਸਬਕ ਸਾਨੂੰ ਦੇ ਦਿੱਤੇ ਹਨ। ਇਸ ਹਾਲ ਵਿੱਚ ਜਿਹੜੇ ਵੀ ਮੁਲਕ ਆਪਣੀਆਂ ਨੀਤੀਆਂ ਵਿੱਚ ਲਚਕਦਾਰ ਅਤੇ ਮੱਧਵਰਤੀ ਪਹੁੰਚ ਅਪਨਾਉਣਗੇ, ਉਹ ਹੀ ਸੰਸਾਰ ਨੂੰ ਅਗਵਾਈ ਦੇਣ ਦੇ ਕਾਬਲ ਹੋ ਸਕਣਗੇ। ਇਹ ਪਹੁੰਚ ਹੀ ਮਨੁੱਖ ਦਾ ਕੁਦਰਤ ਨਾਲ ਖਿਲਵਾੜ ਰੋਕ ਸਕਦੀ ਹੈ।

## ਨਹੀਂ ਖ਼ਲਕ ਦੀ ਬੰਦ ਜ਼ੁਬਾਨ ਹੁੰਦੀ...

ਸੰਤ ਸੰਧੂ (ਤਲਵੰਡੀ ਸਲੇਮ, ਜਲੰਧਰ) ਫੋਨ: +91-9779479169



| | |
|---|---|
| ਭਾਜਪਾ-ਅੰਬਾਨੀ: | ਪਤਾ ਨਹੀਂ ਰਾਣੀ ਨੂੰ ਕੀ ਹੋਇਆ, ਅੰਦਰ ਸੱਦ ਕੇ ਭਿੱਖਿਆ ਪਾਂਵਦੀ ਏ |
| 'ਐਮਰਜੈਂਸੀ': | ਉਧਰ ਲੂਣਾ ਜਵਾਨੀ ਦੇ ਹੜ੍ਹ ਅੰਦਰ, ਰਾਜੇ ਸਲਵਾਨ ਨਾਲ ਸਮਾਂ ਬਿਤਾਈ ਜਾਂਦੀ |
| ਪਰਵਾਸ: | ਮੈਨੂੰ ਮਾਪਿਆਂ ਵਿਆਹ ਕੇ ਜ਼ੁਲਮ ਕੀਤਾ, ਰਸਮਾਂ ਸੇਲ੍ਹੀਆਂ ਦੇ ਵਿੱਚ ਮੜ੍ਹੀ ਹੋਈ ਆਂ |
| ਪੰਨੂੰ: | ਪੂਰਨ ਪੁੱਤਰ ਮੇਰਾ ਨਹੀਂ ਮਿਲਣ ਆਇਆ, ਮਤ੍ਰੇਈ ਨਾਰ ਉਹਨੂੰ ਭੜਕਾਈ ਜਾਂਦੀ |
| ਨਿਤੀਸ਼ ਕੁਮਾਰ: | ਮੌਜਾਂ ਮਾਣ ਲੈ ਪੁੱਤਰ ਪੂਰਨਾ ਵੇ, ਲੂਣਾ ਤੇਰੇ ਹੀ ਇਸ਼ਕ ਵਿੱਚ ਸੜੀ ਹੋਈ ਏ |
| ਕੁੰਭ ਮੇਲਾ: | ਜਤ ਸਤ ਲੰਗੋਟੇ ਦੇ ਨਿਯਮ ਸਾਰੇ, ਪੈਰਾਂ ਵਿਚ ਖੜਾਵਾਂ ਵੀ ਸਜ਼ ਰਹੀਆਂ |
| ਅਮਿੱਤ ਸ਼ਾਹ: | ਮੂੰਹੋਂ ਬੋਲਿਆ ਉਸ ਦਾ ਕਾਨੂੰਨ ਹੁੰਦਾ, ਸਾਰੇ ਰਾਜ ਅੰਦਰ ਮੱਚੀ ਹਾਹਾਕਾਰ ਜੀ |
| ਮੋਤਾ ਸਿੰਘ ਸਰਾਏ: | ਜਦੋਂ ਮੱਝ ਬੂਰੀ ਰਾਂਝੇ ਚੋਏ ਆਂਦੀ, ਹੀਰ ਭਰ ਲਿਆਈ ਚੂਰੀ ਨਾਲ ਛੰਨਾ |
| ਪ੍ਰਿਯੰਕਾ: | ਚੂਚਕ ਭੌਰ ਨਾਈ ਬਾਮ੍ਹਣ ਸੱਦ ਆਂਦੇ, ਕਿਤੇ ਕਰੋ ਜੋ ਨੱਢੀ ਦਾ ਥਾਉਂ ਮੀਆਂ |
| ਟਰੰਪ: | ਵੱਡੇ ਪਿੰਡ ਵਿਚ ਵੇਖ ਵੱਡੀ ਅਰੂੜੀ, ਰਾਂਝਾ ਪੈਣ ਨੂੰ ਭੁਰ ਵਿਛਾਉਣ ਲੱਗਾ |
| ਸੁਖਬੀਰ: | ਦਰਦ ਮਾਰਿਆ ਬਾਗ ਵਿੱਚ ਛਿਪ ਬੈਠਾ, ਝਿੜੀ ਸੰਘਣੀ ਛਾਂ ਦੀ ਭਾਲਦਾ ਏ |
| ਭਗਵੰਤ ਮਾਨ: | ਰਾਂਝੇ ਤਣੀ ਨੂੰ ਗੰਢ ਮਰੋੜ ਦਿੱਤੀ, ਨਾਥ ਆਖਿਓ ਜਾਹ ਮਿਲ ਯਾਰ ਤਾਈਂ |
| ਦਿੱਲੀ ਤਾਨਾਸ਼ਾਹੀ: | ਹੱਥ ਪਕੜ ਸੋਟਾ ਮੱਥੇ ਘੱਤ ਤਿਊੜੀ, ਕਰਨੇ ਹੀਰ ਚੱਲੀ ਮਾਰੋ ਮਾਰ ਮੀਆਂ |
| ਦਿਲਜੀਤ ਦੁਸਾਂਝ: | ਮਹੀਂ ਚੁੰਘ ਕੇ ਪੱਟ ਪਰ ਹੱਥ ਫੇਰੇ, ਵੇਖ ਸੋਹਣੀਆਂ ਤ੍ਰੀਮਤਾਂ ਗਾਂਵਦਾ ਹੈ |
| ਗੁਰਦਾਸ ਮਾਨ: | ਤਨ ਆਦਮੀ ਦੇ ਸੁਖ ਚੈਨ ਨਾਹੀਂ, ਜਿਹਨੂੰ ਚੁੰਬੜੇ ਇਸ਼ਕ ਦਾ ਰੋਗ ਹੀਰੇ |
| ਬਟਵਾਰਾ ਸੰਤਾਲੀ: | ਵੈਰ ਨਾਲ ਭਾਈਆਂ ਜ਼ਿਮੀਂ ਵੰਡ ਦਿੱਤੀ, ਜਿੱਥੇ ਉੱਗਿਆ ਅੱਕ ਤੇ ਕਾਹ ਮੀਆਂ |
| ਕਿਸਾਨ ਮੋਰਚਾ: | ਲਾਖੇ ਬਲਦ ਨੇ ਮਾਰੀ ਧੁਰਲੀ, ਨਾਭਾ ਗੇਟ ਟਪਾਇਆ |
| ਕੇਜਰੀਵਾਲ: | ਸੱਸ ਚੰਦਰੀ ਦੇ ਰੁਦਨ ਸੁਣਾਵਾਂ, ਪੀੜ੍ਹੀ ਉੱਤੇ ਬਹਿ ਜਾ ਵੀਰਨਾ |
| ਪ੍ਰਧਾਨ ਮੰਤਰੀ: | ਸੱਸ ਮੇਰੀ ਨਿੱਤ ਪੁੱਛਦੀ, ਤੇਰਾ ਬਾਪੂ ਕਦੇ ਨਹੀਂ ਆਇਆ। |


Hiring Local & Midwest Drivers and Dedicated Lanes & Owner Operators



NT corp
4800 Vernon Ave, Ste. C, McCook, IL 60525
Ph: 847-562-5860 ext. 1003
Fax: 847-897-2660

Premium Truck & Trailer Tires
We also provide installation services
ਅਸੀਂ ਇੰਸਟਾਲੇਸ਼ਨ ਸੇਵਾਵਾਂ ਵੀ ਪ੍ਰਦਾਨ ਕਰਦੇ ਹਾਂ



HT HAMPSHIRE TIRES
ਟਰੱਕਾਂ ਅਤੇ ਟਰਾਲਿਆਂ ਲਈ ਵਧੀਆ ਕਿਸਮ ਦੇ ਟਾਇਰ ਲੈਣ ਲਈ ਸੰਪਰਕ ਕਰੋ
*ਹੈਂਪਸ਼ਾਇਰ ਟਾਇਰਜ਼* *ਭਰੋਸੇਮੰਦ ਅਤੇ ਹੰਢਣਸਾਰ*
Hampshire Tires
235 Industrial Dr., Hampshire, IL 60140
Ph: 847-556-9996
Email: info@hampshiretires.com www.hampshiretires.com

# ਦੋ ਔਰਤਾਂ ਦੇ ਹਵਾਲੇ ਹੋਈ ਦਿੱਲੀ

ਪੰਜਾਬੀ ਪਰਵਾਜ਼ ਬਿਊਰੋ

***ਮਨਜਿੰਦਰ ਸਿੰਘ ਸਿਰਸਾ ਸਨਅਤ ਮੰਤਰੀ ਬਣੇ**
***ਭਾਜਪਾ ਸਰਕਾਰ ਨੇ ਵੱਖ-ਵੱਖ ਵਰਗਾਂ ਨੂੰ ਨੁਮਾਇੰਦਗੀ ਦਿੱਤੀ**

ਦਿੱਲੀ ਭਾਵੇਂ ਹਿੰਦੁਸਤਾਨੀ ਸੱਤਾ ਦਾ ਕੇਂਦਰ ਹੈ ਅਤੇ ਸੱਤਾ ਵਿੱਚ ਹਮੇਸ਼ਾ ਮਰਦਾਂ ਦੀ ਭਰਮਾਰ ਰਹੀ ਹੈ, ਪਰ ਦਿਲਚਸਪ ਤੱਥ ਇਹ ਹੈ ਕਿ ਦਿੱਲੀ ਸ਼ਹਿਰ ਦਾ ਨਾਮ ਫੈਮਿਨਿਸਟਿਕ ਹੈ। ਫਿਰ ਵੀ ਇਹ ਇੱਕ ਸਿਰਫ ਮੌਕਾ ਮੇਲ (ਚਾਨਸ) ਨਹੀਂ ਹੈ ਕਿ ਆਪਣੇ ਆਖਰੀ ਦੌਰ ਵਿੱਚ ਦਿੱਲੀ ਦੀ ਮੁੱਖ ਮੰਤਰੀ ਆਤਿਸ਼ੀ ਸਿੰਘ ਰਹੀ ਅਤੇ ਹੁਣ ਭਾਜਪਾ ਨੇ ਵੀ ਇੱਕ ਔਰਤ, ਰੇਖਾ ਗੁਪਤਾ ਨੂੰ ਦਿੱਲੀ ਦੇ ਮੁੱਖ ਮੰਤਰੀ ਦੇ ਅਹੁਦੇ 'ਤੇ ਬਿਰਾਜਮਾਨ ਕੀਤਾ ਹੈ। ਦੂਜੇ ਪਾਸੇ 'ਆਪ' ਨੇ ਆਤਿਸ਼ੀ ਸਿੰਘ ਨੂੰ ਦਿੱਲੀ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੀ ਆਗੂ ਬਣਾ ਦਿੱਤਾ ਹੈ। ਇੰਜ ਦਿੱਲੀ ਸ਼ਹਿਰ ਦੀਆਂ ਔਰਤਾਂ, ਹਾਕਮ ਔਰਤ ਤੋਂ ਕੀਤੇ ਗਏ ਵਾਅਦੇ ਪੂਰੇ ਕਰਨ ਦੀ ਮੰਗ ਕਰਨਗੀਆਂ ਅਤੇ ਲੋਕਾਂ ਦੀ ਆਵਾਜ਼ ਨੂੰ ਹੁੰਘਾਰਾ ਵੀ ਵਿਰੋਧੀ ਧਿਰ ਦੀ ਇੱਕ ਔਰਤ ਆਗੂ ਹੀ ਦੇਵੇਗੀ। ਅਤਿਸ਼ੀ ਨੇ ਤਾਂ ਸਰਕਾਰ ਬਣਦੇ ਸਾਰ ਔਰਤਾਂ ਨੂੰ 2500/- ਰੁਪਏ ਦੇਣ ਦੀ ਮੰਗ ਕਰਨੀ ਸ਼ੁਰੂ ਵੀ ਕਰ ਦਿੱਤੀ ਹੈ।

ਦਿੱਲੀ ਦੀ ਨਵੀਂ ਮੁੱਖ ਮੰਤਰੀ ਰੇਖਾ ਗੁਪਤਾ ਹਰਿਆਣਵੀ ਵਪਾਰੀ ਪਰਿਵਾਰ ਨਾਲ ਸੰਬੰਧਤ ਹੈ ਅਤੇ ਭਾਜਪਾ ਤੇ ਜਨਸੰਘ ਦੇ ਅਸਲ ਆਧਾਰ ਦੀ ਨੁਮਾਇੰਗੀ ਕਰਦੀ ਹੈ। ਧਾਰਮਿਕ ਘੱਟਗਿਣਤੀਆਂ ਖਾਸ ਕਰਕੇ ਮੁਸਲਮਾਨਾਂ ਪ੍ਰਤੀ ਉਸ ਦੀ ਪਹੁੰਚ ਮੋਦੀ-ਅਮਿਤ ਸ਼ਾਹ ਜੋੜੀ ਤੋਂ ਰੱਤੀ-ਮਾਸਾ ਵੀ ਫਰਕ ਵਾਲੀ ਨਹੀਂ ਹੈ। ਹੋ ਸਕਦਾ ਇਸੇ ਲਈ ਉਸ 'ਤੇ ਮੁੱਖ ਮੰਤਰੀ ਦੇ ਅਹੁਦੇ ਦਾ ਗੁਣਾ ਪਿਆ ਹੋਵੇ। ਨਹੀਂ ਤੇ ਪ੍ਰਵੇਸ਼ ਵਰਮਾ ਉਸ 'ਤੇ ਭਾਰੀ ਪੈ ਸਕਦੇ ਸਨ। ਪ੍ਰਵੇਸ਼ ਵਰਮਾ ਨੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ 4089 ਵਟਾਂ ਨਾਲ ਹਰਾ ਕੇ ਨਵੀਂ ਦਿੱਲੀ ਵਿਧਾਨ ਸਭਾ ਹਲਕੇ ਤੋਂ ਆਪਣੀ ਚੋਣ ਜਿੱਤੀ ਹੈ।


ਰੇਖਾ ਗੁਪਤਾ ਦਾ ਜੱਦੀ ਪਿੰਡ ਹਰਿਆਣਾ ਦੇ ਜੀਂਦ ਜ਼ਿਲ੍ਹੇ ਵਿੱਚ ਨੰਦਗੜ੍ਹ ਹੈ। ਉਸ ਦਾ ਜਨਮ 1974 ਵਿੱਚ ਇਸੇ ਪਿੰਡ ਵਿੱਚ ਹੋਇਆ ਅਤੇ ਇੱਕ ਸਾਲ ਬਾਅਦ ਹੀ ਉਨ੍ਹਾਂ ਦੇ ਪਿਤਾ ਜੈ ਭਗਵਾਨ ਜਿੰਦਲ ਜਦੋਂ ਸਟੇਟ ਬੈਂਕ ਆਫ ਇੰਡੀਆ ਦੀ ਪਿਤਾਮਪੁਰਾ ਬਰਾਂਚ ਦੇ ਮੈਨੇਜਰ ਬਣੇ ਤਾਂ ਉਹ ਆਪਣੇ ਪਰਿਵਾਰ ਨਾਲ ਦਿੱਲੀ ਆ ਗਈ ਸੀ। ਮੁੱਖ ਮੰਤਰੀ ਰੇਖਾ ਗੁਪਤਾ ਦਾ ਦਾਦਾ ਮਨੀਰਾਮ ਆੜ੍ਹਤ ਦਾ ਕਾਰੋਬਾਰ ਕਰਦਾ ਸੀ। ਇਸ ਮੱਧਲੇ ਵਪਾਰੀ ਤਬਕੇ ਨੂੰ ਹੀ ਜਨਸੰਘ ਅਤੇ ਭਾਜਪਾ ਨੇ ਆਪਣੀ ਮੁਢਲੀ ਉਠਾਣ ਦਾ ਆਧਾਰ ਬਣਾਇਆ। ਮੈਡਮ ਰੇਖਾ ਨੇ ਸ਼ਾਲੀਮਾਰ ਬਾਗ ਤੋਂ ਵਿਧਾਨ ਸਭਾ ਸੀਟ ਜਿੱਤੀ ਹੈ।

ਵੀਹ ਫਰਵਰੀ ਨੂੰ ਰਾਮ ਲੀਲਾ ਮੈਦਾਨ ਵਿੱਚ ਆਯੋਜਿਤ ਕੀਤੇ ਗਏ ਨਵੀਂ ਮੁੱਖ ਮੰਤਰੀ ਦੇ ਸਹੁੰ ਚੁੱਕ ਸਮਾਗਮ ਵਿੱਚ ਭਾਜਪਾ ਦੀ ਸਾਰੀ ਸੀਨੀਅਰ ਲੀਡਰਸ਼ਿੱਪ ਸ਼ਾਮਲ ਹੋਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਇਲਾਵਾ ਰੱਖਿਆ ਮੰਤਰੀ ਰਾਜਨਾਥ ਸਿੰਘ ਅਤੇ ਭਾਜਪਾ ਦੇ ਪ੍ਰਧਾਨ ਜੇ.ਪੀ. ਨੱਢਾ ਇਸ ਮੌਕੇ 'ਤੇ ਹਾਜ਼ਰ ਸਨ। ਇਸ ਤੋਂ ਇਲਾਵਾ ਕੇਂਦਰ ਸਰਕਾਰ ਦੇ ਭਾਈਵਾਲ ਅਤੇ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਚੰਦਰ ਬਾਬੂ ਨਾਇਡੂ, ਮਹਾਰਾਸ਼ਟਰ ਦੇ ਮੁੱਖ ਮੰਤਰੀ ਦਵੇਂਦਰ ਫੜਨਵੀਸ, ਉਪ ਮੁੱਖ ਮੰਤਰੀ ਅਜੀਤ ਪਵਾਰ ਆਦਿ ਮੌਜੂਦ ਰਹੇ। ਭਾਜਪਾ ਵੱਲੋਂ ਇਸ ਸਮਾਗਮ ਨੂੰ ਇੱਕ ਮਹੱਤਵਪੂਰਣ ਈਵੇਂਟ ਬਣਾਇਆ ਗਿਆ।

ਦਿੱਲੀ ਦੀ ਮੁੱਖ ਮੰਤਰੀ ਇੱਕ ਔਰਤ ਨੂੰ ਚੁਣਨ ਦਾ ਇੱਕ ਸਬੱਬ ਇਹ ਵੀ ਹੈ ਕਿ ਭਾਜਪਾ ਦੀ ਜਿੱਤ ਨੂੰ ਦਿੱਲੀ ਦੀਆਂ ਮੱਧਵਰਗੀ ਅਤੇ ਗਰੀਬ ਔਰਤਾਂ ਨੇ ਸੰਭਵ ਬਣਾਇਆ ਹੈ। ਵੋਟ ਫੀਸਦੀ ਵਿੱਚ ਤੇ ਦੋਹਾਂ ਪਾਰਟੀਆਂ ('ਆਪ' ਤੇ ਭਾਜਪਾ) ਵਿੱਚ ਤਿੰਨ-ਸਾਡੇ ਤਿੰਨ ਕੁ ਫੀਸਦੀ ਦਾ ਹੀ ਫਰਕ ਹੈ, ਭਾਵੇਂ ਕਿ ਸੀਟਾਂ ਦੇ ਮਾਮਲੇ ਵਿੱਚ ਆਮ ਆਦਮੀ ਪਾਰਟੀ 22 ਦੇ ਅੰਕੜੇ 'ਤੇ ਹੀ ਸਿਮਟ ਗਈ ਹੈ। ਕੇਂਦਰ ਵਿੱਚ ਭਾਜਪਾ ਅਤੇ ਦਿੱਲੀ ਵਿੱਚ ਆਮ ਆਦਮੀ ਸਰਕਾਰ ਵੇਲੇ ਦੋਹਾਂ ਧਿਰਾਂ ਵਿੱਚ ਖਿੱਚੋਤਾਣ ਚੱਲਦੀ ਰਹੀ ਹੈ। ਇਸ ਨੇ ਦਿੱਲੀ ਦੇ ਜਨਤਕ ਵਿਕਾਸ ਅਤੇ ਆਮ ਮਨੁੱਖੀ ਸੇਵਾਵਾਂ ਨੂੰ ਪ੍ਰਭਾਵਤ ਕੀਤਾ। ਅਸਲ ਵਿੱਚ ਕੇਂਦਰ ਸਰਕਾਰ ਨੇ ਦਿੱਲੀ ਦੇ ਪੁਲਿਸ ਪ੍ਰਸ਼ਾਸਨ ਨੂੰ ਇੱਕ ਆਰਡੀਨੈਂਸ ਰਾਹੀਂ ਆਪਣੇ ਅਧੀਨ ਲੈ ਕੇ 'ਆਪ' ਸਰਕਾਰ ਨੂੰ ਇੱਕ ਤਰ੍ਹਾਂ ਨਾਲ ਪੰਗੂ ਬਣਾ ਦਿੱਤਾ ਸੀ। ਇਸ ਤੋਂ ਇਲਾਵਾ 'ਆਪ' ਦੇ ਸੰਜੇ ਸਿੰਘ, ਮਨੀਸ਼ ਸਿਸੋਦੀਆ ਅਤੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਜਿਹੇ ਵੱਡੇ ਆਗੂ ਕਥਿਤ ਸ਼ਰਾਬ ਘੁਟਾਲੇ ਵਿੱਚ ਜੇਲ੍ਹ ਭੇਜ ਦਿੱਤੇ। ਕੇਂਦਰ ਸਰਕਾਰ ਨੇ ਤਤਕਾਲੀ ਦਿੱਲੀ ਸਰਕਾਰ ਪ੍ਰਤੀ ਇੱਕ ਤਰ੍ਹਾਂ ਨਾਲ ਮੁਕੰਮਲ ਨਾਮਿਲਵਰਤਣ ਦੀ ਨੀਤੀ ਅਪਣਾਈ। ਭਾਵੇਂ ਕਿ ਅਜਿਹਾ ਕਰਨਾ ਸੰਵਿਧਾਨਕ ਉਪਬੰਧਾਂ ਦੇ ਉਲਟ ਹੈ, ਪਰ ਤਾਕਤ ਦੀ ਜੰਗ ਵਿੱਚ ਸਾਰਾ ਕੁਝ ਚੱਲੀ ਜਾਂਦਾ ਹੈ।

ਅਸਲ ਵਿੱਚ ਇਸ ਸਦੀ ਦੇ ਦੂਜੇ ਦਹਾਕੇ ਵਿੱਚ ਔਰਤਾਂ ਆਪਣੀ ਆਰਥਕ ਰਾਜਨੀਤਿਕ ਹਸਤੀ ਬਾਰੇ ਵਧੇਰੇ ਸੁਚੇਤ ਹੋ ਗਈਆਂ ਹਨ ਅਤੇ ਇੱਕ ਵੱਖਰੇ ਵੋਟ ਬੈਂਕ ਵਜੋਂ ਉਭਰ ਆਈਆਂ ਹਨ। ਇੱਥੋਂ ਤੱਕ ਕੇ ਉਹ ਆਪਣੇ ਪਰਿਵਾਰਾਂ ਦੇ ਉਲਟ ਜਾ ਕੇ ਵੀ ਵੋਟ ਕਰਨ ਦਾ ਹੀਆ ਕਰਨ ਲੱਗੀਆਂ ਹਨ। ਇਸ ਤੋਂ ਇਲਾਵਾ ਨੌਜੁਆਨ ਵਰਗ ਵੀ ਇੱਕ ਵਿਲੱਖਣ ਅਤੇ ਵਿਸ਼ੇਸ਼ ਹਿੱਤਾਂ ਨੂੰ ਪ੍ਰਣਾਏ ਵੋਟ ਬੈਂਕ ਵਜੋਂ ਉਭਰ ਆਇਆ ਹੈ। ਖ਼ਾਸ ਕਰਕੇ ਦੇਸ਼ ਵਿੱਚ ਵਧ ਰਹੇ ਨਿੱਜੀਕਰਨ ਅਤੇ ਕਾਰਪੋਰੇਟ ਦੇ ਬੋਲਬਾਲੇ ਨਾਲ ਨੌਜਵਾਨਾਂ ਵਿੱਚ ਚੋਖ਼ੀ ਆਮਦਨ ਵਾਲੀਆਂ ਨੌਕਰੀਆਂ ਦੀ ਤੋਟ ਮਹਿਸੂਸ ਹੋਣ ਲੱਗੀ ਹੈ। ਇਸ ਤੋਂ ਇਲਾਵਾ ਆਰਥਕ ਵਿਕਾਸ ਦੇ ਟੈਕਨੋ ਇਨਟੈਸਿਵ ਹੋ ਜਾਣ ਨਾਲ ਆਟੋਮੇਸ਼ਨ, ਸਵੈਚਾਲਤ ਰੋ-ਬੋਟ ਅਤੇ ਮਸ਼ੀਨਾਂ ਨੇ ਮਨੁੱਖੀ ਰੁਜ਼ਗਾਰ ਨੂੰ ਸੀਮਤ ਕਰਨਾ ਸ਼ੁਰੂ ਕਰ ਦਿੱਤਾ ਹੈ। ਏਡੀ ਵੱਡੀ ਆਬਾਦੀ ਵਾਲੇ ਇਸ ਮੁਲਕ ਵਿੱਚ ਰੁਜ਼ਗਾਰ ਦਾ ਸੀਮਤ ਹੋਣਾ ਵੱਡੇ ਅਤੇ ਗੰਭੀਰ ਸਮਾਜਕ ਸੰਕਟਾਂ ਨੂੰ ਜਨਮ ਦੇਣ ਦਾ ਕਾਰਨ ਬਣ ਸਕਦਾ ਹੈ। ਦਿੱਲੀ ਦੀਆਂ ਸਮੱਸਿਆਵਾਂ ਵੀ ਇਨ੍ਹਾਂ ਹਾਲਾਤਾਂ ਤੋਂ ਅਛੂਤੀਆਂ ਨਹੀਂ ਹਨ। ਪੱਛਮ ਵਾਲੇ ਇਸ ਦਾ ਹੱਲ ਘਟੋ-ਘੱਟ ਬੁਨਿਆਦੀ ਆਮਦਨ ਵਿੱਚ ਵੇਖ ਰਹੇ ਹਨ। ਭਾਵ ਮੁਲਕ ਵਿੱਚ ਜੀਣ ਵਾਲੇ ਹਰ ਬੰਦੇ ਲਈ ਗੁਜ਼ਾਰੇ ਜੋਗਰੀ ਆਮਦਨ ਪ੍ਰਦਾਨ ਕਰਨਾ ਸਰਕਾਰਾਂ ਦੀ ਜ਼ਿੰਮੇਵਾਰੀ ਹੋਏਗੀ। ਸਾਡੇ ਇੱਥੇ ਆਰਥਿਕ ਵਿਕਾਸ ਤਾਂ ਪੱਛਮ ਦੀ ਨਕਲ 'ਤੇ ਹੀ ਤੋਰ ਲਿਆ ਗਿਆ ਹੈ, ਪਰ ਮੁਲਕ ਵਿੱਚ ਵੱਸਦੇ ਹਰ ਬਸ਼ਰ ਨੂੰ ਅਣਖ ਇੱਜ਼ਤ ਨਾਲ ਰੋਟੀ ਜੁੜਦੀ ਰਹੇ, ਇਸ ਦਾ ਕੋਈ ਪ੍ਰਬੰਧ ਨਹੀਂ ਹੋ ਰਿਹਾ। ਇਸ ਦੇ ਉਲਟ ਪੈਸਾ ਸਰਕਾਰ ਦੇ ਪਾਲੇ ਹੋਏ ਮਨਾਪਲੀ ਸਰਮਾਇਕਾਰਾਂ ਕੋਲ ਇਕੱਤਰ ਹੋਣ ਲੱਗਾ ਹੈ। ਇਹ ਇਨ੍ਹਾਂ ਸਥਿਤੀਆਂ ਵਿੱਚੋਂ ਹੀ ਹੈ ਕਿ ਰਾਜਨੀਤਿਕ ਅਤੇ ਰਾਜ ਕਰਨ ਵਾਲੀਆਂ ਪਾਰਟੀਆਂ ਨੂੰ ਔਰਤਾਂ ਅਤੇ ਹੋਰ ਲੋੜਵੰਦ ਲੋਕਾਂ ਲਈ ਕੁਝ ਨਾ ਕੁਝ ਹੱਥ ਝਾੜਨ ਲਈ ਮਜਬੂਰ ਹੋਣਾ ਪੈ ਰਿਹਾ ਹੈ।

ਹਰ ਪੰਜ ਸਾਲ ਬਾਅਦ ਜਮਹੂਰੀ ਪ੍ਰਬੰਧ ਸਿਆਸਤਦਾਨਾਂ ਨੂੰ ਲੋਕਾਂ ਦੇ ਸਨਮੁੱਖ ਕਰ ਦਿੰਦਾ ਹੈ ਅਤੇ ਇਹਦੇ ਲਈ ਕੁਝ ਵਾਅਦੇ/ਲਾਰੇ ਸਿਆਸਤਦਾਨਾਂ ਨੂੰ ਲਾਉਣੇ ਹੀ ਪੈਂਦੇ ਹਨ। ਆਮ ਆਦਮੀ ਪਾਰਟੀ ਨੇ ਦਿੱਲੀ ਚੋਣ ਵਿੱਚ ਔਰਤਾਂ ਨੂੰ ਹਰ ਮਹੀਨੇ 2100 ਰੁਪਏ ਦੇਣ ਦਾ ਵਾਅਦਾ ਕੀਤਾ, ਜਦਕਿ ਭਾਜਪਾ ਨੇ 2500 ਰੁਪਏ ਮਹੀਨਾ; ਗਰੀਬ ਤਬਕੇ ਨੂੰ 500/- ਰੁਪਏ ਵਿੱਚ ਗੈਸ ਸਿਲੰਡਰ, ਦੀਵਾਲੀ ਅਤੇ ਹੋਲੀ 'ਤੇ ਦੋ ਹੋਰ ਸਿਲੰਡਰ ਵੱਖਰੇ ਦੇਣ ਦੇ ਵਾਅਦੇ ਕੀਤੇ। ਭਾਜਪਾ ਦਿੱਲੀ ਵਿੱਚ ਜਿੰਨਾ ਕੁ ਵੋਟ ਫੀਸਦੀ ਵਧਾ ਸਕੀ ਹੈ, ਉਹ ਅਜਿਹੇ ਵਾਅਦਿਆਂ ਦਾ ਨਤੀਜਾ ਹੀ ਜਾਪਦਾ ਹੈ। ਹਿੰਦੁਸਤਾਨ ਵਿੱਚ ਇਸ ਆਰਥਕ ਸਿਆਸੀ ਵਰਤਾਰੇ ਨੂੰ ਭਾਜਪਾ ਅਤੇ ਜਨਸੰਘ ਨੇ ਭਗਵੇਂ ਚੋਲੇ ਵਿੱਚ ਲਪੇਟਿਆ ਹੋਇਆ ਹੈ। ਆਮ ਆਦਮੀ ਪਾਰਟੀ ਵੀ ਇਸੇ ਪੈੜ ਵਿੱਚ ਪੈਰ ਧਰ ਰਹੀ ਹੈ। ਆਮ ਮਨੁੱਖ ਲਈ ਇਸ ਕਥਿਤ ਧਾਰਮਿਕ ਸਿਆਸਤ ਦੀਆਂ ਆਰਥਿਕ ਗੁੰਝਲਾਂ ਨੂੰ ਨੰਗੀ ਅੱਖ ਨਾਲ ਪਛਾਣਨਾ ਅਸੰਭਵ ਨਹੀਂ ਤਾਂ ਮੁਸ਼ਕਲ ਜ਼ਰੂਰ ਹੋ ਜਾਂਦਾ ਹੈ।



ਦਿੱਲੀ ਦੀ ਮੁੱਖ ਮੰਤਰੀ ਰੇਖਾ ਗੁਪਤਾ ਅਤੇ ਸਾਬਕਾ ਮੁੱਖ ਮੰਤਰੀ ਆਤਿਸ਼ੀ ਸਿੰਘ



17115 W. Bluemound Rd, Suite D1, Brookfield, WI 53005

We Do Catering
ਅਸੀਂ ਕੇਟਰਿੰਗ ਵੀ ਕਰਦੇ ਹਾਂ

ਟੇਸਟ ਆਫ ਇੰਡੀਆ
ਮਸ਼ਹੂਰ ਨਾਮ ਅਤੇ ਮਸ਼ਹੂਰ ਖਾਣਾ

ਵਧੀਆ ਖਾਣਾ ਤੇ ਵਧੀਆ ਸਰਵਿਸ ਹੀ ਸਾਡੀ ਪਹਿਲ ਹੈ

ਵਿਆਹ ਸਮਾਗਮਾਂ, ਜਨਮ ਦਿਨ ਪਾਰਟੀਆਂ ਅਤੇ ਹੋਰ ਸਮਾਜਿਕ ਤੇ ਭਾਈਚਾਰਕ ਸਮਾਗਮਾਂ ਸਮੇਤ ਨਿੱਕੀਆਂ-ਵੱਡੀਆਂ ਪਾਰਟੀਆਂ ਮੌਕੇ ਸਵਾਦਿਸ਼ਟ ਤੇ ਤਾਜ਼ਾ ਖਾਣੇ ਲਈ ਸਾਨੂੰ ਸੇਵਾ ਦਾ ਮੌਕਾ ਦਿਓ



BOLLYWOOD Grill
Restaurant - Bar - Banquet
1038 N. Jackson St, Milwaukee, WI 53202

We Also Provide
Onsite Tandoor Service For Fresh Naan & KABABS and Onsite Fresh DOSA Service.

ਫੋਨ: 262-894-0913
ਜਾਂ 414-588-3325

## ਟਰੰਪ ਦੀਆਂ ਟਰਪੱਲਾਂ

# ਭਾਰਤੀ ਚੋਣ ਪ੍ਰਕਿਰਿਆ ਵਿੱਚ ਅਮਰੀਕੀ ਦਖਲ ‘ਤੇ ਵਿਵਾਦ

**ਪੰਜਾਬੀ ਪਰਵਾਜ਼ ਬਿਊਰੋ**


ਡੋਨਾਲਡ ਟਰੰਪ


ਐਲਨ ਮਸਕ

ਸਿਆਸੀ ਅਫਵਾਹਾਂ (ਮਿਸ/ਡਿਸ/ਇਨਫਰਮੇਸ਼ਨ) ਦਾ ਸੱਤਾ ਦੀ ਸਿਆਸਤ ਵਿੱਚ ਹਮੇਸ਼ਾ ਹੀ ਦਖਲ ਰਿਹਾ ਹੈ; ਬਹੁਤੀ ਵਾਰ ਜੰਗਾਂ/ਯੁੱਧਾਂ ਵੇਲੇ ਜਾਂ ਦੇਸ਼ਾਂ ਦੇ ਆਪਣੇ ਅੰਦਰਲੇ ਕਲੇਸ਼ਾਂ, ਫਿਰਕੂ ਦੰਗਿਆਂ ਅਤੇ ਸਿਵਲ ਵਾਰ ਆਦਿ ਵੇਲੇ; ਪਰ ਸਾਧਾਰਣ ਸਮਿਆਂ ਵਿੱਚ ਕੌਮਾਂਤਰੀ ਸਿਆਸਤ ਨੂੰ ਅਫਵਾਹਾਂ/ਸੁਰਲੀਆਂ ‘ਤੇ ਸਵਾਰ ਕਰਨ ਦਾ ਵੱਲ ਜੇ ਕੋਈ ਚੋਖਾ ਸਿੱਖ ਸਕਦਾ ਹੈ ਤਾਂ ਅਮਰੀਕੀ ਰਾਸ਼ਟਰਪਤੀ ਟਰੰਪ ਤੋਂ ਉਚਿੱਤ ਬਦਲ ਸ਼ਾਇਦ ਹੀ ਕੋਈ ਹੋਰ ਹੋਵੇ। ਬੀਤੇ ਕੁਝ ਦਿਨਾਂ ਵਿੱਚ ਉਨ੍ਹਾਂ ਇਹ ਕਈ ਵਾਰ ਕਿਹਾ ਕਿ ਭਾਰਤ ਵਿੱਚ ਵੋਟ ਫੀਸਦੀ ਵਧਾਉਣ ਲਈ ਬਾਇਡਨ ਪ੍ਰਸ਼ਾਸਨ ਵੱਲੋਂ 21 ਮਿਲੀਅਨ ਡਾਲਰ ਖਰਚ ਕੀਤੇ ਗਏ। ਆਪਣੇ ਇੱਕ ਬਿਆਨ ਵਿੱਚ ਉਨ੍ਹਾਂ ਇਹ ਵੀ ਕਿਹਾ ਕਿ ਭਾਰਤ ਵਿੱਚ ਮੋਦੀ ਦੀ ਥਾਂ ‘ਕਿਸੇ ਹੋਰ’ ਨੂੰ ਜਿਤਾਉਣ ਲਈ ਇਹ ਰਕਮ ਖ਼ਰਚ ਕੀਤੀ ਗਈ। ਟਰੰਪ ਤੋਂ ਪਹਿਲਾਂ ਅਸਲ ਵਿੱਚ ਅਮਰੀਕੀ ਅਰਬਪਤੀ ਅਤੇ ਟਰੰਪ ਸੱਤਾ ਨਾਲ ਨੇੜਿਉਂ ਜੁੜੇ ਐਲਨ ਮਸਕ ਨੇ ਇਹਦੇ ਨਾਲ ਮਿਲਦਾ-ਜੁਲਦਾ ਮਸਲਾ ਉਠਾਇਆ ਸੀ। ਉਨ੍ਹਾਂ ਕਿਹਾ ਸੀ ਕਿ ਕੌਮਾਂਤਰੀ ਪੱਧਰ ‘ਤੇ ਵੱਖ-ਵੱਖ ਭਲਾਈ ਕਾਰਜਾਂ ਵਿੱਚ ਮੱਦਦ ਦੇਣ ਵਾਲੀ ਏਜੰਸੀ, ਡਿਪਾਰਟਮੈਂਟ ਆਫ ਗਵਰਨਮੈਂਟ ਐਫੀਸ਼ੀਐਂਸੀ (ਡੀ.ਓ.ਈ.ਜੀ.) ਵਾਧੂ ਦਾ ਬੋਝ ਹੈ। ਯਾਦ ਰਹੇ, ਇਸੇ ਸੰਸਥਾ ਵੱਲੋਂ ਉਪਰੋਕਤ ਪੈਸਾ ਦਿੱਤਾ ਗਿਆ ਦੱਸਿਆ ਜਾਂਦਾ ਹੈ। ਰਾਸ਼ਟਰਪਤੀ ਨੇ ਇਸ ਮੱਦਦ ਨੂੰ ਬੰਦ ਕਰਦਿਆਂ ਆਪਣੇ ਇੱਕ ਬਿਆਨ ਵਿੱਚ ਕਿਹਾ ਕਿ ਭਾਰਤ ਕੋਲ ਬਹੁਤ ਪੈਸਾ ਹੈ, ਸਾਡੀ ਵਿੱਤੀ ਮੱਦਦ ਦੀ ਉਸ ਨੂੰ ਲੋੜ ਨਹੀਂ। ਇਸ ਦੇ ਨਾਲ ਹੀ ਟਰੰਪ ਨੇ ਅਮਰੀਕਾ ਵੱਲੋਂ ਕੀਤੀ ਜਾਂਦੀ ਬਰਾਮਦ ‘ਤੇ ਭਾਰਤ ਵੱਲੋਂ 200 ਫੀਸਦੀ ਟੈਕਸ ਲਗਾਏ ਜਾਣ ਦੀ ਗੱਲ ਵੀ ਵਾਰ-ਵਾਰ ਕਹੀ ਹੈ। ਉਨ੍ਹਾਂ ਰਿਵਰਸ ਟੈਰਿਫ, ਭਾਵ ਹਰ ਇੱਕ ਮੁਲਕ ਦੇ ਬਰਾਬਰ ਦੇ ਟੈਕਸ ਲਾਉਣ ਦੀ ਵੀ ਧਮਕੀ ਦਿੱਤੀ ਹੈ। ਅਮਰੀਕੀ ਰਾਸ਼ਟਰਪਤੀ ਨੇ ਭਾਰਤ ਵੱਲੋਂ ਵਰਤੀਆਂ ਜਾਂਦੀਆਂ ਈ.ਵੀ.ਐਮ. ਮਸ਼ੀਨਾਂ ਨੂੰ ਵੀ ਇਸ ਵਿਵਾਦ ਵਿੱਚ ਖਿੱਚ ਲਿਆ। ਯਾਦ ਰਹੇ, ਈ.ਵੀ.ਐਮ. ਦਾ ਮੁੱਦਾ ਟਰੰਪ ਨੇ ਹਾਲ ਹੀ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਮਰੀਕੀ ਦੌਰੇ ਮੌਕੇ ਵੀ ਉਠਾਇਆ ਸੀ।

ਅਮਰੀਕਾ ਦੇ ਮਿਆਮੀ ਸ਼ਹਿਰ ਵਿੱਚ ਇੱਕ ਸਮਾਗਮ ਵਿੱਚ ਬੋਲਦਿਆਂ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਸੀ ਕਿ ਅਸੀਂ ਭਾਰਤ ਸਰਕਾਰ ਨੂੰ ਦੱਸਣਾ ਚਾਹੁੰਦੇ ਹਾਂ ਕਿ ਭਾਰਤ ਵਿੱਚ 2023 ਦੀਆਂ ਆਮ ਚੋਣਾਂ ਵਿੱਚ ਮੋਦੀ ਦੀ ਥਾਂ ‘ਕਿਸੇ ਹੋਰ’ ਦੀ ਚੋਣ ਲਈ 21 ਮਿਲੀਅਨ ਡਾਲਰ ਖਰਚ ਕੀਤੇ ਗਏ। ਡੋਨਾਲਡ ਟਰੰਪ ਵੱਲੋਂ ਇਹ ਬਿਆਨ ਦਿੱਤੇ ਜਾਣ ਦੀ ਦੇਰ ਸੀ ਕਿ ਇਸ ਮਸਲੇ ਨੂੰ ਲੈ ਕਿ ਭਾਰਤ ਦੀਆਂ ਦੋ ਵੱਡੀਆਂ ਪਾਰਟੀਆਂ ਬੀ.ਜੇ.ਪੀ ਅਤੇ ਕਾਂਗਰਸ ਵਿਚਕਾਰ ਦੋਸ਼ਾਂ-ਪ੍ਰਤੀ-ਦੋਸ਼ਾਂ ਦਾ ਸਿਲਸਲਾ ਸ਼ੁਰੂ ਹੋ ਗਿਆ। ਅਮਰੀਕੀ ਰਾਸ਼ਟਰਪਤੀ ਦੇ ਅਸਪਸ਼ਟ ਬਿਆਨ (ਇਸ਼ਾਰੇ) ਦਾ ਹਵਾਲਾ ਦਿੰਦਿਆਂ ਭਾਜਪਾ ਆਗੂਆਂ ਨੇ ਕਾਂਗਰਸ ਪਾਰਟੀ ਖਾਸ ਕਰਕੇ ਰਾਹੁਲ ਗਾਂਧੀ ਨੂੰ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ। ਇਸ ‘ਤੇ ਭਾਜਪਾ ਦੇ ਆਗੂ ਰਵੀ ਸ਼ੰਕਰ ਪ੍ਰਸਾਦ ਨੇ ਕਾਂਗਰਸ ਪਾਰਟੀ ਦੇ ਆਗੂ ਰਾਹੁਲ ਗਾਂਧੀ ‘ਤੇ ਸਪਸ਼ਟ ਦੋਸ਼ ਲਗਾ ਦਿੱਤੇ। ਉਨ੍ਹਾਂ ਕਿਹਾ ਕਿ ਭਾਰਤ ਵਿੱਚ ਜਮਹੂਰੀਅਤ ਦੇ ਰਾਖੇ ਬਣਨ ਦਾ ਯਤਨ ਕਰ ਰਹੇ ਕਾਂਗਰਸੀ ਲੀਡਰ ਭਾਰਤੀ ਜਮਹੂਰੀਅਤ ਦਾ ਮਜ਼ਾਕ ਬਣਾ ਰਹੇ ਹਨ। ਉਨ੍ਹਾਂ ਸਾਫ ਕਿਹਾ ਕਿ ਭਾਰਤ ਵਿੱਚ ਚੋਣ ਅਮਲ ਨੂੰ ਪ੍ਰਭਾਵਿਤ ਕਰਨ ਲਈ ਆ ਰਹੇ ਵਿਦੇਸ਼ੀ ਪੈਸੇ ਦਾ ਚੋਣ ਨਤੀਜਿਆਂ ਨਾਲ ਸਿੱਧਾ ਸੰਬੰਧ ਹੈ। ਭਾਜਪਾ ਅਨੁਸਾਰ ਕਾਂਗਰਸ ਤੱਕ ਇਹ ਪੈਸਾ ਕੁਝ ਸਮਾਜ ਸੇਵੀ ਸੰਸਥਾਵਾਂ ਰਾਹੀਂ ਪੁੱਜਾ ਹੈ। ਦੂਜੇ ਪਾਸੇ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਜੈਰਾਮ ਰਮੇਸ਼ ਨੇ ਕਿਹਾ ਕਿ ਟਰੰਪ ਦਾ ਇਹ ਬਿਆਨ ਵਾਹੀਆਤ ਹੈ। ਉਨ੍ਹਾਂ ਮੰਗ ਕੀਤੀ ਕੇ ਸਰਕਾਰ ਨੂੰ ਇਸ ਮਸਲੇ ‘ਤੇ ਵ੍ਹਾਈਟ ਪੇਪਰ ਲੈ ਕੇ ਆਉਣਾ ਚਾਹੀਦਾ ਹੈ।

ਰਵੀ ਸ਼ੰਕਰ ਦਾ ਆਖਣਾ ਸੀ ਕਿ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤਾਂ ਇਹ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਪਿਛਲੇ ਸਾਲ ਹੋਈਆਂ ਲੋਕ ਸਭਾ ਚੋਣਾਂ ਵਿੱਚ ਵਿਦੇਸ਼ੀ ਸ਼ਕਤੀਆਂ ਵੱਲੋਂ ਭਾਜਪਾ ਨੂੰ ਹਰਾਉਣ ਦੀ ਕੋਸ਼ਿਸ਼ ਕੀਤੀ ਗਈ। ਟਰੰਪ ਦੇ ਇਸ਼ਾਰੇ ਨੂੰ ਰਾਹੁਲ ਗਾਂਧੀ ਵੱਲ ਸੇਧਿਤ ਕਰਦਿਆਂ ਕਈ ਭਾਜਪਾ ਆਗੂਆਂ ਨੇ ਤਾਂ ਉਸ ਨੂੰ ‘ਗੱਦਾਰ’ ਤੱਕ ਆਖ ਦਿੱਤਾ। ਕੁਝ ਦਿਨ ਪਹਿਲਾਂ ਇਸ ਬਾਬਤ ਅੰਗਰੇਜ਼ੀ ਦੇ ਅਖਬਾਰ ‘ਇੰਡੀਅਨ ਐਕਸਪ੍ਰੈਸ’ ਵਿੱਚ ਇੱਕ ਖ਼ਬਰ ਵੀ ਛਪੀ ਹੈ। ਇਸ ਖ਼ਬਰ ਵਿੱਚ ਇਹ ਖੁਲਾਸਾ ਕੀਤਾ ਗਿਆ ਕਿ ਉਪਰੋਕਤ 21 ਮਿਲੀਅਨ ਭਾਰਤ ਵਿੱਚ ਨਹੀਂ, ਸਗੋਂ ਬੰਗਲਾ ਦੇਸ਼ ਵਿੱਚ ਖਰਚ ਕੀਤਾ ਗਿਆ ਹੈ। ਪਿਛਲੇ ਕੁਝ ਹੀ ਦਿਨਾਂ ਵਿੱਚ ਇਸ ਮਸਲੇ ਨੂੰ ਲੈ ਕੇ ਅਮਰੀਕੀ ਰਾਸ਼ਟਰਪਤੀ ਨੇ ਤਕਰੀਬਨ 5 ਬਿਆਨ ਦਿੱਤੇ ਹਨ। ਭਾਰਤ ਨੂੰ ਕਥਿੱਤ ਤੌਰ ‘ਤੇ ਦਿੱਤੀ ਗਈ ਰਕਮ ਅਤੇ ਬਿਆਨਾਂ ਦੇ ਦੋਸ਼ਾਂ ਦੀ ਦਿਸ਼ਾ ਦੇ ਮਾਮਲੇ ‘ਚ ਹਰ ਬਿਆਨ ਵਿੱਚ ਉਹ ਕੁਝ ਨਾ ਕੁਝ ਫਰਕ ਪਾਉਂਦੇ ਰਹੇ ਹਨ। ਮੁੜ ਕੇ ਇਹ ਵੀ ਕਹਿ ਦਿੱਤਾ ਕਿ ਭਾਰਤ ਸਰਕਾਰ ਨੂੰ 182 ਕਰੋੜ ਰੁਪਏ ਦਿੱਤੇ ਗਏ। ਮਤਲਬ ਉਨ੍ਹਾਂ ਭਾਰਤ ਨੂੰ ਕਥਿਤ ਤੌਰ ‘ਤੇ ਦਿੱਤੇ ਗਏ ਡਾਲਰਾਂ ਵਾਲੇ ਰਿਕਾਰਡ ‘ਤੇ ਸੂਈ ਧਰੀ ਰੱਖੀ ਹੈ।

ਭਾਰਤ ਵਿੱਚ ਜਿਸ ਸ਼ਿੱਦਤ ਨਾਲ ਇਸ ਮਸਲੇ ‘ਤੇ ਰਾਜਸੀ ਬਹਿਸ ਛਿੜੀ ਹੈ, ਉਹ ਇਹੋ ਦਰਸਾਉਂਦੀ ਹੈ ਕਿ ਸਾਡੀਆਂ ਸਿਆਸੀ ਪਾਰਟੀਆਂ ਕਿਸੇ ਵਿਦੇਸ਼ੀ ਆਗੂ ਦੇ ਬਿਆਨ ਵਿੱਚ ਪੇਸ਼ ਹੋਏ ਤੱਥਾਂ ਦੀ ਜਾਂਚ ਪੜਤਾਲ ਕੀਤੇ ਬਿਨਾ ਕਿੰਝ ਆਪਸੀ ਦੂਸ਼ਣਬਾਜ਼ੀ ਵਿੱਚ ਉਲਝ ਜਾਂਦੀਆਂ ਹਨ। ਇੱਥੋਂ ਤੱਕ ਕਿ ਵਿਦੇਸ਼ ਮੰਤਰੀ ਅਤੇ ਵਿਦੇਸ਼ ਸਕੱਤਰ ਵੱਲੋਂ ਵੀ ਇਸ ਮਾਮਲੇ ਨੂੰ ‘ਗੰਭੀਰ’ ਦੱਸਿਆ ਗਿਆ। ਕਾਂਗਰਸ ਨੇ ਵੀ ਮੋੜਵੇਂ ਹਮਲੇ ਸ਼ੁਰੂ ਕਰ ਦਿੱਤੇ ਅਤੇ ਇਸ ਮਸਲੇ ‘ਤੇ ਸਰਕਾਰ ਨੂੰ ਵ੍ਹਾਈਟ ਪੇਪਰ ਜਾਰੀ ਕਰਨ ਦੀ ਚੁਣੌਤੀ ਦਿੱਤੀ। ਇਸ ਦਰਮਿਆਨ ਸਰਕਾਰ ਵੱਲੋਂ ਕੇਂਦਰੀ ਵਿੱਤ ਮੰਤਰਾਲੇ ਨੇ ਖੁਲਾਸਾ ਕੀਤਾ ਕਿ ਵੋਟਰ ਟਰਨ ਆਊਟ ਵਧਾਉਣ ਲਈ ਸਾਲ 2023-24 ਵਿੱਚ ਕੋਈ ਅਮਰੀਕੀ ਪੈਸਾ ਨਹੀਂ ਖਰਚ ਕੀਤਾ ਗਿਆ। ਕਾਂਗਰਸ ਵਿਰੁੱਧ ਕਿੱਲੀ ਦਬਣ ਲੱਗੀ ਭਾਜਪਾ ਅਤੇ ਈ.ਵੀ.ਐਮ. ਨੂੰ ਜਦੋਂ ਟਰੰਪ ਨੇ ਆਪਣੇ ਦੋਸ਼ਾਂ ਵਿੱਚ ਸ਼ਾਮਲ ਕੀਤਾ ਤਾਂ ਭਾਰਤ ਸਰਕਾਰ ਨੇ ਕੁਝ ਹੋਰ ਪ੍ਰੋਜੈਕਟਾਂ ਦੇ ਨਾਂ ਜ਼ਰੂਰ ਲਏ, ਜਿਨ੍ਹਾਂ ਵਿੱਚ ਅਮਰੀਕੀ ਮਦਦ ਵਿੱਚ ਦਿੱਤਾ ਗਿਆ ਪੈਸਾ ਖਰਚ ਕੀਤਾ ਗਿਆ।

ਭਾਰਤੀ ਵਿੱਤ ਮੰਤਰਾਲੇ ਵੱਲੋਂ ਜਾਰੀ ਕੀਤੀ ਗਈ ਸਾਲਾਨਾ ਰਿਪੋਰਟ ਅਨੁਸਾਰ ‘ਯੂਨਾਇਟਿਡ ਸਟੇਟਸ ਏਡ’ ਨਾਂ ਦੀ ਇੱਕ ਸੰਸਥਾ ਵੱਲੋਂ ਭਾਰਤ ਵਿੱਚ ਖੇਤੀਬਾੜੀ ਤੇ ਅਨਾਜ ਸੁਰੱਖਿਆ, ਜੰਗਲਾਤ ਤੇ ਵਾਤਾਵਰਣ ਤਬਦੀਲੀ ਲਈ ਪ੍ਰੋਗਰਾਮ, ਪਾਣੀ ਤੇ ਸਾਫ ਸਫਾਈ, ਸੂਰਜੀ ਊਰਜਾ ਦੇ ਵਪਾਰੀਕਰਣ, ਸਿਹਤ, ਆਫਤਾਂ ਦੇ ਪ੍ਰਬੰਧਨ ਊਰਜਾ ਤਕਨਾਲੋਜੀ ਦੀ ਪੈਦਾਵਾਰ ਅਤੇ ਵਪਾਰੀਕਰਣ ਆਦਿ ਵਿੱਚ 840 ਕਰੋੜ ਰੁਪਏ ਖਰਚ ਕੀਤੇ ਗਏ ਹਨ। ਸਰਕਾਰ ਅਨੁਸਾਰ ਵੋਟਰ ਟਰਨ ਆਊਟ ਲਈ ਭਾਰਤ ਵਿੱਚ ਕੋਈ ਪੈਸਾ ਖਰਚ ਨਹੀਂ ਕੀਤਾ ਗਿਆ। ਇੱਥੇ ਜ਼ਿਕਰਯੋਗ ਹੈ ਕਿ ਟਰੰਪ-ਮਸਕ ਪ੍ਰਸ਼ਾਸਨ ਵੱਲੋਂ ‘ਯੂਨਾਈਟਿਡ ਏਡ’ ਦਾ ਵੀ ਬੀਤੇ ਦਿਨੀਂ ਭੋਗ ਪਾ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਮੌਸਮੀ ਤਬਦੀਲੀਆਂ ਬਾਰੇ ਪੈਰਿਸ ਸਮਝੌਤੇ ਵਿੱਚੋਂ ਵੀ ਅਮਰੀਕਾ ਨੇ ਆਪਣੇ ਆਪ ਨੂੰ ਬਾਹਰ ਕਰ ਲਿਆ ਹੈ। ਵਰਲਡ ਹੈਲਥ ਆਰਗੇਨਾਈਜ਼ੇਸ਼ਨ ਨੂੰ ਕੀਤੀ ਜਾਣ ਵਾਲੀ ਫੰਡਿਗ ਤੋਂ ਟਰੰਪ ਪ੍ਰਸ਼ਾਸਨ ਪਹਿਲਾਂ ਹੀ ਹੱਥ ਪਿਛਾਂਹ ਖਿੱਚ ਚੁੱਕਾ ਹੈ। ਅਮਰੀਕੀ ਰਾਸ਼ਟਰਪਤੀ ਦੀ ਦਲੀਲ ਹੈ ਕਿ ਇਹ ਪੈਸਾ ਦੇਸ਼ ਦੇ ਸਿਹਤ ਵਿਭਾਗ ਵਿੱਚ ਖਰਚ ਕੀਤਾ ਜਾਵੇਗਾ। ਜਾਪਦਾ ਇੰਜ ਹੈ ਕਿ ਟਰੰਪ ਪ੍ਰਸ਼ਾਸਨ ਆਪਣੇ ਪਿਛਲੇ ਕਾਰਜਕਾਲ ਵਾਂਗ ਹੀ ਕੌਮਾਂਤਰੀ ਕਾਰਜਾਂ ਅਤੇ ਜ਼ਿੰਮੇਵਾਰੀਆਂ ਤੋਂ ਪਿੱਛੇ ਹਟ ਰਿਹਾ ਹੈ। ਕੋਈ ਵੀ ਦੇਸ਼ ਆਪਣੇ ਆਰਥਕ ਸੰਕਟ ਦਰਮਿਆਨ ਅਜਿਹਾ ਕਰ ਸਕਦਾ ਹੈ, ਜਿਵੇਂ ਨੱਬੇਵਿਆਂ ਵਿੱਚ ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਬਾਅਦ ਰੂਸ ਨੇ ਵੀ ਕੀਤਾ ਹੀ ਸੀ, ਪਰ ਇਸ ਦੇ ਨਿਕਲਣ ਵਾਲੇ ਸਿੱਟਿਆਂ ਤੋਂ ਵੀ ਸੰਬੰਧਤ ਮੁਲਕ ਦੇ ਆਗੂਆਂ ਨੂੰ ਸੁਚੇਤ ਰਹਿਣ ਚਾਹੀਦਾ ਹੈ। ਜਦੋਂ ਕੋਈ ਦੇਸ਼ ਜ਼ਰੂਰੀ ਕੌਮਾਂਤਰੀ ਸਮਝੌਤਿਆਂ ਅਤੇ ਵਿਸ਼ਵ ਭਲਾਈ ਕਾਰਜਾਂ ਵਿੱਚ ਆਪਣੀ ਭਾਈਵਾਲੀ ਘਟਾਏਗਾ ਤਾਂ ਉਸ ਦਾ ਇੱਕ ਵਿਸ਼ਵ ਸ਼ਕਤੀ ਵਜੋਂ ਵਿਚਰਨ ਦਾ ਹੱਕ ਗੁਆਚ ਜਾਵੇਗਾ। ਇਸ ਕੌਮਾਂਤਰੀ ਦਖ਼ਲ ਦੇ ਘਟਣ ਨਾਲ ਦੂਜੇ ਮੁਲਕ ਅੰਤਰਰਾਸ਼ਟਰੀ ਸੰਸਥਾਵਾਂ ਵਿੱਚ ਆਪਣੀ ਮੌਜੂਦਗੀ ਨੂੰ ਮਜ਼ਬੂਤ ਕਰਨਗੇ। ਇਸ ਨਾਲ ਇਨ੍ਹਾਂ ਮੁਲਕਾਂ ਦਾ ਹੀ ਨਵੀਂ ਵਿਸ਼ਵ ਸ਼ਕਤੀ ਵਜੋਂ ਡੰਕਾ ਵੱਜੇਗਾ। ਇਹ ਠੀਕ ਹੈ ਕਿ ਕੌਮਾਂਤਰੀ ਟਕਰਾਵਾਂ ਦੇ ਮਾਮਲੇ ਵਿੱਚ ਜੋਅ ਬਾਇਡਨ ਨੇ ਕਈ ਵਿਵਾਦਪੂਰਨ ਫੈਸਲੇ ਲਏ, ਜਿਨ੍ਹਾਂ ਕਾਰਨ ਸੰਸਾਰ ਦੇ ਦੋ ਮਹੱਤਵਪੂਰਨ ਖਿੱਤਿਆਂ ਵਿੱਚ ਜੰਗਾਂ ਤੇਜ਼ ਹੋਈਆਂ, ਪਰ ਉਨ੍ਹਾਂ ਨੇ ਅੰਤਰਰਾਸ਼ਟਰੀ ਸੰਸਥਾਵਾਂ ਵਿੱਚ ਆਪਣੀ ਮੌਜੂਦਗੀ ਨੂੰ ਮੁੜ ਕੇ ਮਜ਼ਬੂਤ ਕਰ ਲਿਆ ਸੀ। ਜੋ ਵੀ ਹੋਵੇ, ਇਸ ਕਿਸਮ ਦੇ ਕੌਮਾਂਤਰੀ ਹਾਲਾਤ ਵਿੱਚ ਹਿੰਦੁਸਤਾਨ, ਚੀਨ, ਰੂਸ, ਬ੍ਰਾਜ਼ੀਲ ਅਤੇ ਦੱਖਣੀ ਅਫਰੀਕਾ ਜਿਹੇ ਮੁਲਕਾਂ ਨੂੰ ਆਪਣਾ ਕੌਮਾਂਤਰੀ ਪ੍ਰਭਾਵ ਵਧਾਉਣ ਦਾ ਮੌਕਾ ਮਿਲ ਸਕਦਾ ਹੈ। ਇਸ ਨਾਲ ਦੁਨੀਆਂ ਵਿੱਚ ਸ਼ਕਤੀਆਂ ਦਾ ਸੰਤੁਲਨ ਬਹੁਧਿਰਾ ਹੋ ਜਾਵੇਗਾ।






# ਅਕਾਲੀ ਸਿਆਸਤ ਵਿੱਚ ਧੁੰਦਲਕਾ ਜਾਰੀ

***ਹਰਜਿੰਦਰ ਸਿੰਘ ਧਾਮੀ ਨੂੰ ਅਸਤੀਫਾ ਵਾਪਸ ਲੈਣ ਲਈ ਮਨਾਉਣ ਦੇ ਯਤਨ *ਦਿਲਚਸਪ ਹੋਣਗੇ ਆਉਣ ਵਾਲੇ ਦਿਨ***

**ਜਸਵੀਰ ਸਿੰਘ ਮਾਂਗਟ**

ਅਕਾਲੀ ਸਿਆਸਤ ਵਿਚਲਾ ਰੋਲ ਘਚੋਲ਼ਾ ਜਾਰੀ ਹੈ। ਇੱਕ ਪਾਸੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਆਪਣਾ ਅਸਤੀਫਾ ਵਾਪਸ ਲੈਣ ਲਈ ਕਿਹਾ ਹੈ, ਦੂਜੇ ਪਾਸੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਐਗਜ਼ੈਕਟਿਵ ਕਮੇਟੀ ਦੀ 26 ਫਰਵਰੀ ਨੂੰ ਹੋਈ ਮੀਟਿੰਗ ਵਿੱਚ ਪ੍ਰਧਾਨ ਧਾਮੀ ਦੇ ਅਸਤੀਫੇ ਬਾਰੇ ਕੋਈ ਫੈਸਲਾ ਨਹੀਂ ਹੋ ਸਕਿਆ। ਕਮੇਟੀ ਵੱਲੋਂ ਨਾ ਤੇ ਇਹ ਅਸਤੀਫਾ ਰੱਦ ਕੀਤਾ ਗਿਆ ਹੈ ਅਤੇ ਨਾ ਹੀ ਇਸ ਨੂੰ ਪ੍ਰਵਾਨ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦੇ ਅੰਦਰਲੇ ਸੋਮਿਆਂ ਤੋਂ ਮਿਲੀ ਜਾਣਕਾਰੀ ਅਨੁਸਾਰ ਚੜ੍ਹਦੇ ਮਾਰਚ ਅਕਾਲੀ ਦਲ ਵੱਲੋਂ ਸੁਖਬੀਰ ਸਿੰਘ ਬਾਦਲ ਨੂੰ ਪ੍ਰਧਾਨ ਬਣਾ ਦਿੱਤਾ ਜਾਵੇਗਾ ਅਤੇ ਇਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਦੇ ਅਹੁਦੇ ਤੋਂ ਹਟਾ ਦੇਵੇਗੀ।

ਮਿਲੀਆਂ ਸੂਚਨਾਵਾਂ ਇਹ ਵੀ ਪੁਸ਼ਟ ਕਰਦੀਆਂ ਹਨ ਕਿ ਸ਼੍ਰੋਮਣੀ ਕਮੇਟੀ ਦਾ ਬਾਦਲ ਧੜਾ ਹੁਣ ਅਕਾਲ ਤਖ਼ਤ ਸਾਹਿਬ ਨਾਲ ਸਿੱਧਾ ਟਕਰਾਉਣ ਦੇ ਰਉਂ ਵਿੱਚ ਹੈ। ਉਂਝ ਕੁਝ ਮੀਡੀਆ ਚੈਨਲ ਇਸ ਕਿਸਮ ਦੀਆਂ ਖਬਰਾਂ ਵੀ ਚਲਾ ਰਹੇ ਹਨ ਕਿ ਜਥੇਦਾਰ ਗਿਆਨੀ ਰਘਬੀਰ ਸਿੰਘ ਦੇ ਹੁਕਮ ਨੂੰ ਸਵੀਕਾਰ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਆਪਣਾ ਅਸਤੀਫਾ ਵਾਪਸ ਲੈਣ ਦੀ ਸੋਚ ਰਹੇ ਹਨ ਅਤੇ ਤਿੰਨ ਅਕਾਲੀ ਆਗੂਆਂ- ਬਲਵਿੰਦਰ ਸਿੰਘ ਭੂੰਦੜ, ਦਲਜੀਤ ਸਿੰਘ ਚੀਮਾ ਅਤੇ ਸੁਖਬੀਰ ਸਿੰਘ ਬਾਦਲ ਨੂੰ ਅਕਾਲ ਤਖ਼ਤ ਸਾਹਿਬ 'ਤੇ ਤਲਬ ਕਰਕੇ ਮੁੜ ਤਨਖਾਹ ਲਗਾਈ ਜਾ ਸਕਦੀ ਹੈ।

ਸ਼੍ਰੋਮਣੀ ਕਮੇਟੀ ਦੇ ਮੈਂਬਰ ਗੁਰਪ੍ਰੀਤ ਸਿੰਘ ਰੰਧਾਵਾ ਨੇ ਆਪਣੇ ਇੱਕ ਬਿਆਨ ਵਿੱਚ ਦੱਸਿਆ ਕਿ ਅਗਜ਼ੈਕਟਿਵ ਕਮੇਟੀ ਦੀ ਮੀਟਿੰਗ ਵਿੱਚ ਪ੍ਰਧਾਨ ਧਾਮੀ ਦਾ ਅਸਤੀਫਾ ਟੇਬਲ ਹੀ ਨਹੀਂ ਕੀਤਾ ਗਿਆ, ਰੱਦ ਜਾਂ ਪ੍ਰਵਾਨ ਕਰਨਾ ਤੇ ਦੂਰ ਦੀ ਗੱਲ ਹੈ। ਇਸ ਦੌਰਾਨ ਸ਼੍ਰੋਮਣੀ ਪੰਥ ਬੁੱਢਾ ਦਲ ਦੇ ਆਗੂ ਬਾਬਾ ਬਲਬੀਰ ਸਿੰਘ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਸ੍ਰੀ ਦਮਦਮਾ ਸਾਹਿਬ ਦੇ ਜਥੇਦਰ ਦੇ ਅਹੁਦੇ ਤੋਂ ਹਟਾਏ ਗਏ ਗਿਆਨੀ ਹਰਪ੍ਰੀਤ ਸਿੰਘ ਦੇ ਪੱਖ ਵਿੱਚ ਆ ਗਏ ਹਨ। ਉਨ੍ਹਾਂ ਆਪਣੇ ਇੱਕ ਬਿਆਨ ਵਿੱਚ ਕਿਹਾ ਕਿ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਤਖਤ ਦੀ ਮਾਣ ਮਰਿਅਦਾ ਨੂੰ ਦ੍ਰਿੜਤਾ ਨਾਲ ਕਾਇਮ ਰੱਖਣਾ ਚਾਹੀਦਾ ਹੈ। ਜਥੇਦਾਰ ਬਲਬੀਰ ਸਿੰਘ ਨੇ ਕਿਹਾ ਕਿ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਜਾਰੀ ਹੋਏ ਹੁਕਮਨਾਮੇ ਦੀ ਪਾਲਣਾ ਕਰਨ ਦੀ ਥਾਂ ਸ਼੍ਰੋਮਣੀ ਕਮੇਟੀ ਦੇ ਆਗੂ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਨਿਸ਼ਾਨਾ ਬਣਾਈ ਜਾ ਰਹੇ ਹਨ। ਉਨ੍ਹਾਂ ਹੋਰ ਕਿਹਾ ਕਿ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਠੋਸ ਫੈਸਲਾ ਲੈਂਦਿਆਂ ਗਿਆਨੀ ਹਰਪ੍ਰੀਤ ਸਿੰਘ ਨੂੰ ਹਟਾਉਣ ਬਾਰੇ ਲਏ ਗਏ ਫੈਸਲੇ ਨੂੰ ਵਾਪਸ ਲੈਣ ਦਾ ਨਿਰਦੇਸ਼ ਦੇਣਾ ਚਾਹੀਦਾ ਹੈ।

ਉਂਝ ਗਿਆਨੀ ਹਰਪ੍ਰੀਤ ਸਿੰਘ ਅਕਾਲੀ ਦਲ (ਬਾਦਲ) ਦੇ ਆਗੂਆਂ ਨਾਲ ਟਕਰਾ ਲਈ ਸਿੱਧੇ ਹੋ ਗਏ ਲਗਦੇ ਹਨ। ਉਨ੍ਹਾਂ ਆਪਣੇ ਇੱਕ ਬਿਆਨ ਵਿੱਚ ਕਿਹਾ ਕਿ ਸਿੱਖ ਸਿਆਸਤ ਨੂੰ ਲੀਹ 'ਤੇ ਲਿਆਉਣ ਲਈ ਸਿਆਸੀ ਅਖਾੜੇ ਵਿੱਚ ਉਤਰਨ ਤੋਂ ਗੁਰੇਜ਼ ਨਹੀਂ ਕਰਨਗੇ। ਉਨ੍ਹਾਂ ਅਕਾਲੀ ਦਲ ਵੱਲੋਂ ਕੀਤੀ ਗਈ ਭਰਤੀ ਨੂੰ ਬੋਗਸ ਕਰਾਰ ਦਿੱਤਾ। ਇਸ ਤੋਂ ਇਲਾਵਾ ਗਿਆਨੀ ਹਰਪ੍ਰੀਤ ਸਿੰਘ ਨੂੰ ਬਹੁਤ ਸਾਰੇ ਗੁਰੂ ਘਰਾਂ ਵੱਲੋਂ ਮਾਣ ਸਨਮਾਨ ਲਈ ਬੁਲਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਸੰਸਦੀ ਚੋਣਾਂ ਵਿੱਚ 18 ਲੱਖ ਵੋਟਾਂ ਪਈਆਂ ਸਨ, ਇਸ ਲਈ 33 ਲੱਖ ਦੀ ਭਰਤੀ ਕਿਸ ਤਰ੍ਹਾਂ ਹੋ ਸਕਦੀ ਹੈ।

ਇੱਥੇ ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇਦਾਰ ਅਕਾਲ ਤਖਤ ਸਾਹਿਬ ਨੂੰ ਮਿਲੇ ਸਨ ਅਤੇ ਉਨ੍ਹਾਂ ਨੇ ਗਿਆਨੀ ਰਘਬੀਰ ਸਿੰਘ ਨੂੰ ਜਚਾਉਣ ਦੀ ਕੋਸ਼ਿਸ਼ ਕੀਤੀ ਕਿ ਜਥੇਦਾਰਾਂ ਸਮੇਤ ਸ਼੍ਰੋਮਣੀ ਕਮੇਟੀ ਦੇ ਸਾਰੇ ਮੁਲਾਜ਼ਮਾਂ ਨੂੰ ਲਗਾਉਣ ਅਤੇ ਉਨ੍ਹਾਂ ਨੂੰ ਸੇਵਾਮੁਕਤ ਕਰਨ ਦਾ ਅਧਿਕਾਰ ਸ਼੍ਰੋਮਣੀ ਕਮੇਟੀ ਦੇ ਦਾਇਰੇ ਵਿੱਚ ਆਉਂਦਾ ਹੈ। ਮਿੱਠੇ ਲਫਜ਼ਾਂ ਵਿੱਚ ਲਿਪਟੀ ਇਸ ਧਮਕੀ ਤੋਂ ਖਿਝੇ ਗਿਆਨੀ ਰਘਬੀਰ ਸਿੰਘ ਨੇ ਆਪਣੇ ਇੱਕ ਬਿਆਨ ਵਿੱਚ ਆਖਿਆ, "ਮੈਂ ਤੇ ਸਮਝਦਾ ਸਾਂ ਕਿ ਸ੍ਰੀ ਅਕਾਲ ਤਖਤ ਦਾ ਦਾਇਰਾ ਵਿਸ਼ਵ ਵਿਆਪੀ ਹੈ, ਪਰ ਮੈਨੂੰ ਤੇ ਅੱਜ ਪਤਾ ਲੱਗਾ ਕਿ ਇਸ ਦਾ ਦਾਇਰਾ ਅਕਾਲ ਤਖਤ ਸਾਹਿਬ ਦੀ ਇਮਾਰਤ ਤੱਕ ਹੀ ਸੀਮਤ ਹੈ।" ਇਸ ਵਿਅੰਗਮਈ ਟਿੱਪਣੀ ਨੇ ਅਕਾਲੀ ਹਲਕਿਆਂ ਵਿੱਚ ਇੱਕ ਵਾਰੀ ਤੇ ਸਨਾਟਾ ਪਾ ਦਿੱਤਾ।

ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ 2 ਦਸੰਬਰ 2024 ਨੂੰ ਅਕਾਲ ਤਖਤ ਵੱਲੋਂ ਨਵੇਂ ਅਕਾਲੀ ਵਰਕਰਾਂ ਦੀ ਭਰਤੀ ਲਈ ਐਲਾਨੀ ਗਈ ਸੱਤ ਮੈਂਬਰੀ ਕਮੇਟੀ ਦੇ ਦੋ ਮੈਂਬਰ ਪ੍ਰੋ. ਕਿਰਪਾਲ ਸਿੰਘ ਬਡੂੰਗਰ ਅਤੇ ਹਰਜਿੰਦਰ ਸਿੰਘ ਧਾਮੀ ਅਸਤੀਫਾ ਦੇ ਚੁੱਕੇ ਹਨ। ਇਸ ਕਮੇਟੀ ਦੇ ਬਾਕੀ ਪੰਜ ਮੈਂਬਰਾਂ ਨੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੂੰ ਮਿਲ ਕੇ ਇਹ ਜਾਣਕਾਰੀ ਦਿੱਤੀ ਸੀ ਕਿ ਤਖਤ ਦੀ ਫਸੀਲ ਤੋਂ ਜਾਰੀ ਹੁਕਮਨਾਮੇ ਅਨੁਸਾਰ ਅਕਾਲੀ ਦਲ ਦੀ ਲੀਡਰਸ਼ਿਪ ਉਨ੍ਹਾਂ ਨੂੰ ਭਰਤੀ ਲਈ ਸਹਿਯੋਗ ਨਹੀਂ ਦੇ ਰਹੀ, ਇਸ ਲਈ ਬਣਦੇ ਆਦੇਸ਼ ਜਾਰੀ ਕੀਤੇ ਜਾਣ। ਇਸ ਦੌਰਾਨ ਜਥੇਦਾਰ ਸਾਹਿਬ ਨੇ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਕਿ 2 ਦਸੰਬਰ ਦਾ ਹੁਕਮਨਾਮਾ ਇੰਨ-ਬਿੰਨ ਲਾਗੂ ਕੀਤਾ ਜਾਵੇਗਾ ਅਤੇ ਸੱਤ ਮੈਂਬਰੀ ਕਮੇਟੀ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਉਹ ਹਰਜਿੰਦਰ ਸਿੰਘ ਧਾਮੀ ਨੂੰ ਵੀ ਆਪਣੀ ਬਣਦੀ ਨੈਤਿਕ ਜ਼ਿੰਮੇਵਾਰੀ ਨਿਭਾਉਣ ਦੀ ਅਪੀਲ ਕਰ ਚੁੱਕੇ ਹਨ।

ਇਸੇ ਦੌਰਾਨ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗਿਆਨੀ ਹਰਪ੍ਰੀਤ ਸਿੰਘ ਨੂੰ ਸੇਵਾ ਮੁਕਤ ਕਰਨ ਦਾ ਫੈਸਲਾ ਇੱਕ ਮੀਟਿੰਗ ਵਿੱਚ ਰੱਦ ਕਰ ਦਿੱਤਾ ਹੈ। ਉਧਰ ਸਰਨਾ ਭਰਾਵਾਂ ਨੇ ਦਿੱਲੀ ਕਮੇਟੀ ਦੇ ਇੱਕ ਸੰਮੇਲਨ ਵਿੱਚ ਗਿਆਨੀ ਹਰਪ੍ਰੀਤ ਸਿੰਘ ਦੀ ਸ਼ਮੂਲੀਅਤ ਨੂੰ ਸ਼੍ਰੋਮਣੀ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅਤੇ ਅਕਾਲ ਤਖਤ ਸਾਹਿਬ ਨੂੰ ਨੁਕਸਾਨ ਪਹੁੰਚਾਉਣ ਵਾਲੀ ਕਰਾਰ ਦਿੱਤਾ ਹੈ। ਸਿੱਖ ਸਿਆਸਤ ਦੇ ਦੂਸਰੇ ਕੋਨੇ 'ਤੇ ਹੋਈ ਹਲਚਲ ਵਿੱਚ ਕੇਂਦਰ ਸਰਕਾਰ ਨੇ ਹਾਈਕੋਰਟ ਦੇ ਹੁਕਮਾਂ 'ਤੇ ਅੰਮ੍ਰਿਤਪਾਲ ਸਿੰਘ ਦੀ ਪਾਰਲੀਮੈਂਟ ਵਿੱਚ ਸ਼ਮੂਲੀਅਤ ਲਈ ਪੰਦਰਾਂ ਮੈਂਬਰੀ ਕਮੇਟੀ ਬਣਾ ਦਿੱਤੀ ਹੈ। ਬਿਕਰਮ ਸਿੰਘ ਮਜੀਠੀਆ ਅਤੇ ਦਲਜੀਤ ਸਿੰਘ ਚੀਮਾ ਸਮੇਤ ਸੀਨੀਅਰ ਅਕਾਲੀ ਆਗੂਆਂ ਨੇ ਭਾਈ ਹਰਜਿੰਦਰ ਸਿੰਘ ਧਾਮੀ ਨੂੰ ਮਿਲ ਕੇ ਅਸਤੀਫਾ ਵਾਪਸ ਲੈਣ ਦੀ ਅਪੀਲ ਕੀਤੀ, ਪਰ ਉਹ ਟੱਸ ਤੋਂ ਮੱਸ ਨਹੀਂ ਹੋਏ। ਇਸ ਤਰ੍ਹਾਂ ਕੁੱਲ ਮਿਲਾ ਕੇ ਅਕਾਲੀ ਸਿਆਸਤ ਵਿੱਚ ਕੋਈ ਸਪਸ਼ਟ ਨਿਤਾਰਾ ਹੁੰਦਾ ਵਿਖਾਈ ਨਹੀਂ ਦੇ ਰਿਹਾ।



■ ਡਾ. ਸਰਦਾਰਾ ਸਿੰਘ ਜੌਹਲ (ਐਨ ਵਿਚਕਾਰ) ਨੂੰ ਉਨ੍ਹਾਂ ਦੇ 98ਵੇਂ ਜਨਮ ਦਿਨ ਮੌਕੇ ਸੁਭ ਕਾਮਨਾਵਾਂ ਭੇਟ ਕਰਨ ਪਹੁੰਚੇ (ਖੱਬਿਓਂ) ਕਾਂਗਰਸੀ ਆਗੂ ਗੁਰਦੇਵ ਸਿੰਘ ਲਾਪਰਾ, ਪੀ.ਏ.ਯੂ. ਦੇ ਡਿਪਟੀ ਡਾਇਰੈਕਟਰ ਬਲਵਿੰਦਰ ਸਿੰਘ ਬੁਟਾਨੀ, ਸ਼ਿਕਾਗੋ ਤੋਂ ਬਿਜਨਸਮੈਨ ਪਰਮਿੰਦਰ ਸਿੰਘ ਵਾਲੀਆ ਅਤੇ ਭਾਜਪਾ ਆਗੂ ਅਮਰਜੀਤ ਸਿੰਘ ਟਿੱਕਾ।


**Prepare for Tomorrow Now With Comprehensive Retirement Planning**

■Annuities ■Life Insurance ■Long-Term Care
■Medicare Planning ■Disability Income



**Call Gurpreet Singh**
*Retirement and Insurance Advisor*
**Cell: 630-677-6144**
**Email: Preetisingh@ffig.com**

FUTURITY FIRST
Retirement | Life | Health

**Futurity First Insurance Group**





**Atlantis Banquets**

Under New Management With New Glance of Experience.

1273 North Rand Road, Arlington Heights, IL 60004

**Ph: 847-259-0013**
**Cell: 773-225-4123 / 847-708-4997**
atlantisbanquetsrr@gmil.com atlantisbanquet.com



*Features*
Luxurious Decor and Ambience
Customize Catering Menu
Spacious Dance Floor
Bridal Suite

Celebrate Your Dream Wedding With Us Elegance and Sophistication at Atlantis Banquets.

√ Wedding √ Bitrthdays √ Aameen
√ Mehandi √ Sweet 16 √ Aqeeqa
√ Sangeet √ Graduation √ Corporate
√ Anniversary √ Baby Shower

'ਅਟਲਾਂਟਿਸ ਬੈਂਕੁਇਟਸ' ਵਿੱਚ ਆਪਣੇ ਸੁਪਨਿਆਂ ਦੇ ਵਿਆਹ ਦੇ ਜਸ਼ਨ ਮਨਾਓ

## ਵਾਹਗਿਓਂ ਪਾਰ ਦੀ ਗੱਲ

**ਜ਼ਾਹਿਦ ਹੁਸੈਨ**

# ਪਾਕਿਸਤਾਨੀ ਡਾਇਸਪੋਰਾ ਨੂੰ ਲੋਕਤੰਤਰ ਦੀ ਬਹਾਲੀ ਲਈ ਟਰੰਪ ਪ੍ਰਸ਼ਾਸਨ ਤੋਂ ਝਾਕ

ਡੋਨਾਲਡ ਟਰੰਪ ਦੀ ਬਹੁਤ ਉਮੀਦ ਕੀਤੀ ਗਈ 'ਕਾਲ' ਅਜੇ ਆਉਣੀ ਬਾਕੀ ਹੈ। ਅਸਲ ਵਿੱਚ ਇਹ ਕਦੇ ਨਹੀਂ ਆ ਸਕਦੀ; ਹਾਲਾਂਕਿ 'ਪਾਕਿਸਤਾਨ ਤਹਿਰੀਕ-ਏ-ਇਨਸਾਫ' (ਪੀ.ਟੀ.ਆਈ.) ਨੇ ਇਮਰਾਨ ਖਾਨ ਨੂੰ ਰਿਹਾਅ ਕਰਨ ਲਈ ਪਾਕਿਸਤਾਨ 'ਤੇ ਦਬਾਅ ਬਣਾਉਣ ਲਈ ਅਮਰੀਕੀ ਸੰਸਦ ਮੈਂਬਰਾਂ ਤੋਂ ਸਮਰਥਨ ਮਿਲਣ ਦੀ ਉਮੀਦ ਨਹੀਂ ਛੱਡੀ ਹੈ। ਹਾਲ ਹੀ ਦੇ ਹਫ਼ਤਿਆਂ ਵਿੱਚ ਕੁਝ ਪਾਕਿਸਤਾਨੀ-ਅਮਰੀਕੀ ਸਮੂਹਾਂ ਨੇ ਕਾਂਗਰਸ ਦੇ ਮੈਂਬਰਾਂ ਅਤੇ ਸੈਨੇਟਰਾਂ ਨਾਲ ਆਪਣੀ ਸ਼ਮੂਲੀਅਤ ਵਧਾ ਦਿੱਤੀ ਹੈ, ਉਨ੍ਹਾਂ ਨੂੰ ਪਾਕਿਸਤਾਨ ਵਿੱਚ ਲੋਕਤੰਤਰ ਅਤੇ ਮਨੁੱਖੀ ਅਧਿਕਾਰਾਂ 'ਤੇ ਸਖ਼ਤ ਰੁਖ ਅਪਣਾਉਣ ਦੀ ਅਪੀਲ ਕੀਤੀ ਹੈ।

ਅਮਰੀਕਾ ਦੇ ਦੌਰੇ ਦੌਰਾਨ ਸਾਬਕਾ ਰਾਸ਼ਟਰਪਤੀ ਆਰਿਫ ਅਲਵੀ ਨੂੰ ਵੀ ਕੈਪੀਟਲ ਹਿੱਲ 'ਤੇ ਮੀਟਿੰਗਾਂ ਕਰਦੇ ਹੋਏ ਇਸ ਮੁਹਿੰਮ 'ਚ ਸ਼ਾਮਲ ਹੋਣ ਦੀ ਗੱਲ ਕਹੀ ਗਈ। ਉਸ ਨੇ ਕਥਿਤ ਤੌਰ 'ਤੇ ਇੱਕ ਦਰਜਨ ਤੋਂ ਵੱਧ ਸੰਸਦ ਮੈਂਬਰਾਂ ਨੂੰ ਪਾਕਿਸਤਾਨ ਦੀ ਸਿਆਸੀ ਸਥਿਤੀ ਬਾਰੇ ਜਾਣਕਾਰੀ ਦਿੱਤੀ। ਇਹ ਕੋਸ਼ਿਸ਼ਾਂ ਕਾਂਗਰਸ ਦੇ ਕੁਝ ਮੈਂਬਰਾਂ ਵੱਲੋਂ ਪਾਕਿਸਤਾਨੀ ਸਰਕਾਰ ਨੂੰ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ ਰਿਹਾਅ ਕਰਨ ਦੀ ਮੰਗ ਕਰਨ ਵਾਲੇ ਬਿਆਨ ਲੈਣ ਵਿੱਚ ਕਾਮਯਾਬ ਹੋਈਆਂ ਜਾਪਦੀਆਂ ਹਨ।

ਪਿਛਲੇ ਦਿਨੀਂ ਕਾਂਗਰਸਮੈਨ ਜੋ ਵਿਲਸਨ, ਜੋ ਕਿ ਪੀ.ਟੀ.ਆਈ. ਦੇ ਜੇਲ੍ਹ ਵਿੱਚ ਬੰਦ ਨੇਤਾ ਇਮਰਾਨ ਖਾਨ ਦੀ ਰਿਹਾਈ ਦੀ ਮੰਗ ਕਰਨ ਵਾਲੀਆਂ ਸਭ ਤੋਂ ਮਜ਼ਬੂਤ ਆਵਾਜ਼ਾਂ ਵਿੱਚੋਂ ਇੱਕ ਹੈ, ਨੇ ਇਸ ਸਬੰਧ ਵਿੱਚ ਰਾਜ ਦੇ ਸਕੱਤਰ ਨਾਲ ਮੁਲਾਕਾਤ ਕੀਤੀ; ਪਰ ਟਰੰਪ ਪ੍ਰਸ਼ਾਸਨ ਵੱਲੋਂ ਪਾਕਿਸਤਾਨ ਸਰਕਾਰ ਕੋਲ ਇਹ ਮੁੱਦਾ ਉਠਾਉਣ ਦੇ ਅਜੇ ਤੱਕ ਕੋਈ ਸੰਕੇਤ ਨਹੀਂ ਮਿਲੇ ਹਨ। ਮਨੁੱਖੀ ਅਧਿਕਾਰ ਅਤੇ ਲੋਕਤੰਤਰ ਨਿਸ਼ਚਿਤ ਤੌਰ 'ਤੇ ਰਾਸ਼ਟਰਪਤੀ ਟਰੰਪ ਦੇ ਲੈਣ-ਦੇਣ ਸੰਬੰਧੀ ਵਿਦੇਸ਼ ਨੀਤੀ ਦੇ ਏਜੰਡੇ ਲਈ ਤਰਜੀਹ ਨਹੀਂ ਹਨ। ਸ਼ਾਇਦ ਪੀ.ਟੀ.ਆਈ. ਨੇ ਟਰੰਪ ਦੀਆਂ ਇਮਰਾਨ ਖਾਨ ਨੂੰ ਪਸੰਦ ਕਰਨ ਦੀਆਂ ਰਿਪੋਰਟਾਂ ਵਿੱਚ ਬਹੁਤ ਜ਼ਿਆਦਾ ਪੜ੍ਹਿਆ ਹੈ।

ਫਿਰ ਵੀ, ਕੁਝ ਅਮਰੀਕੀ ਸੰਸਦ ਮੈਂਬਰਾਂ ਦੇ ਬਿਆਨਾਂ ਨੇ ਪਾਕਿਸਤਾਨੀ ਸਰਕਾਰ ਨੂੰ ਚੱਕਰਾਂ ਵਿੱਚ ਪਾ ਦਿੱਤਾ ਹੈ। ਪਿਛਲੇ ਮਹੀਨੇ ਗ੍ਰਹਿ ਮੰਤਰੀ, ਪੀ.ਟੀ.ਆਈ. ਦੀਆਂ ਕੋਸ਼ਿਸ਼ਾਂ ਦਾ ਮੁਕਾਬਲਾ ਕਰਨ ਲਈ ਵਾਸ਼ਿੰਗਟਨ ਪੁੱਜੇ ਸਨ। ਉਸ ਨੇ ਕਥਿਤ ਤੌਰ 'ਤੇ ਕੁਝ ਅਮਰੀਕੀ ਸੰਸਦ ਮੈਂਬਰਾਂ ਨੂੰ ਆਪਣੀ ਸਰਕਾਰ ਦੇ ਨੀਤੀ ਏਜੰਡੇ ਬਾਰੇ ਜਾਣੂ ਕਰਵਾਇਆ। ਇਸ ਦੌਰਾਨ ਵਾਸ਼ਿੰਗਟਨ 'ਚ ਪਾਕਿਸਤਾਨ ਦੇ ਰਾਜਦੂਤ ਵੀ ਕੈਪੀਟਲ ਹਿੱਲ 'ਤੇ ਮੀਟਿੰਗਾਂ ਕਰਦੇ ਰਹੇ।

ਕਈ ਪ੍ਰਭਾਵਸ਼ਾਲੀ ਪਾਕਿਸਤਾਨੀ ਅਮਰੀਕੀ ਹੁਣ ਇਮਰਾਨ ਖਾਨ ਦੀ ਰਿਹਾਈ ਲਈ ਸਰਗਰਮੀ ਨਾਲ ਲਾਬਿੰਗ ਕਰ ਰਹੇ ਹਨ। ਬਦਕਿਸਮਤੀ ਨਾਲ ਪਾਕਿਸਤਾਨ ਵਿੱਚ ਰਾਜਨੀਤਿਕ ਲੜਾਈ ਹੁਣ ਅਮਰੀਕਾ ਵਿੱਚ ਫੈਲ ਰਹੀ ਹੈ, ਪਾਕਿਸਤਾਨੀ ਡਾਇਸਪੋਰਾ ਆਪਣੇ ਮੂਲ ਦੇਸ਼ ਵਿੱਚ ਲੋਕਤੰਤਰ ਦੀ ਬਹਾਲੀ ਲਈ ਵਾਸ਼ਿੰਗਟਨ ਦਾ ਸਮਰਥਨ ਪ੍ਰਾਪਤ ਕਰਨ ਵਿੱਚ ਇੱਕ ਸਰਗਰਮ ਭੂਮਿਕਾ ਨਿਭਾਅ ਰਿਹਾ ਹੈ। ਅਮਰੀਕੀ ਰਾਸ਼ਟਰਪਤੀ ਵਜੋਂ ਡੋਨਾਲਡ ਟਰੰਪ ਦੀ ਵਾਪਸੀ ਤੋਂ ਬਾਅਦ ਉਨ੍ਹਾਂ ਦੀਆਂ ਕੋਸ਼ਿਸ਼ਾਂ ਵਿੱਚ ਇੱਕ ਖਾਸ ਵਾਧਾ ਹੋਇਆ ਹੈ।

ਇਮਰਾਨ ਖਾਨ ਦੀ ਸਰਕਾਰ ਨੂੰ ਬੇਦਖਲ ਕਰਨ ਵਿੱਚ ਜੋਅ ਬਾਇਡਨ ਦੇ ਪ੍ਰਸ਼ਾਸਨ ਦੀ ਭੂਮਿਕਾ ਬਾਰੇ ਪੀ.ਟੀ.ਆਈ. ਦੇ ਦੋਸ਼ਾਂ ਦੇ ਮੱਦੇਨਜ਼ਰ ਉਨ੍ਹਾਂ ਵਿੱਚੋਂ ਕਈਆਂ ਨੇ ਰਾਸ਼ਟਰਪਤੀ ਚੋਣ ਵਿੱਚ ਟਰੰਪ ਦਾ ਸਮਰਥਨ ਕੀਤਾ ਸੀ ਕਿ ਉਹ ਉਨ੍ਹਾਂ ਦੇ ਕਾਰਨਾਂ ਪ੍ਰਤੀ ਵਧੇਰੇ ਹਮਦਰਦੀ ਰੱਖਣਗੇ। ਉਸ ਸਮੇਂ ਵਾਸ਼ਿੰਗਟਨ ਵਿੱਚ ਪਾਕਿਸਤਾਨ ਦੇ ਰਾਜਦੂਤ ਦੇ ਅਖੌਤੀ ਸਿਫਰ, ਜਿਸ ਵਿੱਚ ਵਿਦੇਸ਼ ਵਿਭਾਗ ਦੇ ਇੱਕ ਸੀਨੀਅਰ ਅਧਿਕਾਰੀ, ਡੋਨਾਲਡ ਲੂ ਨਾਲ ਉਸਦੀ ਗੱਲਬਾਤ ਦਾ ਵੇਰਵਾ ਦਿੱਤਾ ਗਿਆ ਸੀ, ਨੂੰ ਇਮਰਾਨ ਖਾਨ ਦੁਆਰਾ ਜਨਤਕ ਸਮਰਥਨ ਪ੍ਰਾਪਤ ਕਰਨ ਲਈ ਵਰਤਿਆ ਗਿਆ ਸੀ। ਉਸਨੇ ਬਾਇਡਨ ਪ੍ਰਸ਼ਾਸਨ 'ਤੇ ਸ਼ਾਸਨ ਤਬਦੀਲੀ ਦੀ ਯੋਜਨਾ ਬਣਾਉਣ ਦਾ ਦੋਸ਼ ਲਗਾਇਆ। "ਹਮ ਕੋਈ ਗੁਲਾਮ ਹੈਂ?" (ਕੀ ਅਸੀਂ ਗੁਲਾਮ ਹਾਂ?), ਉਸਨੇ ਕਿਹਾ ਸੀ।



ਕਾਂਗਰਸਮੈਨ ਜੋ ਵਿਲਸਨ

ਅਜਿਹੇ ਚਰਚਿਤ ਨਾਅਰਿਆਂ ਨੇ ਅਮਰੀਕਾ-ਵਿਰੋਧੀ ਭਾਵਨਾਵਾਂ ਨੂੰ ਭੜਕਾਉਣ ਦਾ ਕੰਮ ਕੀਤਾ ਅਤੇ ਇਮਰਾਨ ਖਾਨ ਦੇ ਸਮਰਥਨ ਵਿੱਚ ਵਾਧਾ ਕੀਤਾ। ਇਸਨੇ ਵਿਦੇਸ਼ੀ ਦਖਲਅੰਦਾਜ਼ੀ ਦਾ ਵਿਰੋਧ ਕਰਨ ਵਾਲੇ ਰਾਸ਼ਟਰਵਾਦੀ ਨੇਤਾ ਦੇ ਰੂਪ ਵਿੱਚ ਉਸਦੀ ਛਵੀ ਨੂੰ ਪੇਸ਼ ਕਰਨ ਵਿੱਚ ਮਦਦ ਕੀਤੀ। ਅਵਿਸ਼ਵਾਸ ਦੇ ਵੋਟ ਰਾਹੀਂ ਪੀ.ਟੀ.ਆਈ. ਸਰਕਾਰ ਨੂੰ ਬੇਦਖਲ ਕਰਨ ਨੂੰ ਉਸਦੇ ਸਮਰਥਕਾਂ ਵੱਲੋਂ ਬਾਇਡਨ ਪ੍ਰਸ਼ਾਸਨ ਦੁਆਰਾ ਯੋਜਨਾਬੱਧ ਸਾਜ਼ਿਸ਼ ਦੇ ਹਿੱਸੇ ਵਜੋਂ ਅਤੇ ਪਾਕਿਸਤਾਨੀ ਸੁਰੱਖਿਆ ਸਥਾਪਨਾ ਦੁਆਰਾ ਸਮਰਥਨ ਪ੍ਰਾਪਤ ਮੰਨਿਆ ਗਿਆ ਸੀ।

ਇਮਰਾਨ ਖਾਨ ਲੰਬੇ ਸਮੇਂ ਤੋਂ ਅਮਰੀਕਾ ਵਿੱਚ ਪਾਕਿਸਤਾਨੀ ਪਰਵਾਸੀਆਂ ਵਿੱਚ ਵਿਆਪਕ ਤੌਰ 'ਤੇ ਪ੍ਰਸਿੱਧ ਰਹੇ ਹਨ- ਨਾ ਸਿਰਫ ਇੱਕ ਸਾਬਕਾ ਕ੍ਰਿਕਟ ਕਪਤਾਨ ਦੇ ਤੌਰ 'ਤੇ, ਜਿਸ ਨੇ ਪਾਕਿਸਤਾਨ ਨੂੰ ਵਿਸ਼ਵ ਚੈਂਪੀਅਨਸ਼ਿਪ ਜਿੱਤੀ ਸੀ, ਬਲਕਿ ਉਸਦੇ ਪਰਉਪਕਾਰੀ ਕੰਮਾਂ ਕਰਕੇ ਵੀ। ਇਹ ਪ੍ਰਸਿੱਧੀ ਰਾਜਨੀਤੀ ਵਿੱਚ ਉਸਦੇ ਪ੍ਰਵੇਸ਼ ਨਾਲ ਵਧੀ, ਖਾਸ ਤੌਰ 'ਤੇ ਦੂਜੀਆਂ ਮੁੱਖ ਧਾਰਾ ਦੀਆਂ ਪਾਰਟੀਆਂ, ਜੋ ਕਈ ਦਹਾਕਿਆਂ ਤੋਂ ਸੱਤਾ ਵਿੱਚ ਬਦਲੀਆਂ ਹੋਈਆਂ ਸਨ, ਦੇ ਵਿਆਪਕ ਅਵਿਸ਼ਵਾਸ ਕਾਰਨ। ਪਾਕਿਸਤਾਨੀ ਡਾਇਸਪੋਰਾ ਦੇ ਇੱਕ ਹਿੱਸੇ ਵੱਲੋਂ ਅਤੀਤ ਵਿੱਚ ਫੌਜੀ ਸ਼ਾਸਨ ਦਾ ਸਮਰਥਨ ਕਰਨਾ ਵੀ ਇੱਕ ਕਾਰਨ ਹੋ ਸਕਦਾ ਹੈ।

ਪਰ ਖਾਨ ਅਤੇ ਹੋਰ ਪੀ.ਟੀ.ਆਈ. ਕਾਰਕੁਨਾਂ ਦੀ ਗ੍ਰਿਫਤਾਰੀ ਤੋਂ ਬਾਅਦ ਸੁਰੱਖਿਆ ਸਥਾਪਨਾ ਲਈ ਉਹ ਰਵਾਇਤੀ ਸਮਰਥਨ ਖਤਮ ਹੋ ਗਿਆ ਹੈ। 8 ਫਰਵਰੀ 2024 ਦੀਆਂ ਚੋਣਾਂ ਵਿੱਚ ਪੀ.ਟੀ.ਆਈ. ਦੀ ਥਾਂ ਪੀ.ਐਮ.ਐਲ.-ਐਨ. ਤੇ ਪੀ.ਪੀ.ਪੀ. ਦੇ ਮੁੜ ਸੱਤਾ ਵਿੱਚ ਆ ਜਾਣ ਨੇ ਪਰਵਾਸੀ ਲੋਕਾਂ ਨੂੰ ਹੋਰ ਦੂਰ ਕਰ ਦਿੱਤਾ। ਉੱਚ-ਸਿੱਖਿਅਤ ਪੇਸ਼ੇਵਰਾਂ ਅਤੇ ਪਾਕਿਸਤਾਨੀ ਪਰਵਾਸੀ ਆਬਾਦੀ ਦੀ ਨੌਜਵਾਨ ਪੀੜ੍ਹੀ ਵਿੱਚ ਵਧ ਰਹੀ ਸਥਾਪਤੀ ਵਿਰੋਧੀ ਭਾਵਨਾਵਾਂ ਬਹੁਤ ਜ਼ਿਆਦਾ ਸਪੱਸ਼ਟ ਹਨ।

ਇਹ ਤਬਦੀਲੀ ਉਦੋਂ ਸਪੱਸ਼ਟ ਸੀ, ਜਦੋਂ ਮੈਂ ਪਿਛਲੀਆਂ ਗਰਮੀਆਂ ਵਿੱਚ ਅਮਰੀਕਾ ਅਤੇ ਕੈਨੇਡਾ ਦੇ ਦੌਰੇ ਦੌਰਾਨ ਪਾਕਿਸਤਾਨੀਆਂ ਨਾਲ ਗੱਲ ਕੀਤੀ ਸੀ। ਉਨ੍ਹਾਂ ਦਾ ਰਾਜ ਪ੍ਰਤੀ ਅਵਿਸ਼ਵਾਸ ਬੇਮਿਸਾਲ ਹੈ, ਜਿਸ ਕਰਕੇ ਸ਼ਾਇਦ ਉਨ੍ਹਾਂ ਵਿੱਚੋਂ ਬਹੁਤ ਸਾਰੇ ਪਾਕਿਸਤਾਨ ਵਿੱਚ ਇਮਰਾਨ ਖਾਨ ਦੀ ਰਿਹਾਈ ਅਤੇ ਜਮਹੂਰੀ ਅਧਿਕਾਰਾਂ ਦੀ ਬਹਾਲੀ ਦੀ ਮੁਹਿੰਮ ਦਾ ਸਰਗਰਮ ਸਮਰਥਨ ਕਰ ਰਹੇ ਹਨ; ਤੇ ਇਸਦੇ ਲਈ ਉਹ ਵਾਸ਼ਿੰਗਟਨ ਦੀ ਹਮਾਇਤ ਦੀ ਮੰਗ ਕਰਨ ਦੀ ਹੱਦ ਤੱਕ ਜਾਣ ਲਈ ਵੀ ਤਿਆਰ ਹਨ; ਹਾਲਾਂਕਿ ਇਮਰਾਨ ਖਾਨ ਨੇ ਪਹਿਲਾਂ ਆਪਣੇ ਵਿਰੋਧੀਆਂ 'ਤੇ ਬਿਲਕੁਲ ਅਜਿਹਾ ਦੋਸ਼ ਲਗਾਇਆ ਸੀ।

ਬਹੁਤ ਸਾਰੇ ਪ੍ਰਭਾਵਸ਼ਾਲੀ ਪਾਕਿਸਤਾਨੀ ਅਮਰੀਕੀ ਹਨ, ਜੋ ਹੁਣ ਇਮਰਾਨ ਖਾਨ ਦੀ ਰਿਹਾਈ ਲਈ ਸਰਗਰਮੀ ਨਾਲ ਲਾਬਿੰਗ ਕਰ ਰਹੇ ਹਨ। ਉਨ੍ਹਾਂ ਵਿੱਚੋਂ ਜ਼ਿਆਦਾਤਰ ਪਾਕਿਸਤਾਨੀ-ਅਮਰੀਕਨਾਂ ਦੀ ਸਿਆਸੀ ਐਕਸ਼ਨ ਕਮੇਟੀ ਨਾਲ ਜੁੜੇ ਹੋਏ ਹਨ, ਜੋ ਪਾਕਿਸਤਾਨ ਵਿੱਚ ਮਨੁੱਖੀ ਅਧਿਕਾਰਾਂ ਦੀ ਵਿਗੜ ਰਹੀ ਸਥਿਤੀ ਅਤੇ ਵਿਰੋਧੀ ਮੈਂਬਰਾਂ 'ਤੇ ਸ਼ਿਕੰਜਾ ਕੱਸਣ ਬਾਰੇ ਆਪਣੀਆਂ ਚਿੰਤਾਵਾਂ ਨੂੰ ਦੂਰ ਕਰਨ ਲਈ ਕਾਂਗਰਸ ਤੇ ਸੈਨੇਟ ਦੇ ਮੈਂਬਰਾਂ ਨਾਲ ਜੁੜੀ ਹੋਈ ਹੈ।

ਪਿਛਲੇ ਕੁਝ ਸਾਲਾਂ ਤੋਂ ਆਪਣੇ ਆਪ ਨੂੰ ਨਿਰਪੱਖ ਕਹਾਉਣ ਵਾਲਾ ਇਹ ਸਮੂਹ, ਪਾਕਿਸਤਾਨੀ ਡਾਇਸਪੋਰਾ ਦੀ ਨੁਮਾਇੰਦਗੀ ਕਰਨ ਵਾਲੀ ਪ੍ਰਭਾਵਸ਼ਾਲੀ ਸੰਸਥਾ ਵਜੋਂ ਉਭਰਿਆ ਹੈ। ਇਸ ਨੇ ਹਾਲ ਹੀ ਦੇ ਹਫ਼ਤਿਆਂ ਵਿੱਚ ਕੈਪੀਟਲ ਹਿੱਲ 'ਤੇ ਕਈ ਮੀਟਿੰਗਾਂ ਦਾ ਆਯੋਜਨ ਕੀਤਾ ਹੈ ਅਤੇ ਇਮਰਾਨ ਖਾਨ ਦੀ ਰਿਹਾਈ ਦੀ ਮੰਗ ਕਰਨ ਵਾਲੇ ਕੁਝ ਕਾਂਗਰਸੀ ਮੈਂਬਰਾਂ ਦੇ ਬਿਆਨ ਪ੍ਰਾਪਤ ਕਰਨ ਵਿੱਚ ਸਫਲਤਾ ਪ੍ਰਾਪਤ ਕੀਤੀ ਹੈ। ਇਹ ਪਾਕਿਸਤਾਨ ਦੀ ਨਾਜ਼ੁਕ ਆਰਥਿਕ ਸਥਿਤੀ ਅਤੇ ਦੇਸ਼ ਨੂੰ ਦਰਪੇਸ਼ ਹੋਰ ਚੁਣੌਤੀਆਂ ਨਾਲ ਜੁੜੇ ਮੁੱਦਿਆਂ ਨੂੰ ਵੀ ਉਜਾਗਰ ਕਰਦਾ ਰਿਹਾ ਹੈ।

ਪਾਕਿਸਤਾਨੀ ਪਰਵਾਸੀਆਂ ਦੁਆਰਾ ਪਾਕਿਸਤਾਨ ਵਿੱਚ ਫੈਲੀ ਤਾਨਾਸ਼ਾਹੀ ਦੇ ਵਿਰੁੱਧ ਅਜਿਹੀ ਸਖ਼ਤ ਲਾਬਿੰਗ ਪਹਿਲਾਂ ਕਦੇ ਨਹੀਂ ਵੇਖੀ ਗਈ ਸੀ, ਪਰ ਅਜੇ ਤੱਕ ਟਰੰਪ ਪ੍ਰਸ਼ਾਸਨ ਇਸ ਸਬੰਧੀ ਕੋਈ ਬਿਆਨ ਨਹੀਂ ਦੇ ਸਕਿਆ ਹੈ। ਇਹ ਸ਼ਾਇਦ ਨਾ ਆਵੇ, ਕਿਉਂਕਿ ਕੁਝ ਵਿਸ਼ਲੇਸ਼ਕ ਦੱਸਦੇ ਹਨ ਕਿ ਇਸਲਾਮਾਬਾਦ ਪ੍ਰਤੀ ਵਾਸ਼ਿੰਗਟਨ ਦੀ ਨੀਤੀ ਉਸਦੀ ਆਪਣੀ ਰਾਸ਼ਟਰੀ ਸੁਰੱਖਿਆ ਅਤੇ ਵਿਦੇਸ਼ ਨੀਤੀ ਦੀਆਂ ਤਰਜੀਹਾਂ ਦੁਆਰਾ ਨਿਰਧਾਰਤ ਕੀਤੀ ਜਾਵੇਗੀ, ਨਾ ਕਿ ਲੋਕਤੰਤਰ ਅਤੇ ਮਨੁੱਖੀ ਅਧਿਕਾਰਾਂ ਲਈ ਚਿੰਤਾਵਾਂ ਦੇ ਸੰਦਰਭ ਵਿੱਚ।

ਦੇਸ਼ ਦੇ ਅੰਦਰੂਨੀ ਸਿਆਸੀ ਮਾਮਲਿਆਂ ਵਿੱਚ ਬਾਹਰੀ ਦਖਲਅੰਦਾਜ਼ੀ ਦੀ ਮੰਗ ਪਾਕਿਸਤਾਨ ਦੇ ਹਿੱਤਾਂ ਦੀ ਪੂਰਤੀ ਨਹੀਂ ਕਰੇਗੀ। ਅਮਰੀਕਾ ਪਾਕਿਸਤਾਨ ਦੇ ਅੰਦਰੂਨੀ ਰਾਜਨੀਤਿਕ ਮਾਮਲਿਆਂ ਵਿੱਚ ਡੂੰਘਾਈ ਨਾਲ ਉਲਝਿਆ ਹੋਇਆ ਸੀ, ਜ਼ਿਆਦਾਤਰ ਤਾਨਾਸ਼ਾਹੀ ਸ਼ਾਸਨ ਨੂੰ ਸਮਰਥਨ ਦਿੰਦਾ ਸੀ। ਪਾਕਿਸਤਾਨ ਨੂੰ ਲੋਕਤੰਤਰ ਲਈ ਆਪਣੀ ਲੜਾਈ ਆਪ ਲੜਨੀ ਪਵੇਗੀ, ਪਰ ਚੋਰੀ ਹੋਏ ਚੋਣਾਵੀ ਫਤਵੇ ਅਤੇ ਮੌਲਿਕ ਅਧਿਕਾਰਾਂ ਦੀ ਹੜੱਪਣ ਨੇ ਪਾਕਿਸਤਾਨੀ ਪਰਵਾਸੀਆਂ ਨੂੰ ਸਿਖਰ 'ਤੇ ਜਾਣ ਲਈ ਧੱਕ ਦਿੱਤਾ ਜਾਪਦਾ ਹੈ। ਯਕੀਨੀ ਤੌਰ 'ਤੇ ਬਾਹਰੀ ਸ਼ਮੂਲੀਅਤ ਦੀ ਮੰਗ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ, ਪਰ ਅਜਿਹੀ ਸਥਿਤੀ ਪੈਦਾ ਕਰਨ ਲਈ ਮੌਜੂਦਾ ਸਥਾਪਤੀ ਦੀ ਹਮਾਇਤ ਪ੍ਰਾਪਤ ਸਰਕਾਰ ਦਾ ਵੀ ਕਸੂਰ ਹੈ, ਜਿੱਥੇ ਲੋਕਾਂ ਦਾ ਸਿਸਟਮ ਤੋਂ ਵਿਸ਼ਵਾਸ ਪੂਰੀ ਤਰ੍ਹਾਂ ਖਤਮ ਹੋ ਗਿਆ ਹੈ। ਤਾਨਾਸ਼ਾਹੀ ਦੇ ਵਧਦੇ ਪਰਛਾਵੇਂ ਕਾਰਨ ਪਹਿਲਾਂ ਹੀ ਦੇਸ਼ ਨੂੰ ਆਪਣੀ ਪ੍ਰਭੂਸੱਤਾ ਦੀ ਕੀਮਤ ਚੁਕਾਉਣੀ ਪਈ ਹੈ।

## ਸਿਆਸਤਦਾਨਾਂ ਦੇ ਖੋਖਲੇ ਸ਼ਬਦ

ਸਿਆਸਤਦਾਨਾਂ ਲਈ ਆਪਣੀ ਜਨਤਕ ਸਥਿਤੀ ਨੂੰ ਵਧਾਉਣ ਲਈ ਹਾਈਪਰਬੋਲ ਦੀ ਵਰਤੋਂ ਕਰਨ ਲਈ ਇਹ ਅਸਧਾਰਨ ਨਹੀਂ ਹੈ। ਦਰਅਸਲ, ਪਾਕਿਸਤਾਨੀ ਸਿਆਸਤਦਾਨ ਇਸ ਕਲਾ ਵਿੱਚ ਮੁਹਾਰਤ ਹਾਸਲ ਕਰਦੇ ਨਜ਼ਰ ਆਉਂਦੇ ਹਨ, ਪਰ ਮੌਜੂਦਾ ਹਾਕਮਾਂ ਨੂੰ ਇਸ ਗੱਲ ਦਾ ਅਹਿਸਾਸ ਨਹੀਂ ਹੈ ਕਿ ਉਨ੍ਹਾਂ ਦੇ ਬੋਲ ਤੇਜ਼ੀ ਨਾਲ ਆਪਣੀ ਚਮਕ ਗੁਆ ਰਹੇ ਹਨ, ਕਿਉਂਕਿ ਉਹ ਇੱਕੋ ਗੱਲ ਨੂੰ ਅਣਗਿਣਤ ਵਾਰ ਦੁਹਰਾਉਂਦੇ ਹਨ। ਮਿਸਾਲ ਵਜੋਂ, ਪਹਿਲਾਂ ਉਨ੍ਹਾਂ ਨੇ ਲਗਾਤਾਰ ਨਾਗਰਿਕਾਂ ਨੂੰ ਭਰੋਸਾ ਦਿਵਾਉਣ ਦੀ ਕੋਸ਼ਿਸ਼ ਕੀਤੀ ਕਿ ਕੁਝ 'ਦੋਸਤਾਨਾ' ਖਾੜੀ ਦੇਸ਼ਾਂ ਨੇ ਪੰਜ ਸਾਲਾਂ ਦੇ ਅੰਦਰ ਦੇਸ਼ ਵਿੱਚ $100 ਬਿਲੀਅਨ ਨਿਵੇਸ਼ ਕਰਨ ਦੀ ਯੋਜਨਾ ਬਣਾਈ ਹੈ। ਉਨ੍ਹਾਂ ਨੇ ਦਾਅਵਾ ਕੀਤਾ ਕਿ ਇਹ ਦੇਸ਼ ਦੀ ਆਰਥਿਕ ਸਥਿਤੀ ਨੂੰ ਬਦਲ ਦੇਵੇਗਾ। ਇਹ ਗਿਣਤੀ ਉਦੋਂ ਤੋਂ ਕੁਝ ਅਰਬ ਡਾਲਰ ਤੱਕ ਸੁੰਗੜ ਗਈ ਹੈ। ਹੁਣ ਉਹ ਕਹਿੰਦੇ ਹਨ ਕਿ ਵਿਸ਼ਵ ਬੈਂਕ ਵੱਲੋਂ ਆਪਣੇ ਨਵੇਂ ਲੰਬੇ ਸਮੇਂ ਦੇ ਕੰਟਰੀ ਪਾਰਟਨਰਸ਼ਿਪ ਫਰੇਮਵਰਕ ਦੇ ਤਹਿਤ $20 ਬਿਲੀਅਨ ਨਿਵੇਸ਼ ਦਾ ਵਾਅਦਾ ਕੀਤਾ ਗਿਆ ਹੈ, ਜੋ ਜਲਵਾਯੂ ਪਰਿਵਰਤਨ, ਸਟੰਟਿੰਗ, ਸਿੱਖਣ ਅਤੇ ਸੰਮਲਿਤ ਵਿਕਾਸ ਨਾਲ ਸਬੰਧਤ ਪਾਕਿਸਤਾਨ ਦੀਆਂ ਮੁਸ਼ਕਲਾਂ ਨੂੰ ਹੱਲ ਕਰੇਗਾ। ਪਰ ਅਜਿਹਾ ਕਰਦੇ ਸਮੇਂ, ਉਹ ਇਸ ਤੱਥ ਨੂੰ ਛੁਪਾਉਂਦੇ ਹਨ ਕਿ ਇਹ ਸੰਖਿਆ ਇੱਕ 'ਸੰਕੇਤਕ' ਹੈ ਅਤੇ ਯੋਜਨਾ ਦੇ 10 ਸਾਲ ਦੇ ਜੀਵਨ ਲਈ ਰਿਣਦਾਤਾ ਕੋਲ ਉਪਲਬਧ ਫੰਡਾਂ 'ਤੇ ਟਿਕੀ ਹੋਈ ਹੈ ਅਤੇ ਹੋਰ ਵੀ ਮਹੱਤਵਪੂਰਨ ਤੌਰ 'ਤੇ, ਸੁਧਾਰਾਂ ਦੇ ਲਾਗੂਕਰਨ ਦਾ ਸਾਡੇ ਕੁਲੀਨ ਵਰਗ ਵਿਰੋਧ ਕਰਦੇ ਰਹਿੰਦੇ ਹਨ।

ਪਿਛਲੇ ਹਫਤੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਨੇ ਵਿਸ਼ਵ ਬੈਂਕ ਦੀ ਇੱਕ ਟੀਮ ਨਾਲ ਮੁਲਾਕਾਤ ਕਰਕੇ ਇਹ ਦੁਹਰਾਇਆ ਕਿ ਬੈਂਕ ਤੋਂ '40 ਬਿਲੀਅਨ ਡਾਲਰ ਦੇ ਨਿਵੇਸ਼' ਦਾ ਅਜੇ ਤੱਕ ਆਉਣ ਵਾਲਾ ਪ੍ਰਵਾਹ ਉਨ੍ਹਾਂ ਦੀਆਂ ਨੀਤੀਆਂ ਵਿੱਚ ਵਿਸ਼ਵਾਸ ਨੂੰ ਦਰਸਾਉਂਦਾ ਹੈ, ਅਤੇ ਵੱਖ-ਵੱਖ ਖੇਤਰਾਂ ਵਿੱਚ ਇੱਕ 'ਨਵਾਂ ਅਧਿਆਏ' ਖੋਲ੍ਹੇਗਾ। ਸਪੱਸ਼ਟ ਤੌਰ 'ਤੇ, ਉਸ ਨੂੰ ਇਹ ਅਹਿਸਾਸ ਨਹੀਂ ਸੀ ਕਿ ਅਜਿਹੀ ਰੁਟੀਨ ਸਿਆਸੀ ਬਿਆਨਬਾਜ਼ੀ ਲੋਕਾਂ ਨੂੰ ਕਿੰਨੀ ਖੋਖਲੀ ਲੱਗਦੀ ਹੈ; ਜਿਉਂਦੇ ਰਹਿਣ ਲਈ ਸੰਘਰਸ਼ ਕਰ ਰਹੇ ਲੋਕਾਂ ਲਈ ਅਜਿਹੇ ਸ਼ਬਦਾਂ ਨੇ ਆਪਣੀ ਚਮਕ ਗੁਆ ਦਿੱਤੀ ਹੈ। ਸਾਡੀਆਂ ਵੱਡੀਆਂ ਵਿੱਤੀ ਲੋੜਾਂ ਦੇ ਮੱਦੇਨਜ਼ਰ ਮਨੁੱਖੀ ਪੂੰਜੀ ਦੇ ਵਿਕਾਸ ਲਈ ਮਹੱਤਵਪੂਰਨ ਖੇਤਰਾਂ ਵਿੱਚ ਕਿਸੇ ਵੀ ਨਿਵੇਸ਼ ਦਾ ਸਵਾਗਤ ਕੀਤਾ ਜਾਣਾ ਚਾਹੀਦਾ ਹੈ; ਪਰ ਅਜਿਹਾ ਕੋਈ ਵੀ ਨਿਵੇਸ਼, ਭਾਵੇਂ ਕਿੰਨਾ ਵੀ ਵੱਡਾ ਹੋਵੇ, ਸਮਾਜਿਕ ਖੇਤਰ ਦੇ ਸੁਧਾਰਾਂ ਤੋਂ ਬਿਨਾਂ ਲੋੜੀਂਦਾ, ਸਥਾਈ ਪ੍ਰਭਾਵ ਨਹੀਂ ਬਣਾ ਸਕਦਾ। ਕੀ ਕੋਈ ਦੇਸ਼ ਆਰਥਿਕ ਤਰੱਕੀ ਕਰ ਸਕਦਾ ਹੈ, ਜਦੋਂ ਉਸ ਦੇ ਹਰ 10 ਵਿੱਚੋਂ ਚਾਰ ਬੱਚੇ ਸਟੰਟਿੰਗ ਤੋਂ ਪੀੜਤ ਹਨ? ਕੀ ਨੀਤੀ ਨਿਰਮਾਤਾਵਾਂ ਨੇ ਸੋਚਿਆ ਹੈ ਕਿ ਹੁਨਰ ਜਾਂ ਸਿੱਖਿਆ ਤੋਂ ਬਿਨਾਂ ਲੋਕ ਆਰਥਿਕ ਉਤਪਾਦਕਤਾ ਵਿੱਚ ਕਿੰਨਾ ਯੋਗਦਾਨ ਪਾ ਸਕਦੇ ਹਨ? ਵਿਦੇਸ਼ੀ ਕਰਜ਼ੇ ਅਤੇ ਗ੍ਰਾਂਟਾਂ ਹੀ ਇੰਨਾ ਕੁਝ ਕਰ ਸਕਦੀਆਂ ਹਨ। ਜੇਕਰ ਸਮਾਜਿਕ ਖੇਤਰ ਨੂੰ ਸਥਿਰ ਕਰਨਾ ਹੈ, ਤੇ ਇੱਕ ਸਿਹਤਮੰਦ, ਪੜ੍ਹੇ-ਲਿਖੇ ਅਤੇ ਹੁਨਰਮੰਦ ਮਨੁੱਖੀ ਸ਼ਕਤੀ ਵਿਕਸਿਤ ਕਰਨੀ ਹੈ, ਤਾਂ ਸਰਕਾਰ ਨੂੰ ਆਪਣੀਆਂ ਨੀਤੀਆਂ ਦਾ ਪੁਨਰਗਠਨ ਕਰਨਾ ਹੋਵੇਗਾ। ਜਦੋਂ ਤੱਕ ਇਹ ਆਪਣਾ ਧਿਆਨ 'ਬਰਿੱਕ ਐਂਡ ਮੋਰਟਾਰ' ਪ੍ਰੋਜੈਕਟਾਂ ਤੋਂ ਮਨੁੱਖੀ ਵਿਕਾਸ ਵੱਲ ਨਹੀਂ ਬਦਲਦਾ, ਕੋਈ ਵੀ ਗ੍ਰਾਂਟਾਂ ਅਤੇ ਕਰਜ਼ੇ ਆਰਥਿਕਤਾ ਨੂੰ ਪ੍ਰਭਾਵਸ਼ਾਲੀ ਤੇ ਟਿਕਾਊ ਤਰੱਕੀ ਕਰਨ ਵਿੱਚ ਮਦਦ ਨਹੀਂ ਕਰ ਸਕਦੇ; ਤੇ ਨਾ ਹੀ ਚੰਦਰਮਾ ਦਾ ਵਾਅਦਾ ਕਰਨ ਵਾਲੇ ਸਿਆਸਤਦਾਨਾਂ ਵਿੱਚ ਜਨਤਾ ਦਾ ਭਰੋਸਾ ਬਹਾਲ ਕੀਤਾ ਜਾ ਸਕਦਾ ਹੈ।


### ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

**Punjabi Parwaz LLC - DBA Punjabi Parwaz**

**Address:**
827 E. Kings Row, Unit# 7, Palatine, IL 60074

**Managed by:**
Anureet Kaur & Kuljeet Singh

**Punjab Incharge:**
Jasvir Singh Mangat

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ



### ਪੰਜਾਬੀ ਪਰਵਾਜ਼ (Punjabi Parwaz) ਬੋਰਡ ਮੈਂਬਰ

ਬਲਵਿੰਦਰ ਸਿੰਘ (ਬੌਬ) ਸੰਧੂ
ਦਵਿੰਦਰ ਸਿੰਘ ਰੰਗੀ
ਮਨਜਿੰਦਰ ਸਿੰਘ (ਮੈਕ) ਭਮਰਾ
ਜੋਧ ਸਿੰਘ ਸਿੱਧੂ
ਬੇਅੰਤ ਸਿੰਘ ਬੋਪਾਰਾਏ
ਅਮਰੀਕ ਸਿੰਘ ਸ਼ਿਕਾਗੋ
ਕਿਰਪਾਲ ਸਿੰਘ ਰੰਧਾਵਾ
ਅੰਮ੍ਰਿਤਪਾਲ ਸਿੰਘ ਗਿੱਲ
ਬਲਵਿੰਦਰ ਸਿੰਘ ਚੱਠਾ
ਦਰਸ਼ਨ ਸਿੰਘ ਪੰਮਾ
ਗੁਰਿੰਦਰਜੀਤ ਸਿੰਘ ਗਰੇਵਾਲ
ਦੀਦਾਰ ਸਿੰਘ ਧਨੋਆ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰਜੀਤ ਸਿੰਘ ਢੀਂਡਸਾ
ਗੁਰਵਿੰਦਰ ਸਿੰਘ ਬੱਬੂ (ਐਪਲਟਨ)
ਬਿਕਰਮ ਸਿੰਘ ਸਿੱਧੂ
ਮਨਮਿੰਦਰ ਸਿੰਘ ਹੀਰ
ਬਲਜੀਤ ਸਿੰਘ ਸਿੱਧੂ (ਫਲੋਰਿਡਾ)
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਇੰਦਰ ਹੁੰਜਣ
ਜਿਗਰਦੀਪ ਸਿੰਘ ਢਿੱਲੋਂ
ਅਮਨਦੀਪ ਸਿੰਘ ਕੁਲਾਰ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਹਰਕੇਵਲ ਸਿੰਘ ਲਾਲੀ

# ਜਰਮਨ ਚੋਣਾਂ ਵਿੱਚ ਵੀ ਉਭਰਿਆ ਪਰਵਾਸ ਦਾ ਮੁੱਦਾ

**ਪੁਸ਼ਪਰੰਜਨ**

## ਸੱਜੇ-ਪੱਖੀਆਂ ਨੇ ਬਣਾਇਆ ਪਰਵਾਸੀਆਂ ਨੂੰ ਨਿਸ਼ਾਨਾ




ਜਰਮਨ ਚੋਣਾਂ ਵਿੱਚ ਦੂਰ-ਸੱਜੇ ਅਲਟਰਨੇਟਿਵ ਫਿਊਰ ਡਯੂਸ਼ਲੈਂਡ (ਏ.ਐਫ.ਡੀ.) ਲਹਿਰ ਬਣਾ ਗਿਆ ਹੈ। ਸੰਸਦੀ ਚੋਣਾਂ 23 ਫਰਵਰੀ 2025 ਨੂੰ ਹੋਈਆਂ, ਜਦਕਿ ਪਿਛਲੇ ਸਾਲ 28 ਸਤੰਬਰ ਨੂੰ ਹੋਣ ਵਾਲੀ ਜਰਮਨ ਸੰਸਦ 'ਬੁੰਡੇਸਟੈਗ' ਦੇ 630 ਮੈਂਬਰਾਂ ਲਈ ਫੈਡਰਲ ਚੋਣ ਗਠਜੋੜ ਦੇ ਟੁੱਟਣ ਕਾਰਨ ਮੁਲਤਵੀ ਕਰ ਦਿੱਤੀ ਗਈ ਸੀ। ਬਾਰਾਂ ਸਾਲ ਪਹਿਲਾਂ, 6 ਫਰਵਰੀ 2013 ਨੂੰ ਏ.ਐਫ.ਡੀ. ਦੀ ਨੀਂਹ ਰੱਖੀ ਗਈ ਸੀ। ਕੱਛੂ ਅਤੇ ਖਰਗੋਸ਼ ਦੀਆਂ ਚਾਲਾਂ ਨੂੰ ਸਮਝਣ ਵਾਲੇ ਚੋਣ ਪੰਡਿਤ ਵੀ ਇਹ ਦੇਖ ਕੇ ਹੈਰਾਨ ਹਨ ਕਿ ਜਰਮਨੀ ਦੀ ਨਵੀਂ ਪਾਰਟੀ ਨੇ ਪੁਰਾਣੀਆਂ ਪਾਰਟੀਆਂ ਦਾ ਸਿਲਸਿਲਾ ਛੋਟਾ ਕਰ ਦਿੱਤਾ ਹੈ। ਕੀ ਇਸ ਦਾ ਕਾਰਨ ਉਹ ਪਰਵਾਸ ਵਿਰੋਧੀ ਮਾਹੌਲ ਹੈ, ਜੋ ਏ.ਐਫ.ਡੀ. ਬਣਾਉਣ ਵਿੱਚ ਕਾਮਯਾਬ ਹੋ ਗਈ ਹੈ?

ਏ.ਐਫ.ਡੀ. ਨੇ ਯੂਰਪੀਅਨ ਕੰਜ਼ਰਵੇਟਿਵ ਅਤੇ ਸੁਧਾਰਵਾਦੀ (ਈ.ਸੀ.ਆਰ.) ਦੇ ਮੈਂਬਰ ਵਜੋਂ ਜਰਮਨੀ ਵਿੱਚ ਯੂਰਪੀਅਨ ਸੰਸਦ ਵਿੱਚ ਪ੍ਰਤੀਨਿਧਤਾ ਲਈ 2014 ਦੀਆਂ ਚੋਣਾਂ ਵਿੱਚ ਸੱਤ ਸੀਟਾਂ ਜਿੱਤੀਆਂ ਸਨ। ਅਕਤੂਬਰ 2017 ਤੱਕ 16 ਜਰਮਨ ਰਾਜਾਂ ਦੀਆਂ ਸੰਸਦਾਂ (ਅਸੈਂਬਲੀਆਂ) ਵਿੱਚੋਂ 14 ਵਿੱਚ ਪ੍ਰਤੀਨਿਧਤਾ ਪ੍ਰਾਪਤ ਕਰਨ ਤੋਂ ਬਾਅਦ, ਏ.ਐਫ.ਡੀ. ਨੇ 2017 ਦੀਆਂ ਜਰਮਨ ਸੰਘੀ ਚੋਣਾਂ ਵਿੱਚ 94 ਸੀਟਾਂ ਜਿੱਤੀਆਂ ਅਤੇ ਦੇਸ਼ ਦੀ ਤੀਜੀ ਸਭ ਤੋਂ ਵੱਡੀ (ਵਿਰੋਧੀ) ਪਾਰਟੀ) ਬਣ ਗਈ। ਪਾਰਟੀ ਜਰਮਨੀ ਦੇ ਪੂਰਬੀ ਖੇਤਰਾਂ, ਖਾਸ ਕਰਕੇ ਸੈਕਸਨੀ ਅਤੇ ਥੁਰਿੰਗੀਆ ਰਾਜਾਂ ਵਿੱਚ ਸਭ ਤੋਂ ਮਜ਼ਬੂਤ ਹੈ। ਇਹ ਉਹ ਖੇਤਰ ਹਨ, ਜਿੱਥੇ ਪਰਵਾਸ ਨੂੰ ਨਾਪਸੰਦ ਕੀਤਾ ਜਾਂਦਾ ਹੈ ਅਤੇ ਇੱਥੇ ਜ਼ਿਆਦਾਤਰ ਲੋਕ ਬਾਹਰੋਂ ਆ ਕੇ ਵੱਸਣ ਵਾਲਿਆਂ ਦਾ ਵਿਰੋਧ ਕਰਦੇ ਹਨ। ਖਾਸ ਕਰਕੇ ਮੁਸਲਿਮ ਭਾਈਚਾਰੇ ਦੇ ਲੋਕ ਉਨ੍ਹਾਂ ਦੇ ਨਿਸ਼ਾਨੇ 'ਤੇ ਹਨ।

ਸਤੰਬਰ 2012 ਵਿੱਚ ਅਲੈਗਜ਼ੈਂਡਰ ਗੌਲੈਂਡ, ਬਰੈਂਡ ਲਕ ਤੇ ਪੱਤਰਕਾਰ ਕੋਨਰਾਡ ਐਡਮ ਨੇ ਯੂਰੋਜ਼ੋਨ ਸੰਕਟ ਨਾਲ ਸਬੰਧਤ ਜਰਮਨ ਸੰਘੀ ਨੀਤੀਆਂ ਦਾ ਵਿਰੋਧ ਕਰਨ ਅਤੇ ਗਰੀਬੀ ਵਿੱਚ ਡੂੰਘੇ ਡਿੱਗ ਰਹੇ ਦੱਖਣੀ ਯੂਰਪੀਅਨ ਦੇਸ਼ਾਂ ਦੇ ਜਰਮਨ ਸਮਰਥਿਤ ਬੇਲਆਊਟ ਦਾ ਸਾਹਮਣਾ ਕਰਨ ਲਈ ਸਿਆਸੀ ਸਮੂਹ 'ਇਲੈਕਟੋਰਲ ਅਲਟਰਨੇਟਿਵ' ਦੀ ਸਥਾਪਨਾ ਕੀਤੀ। ਉਸਦੇ ਮੈਨੀਫੈਸਟੋ ਨੂੰ ਬਹੁਤ ਸਾਰੇ ਅਰਥਸ਼ਾਸਤਰੀਆਂ, ਪੱਤਰਕਾਰਾਂ ਅਤੇ ਵਪਾਰਕ ਨੇਤਾਵਾਂ ਨੇ ਸਮਰਥਨ ਦਿੱਤਾ, ਜਿਨ੍ਹਾਂ ਨੇ ਕਿਹਾ ਕਿ ਯੂਰੋਜ਼ੋਨ ਇੱਕ ਮੁਦਰਾ ਖੇਤਰ ਵਜੋਂ 'ਅਣਉਚਿਤ' ਸਾਬਤ ਹੋਇਆ ਹੈ। ਯਾਨੀ ਕਿ ਇਹ ਲੋਕ ਪੁਰਾਣੀ ਜਰਮਨ ਕਰੰਸੀ 'ਡਿਊਸ਼ ਮਾਰਕ' ਦੀ ਵਾਪਸੀ ਚਾਹੁੰਦੇ ਹਨ। 'ਮਾਰਕ' ਜਰਮਨੀ ਵਿੱਚ 1948 ਤੋਂ 2002 ਤੱਕ ਵਰਤੋਂ ਵਿੱਚ ਸੀ।

ਦਸੰਬਰ ਵਿੱਚ ਪੂਰਬੀ ਜਰਮਨੀ ਦੇ ਸ਼ਹਿਰ ਮੈਗਡੇਬਰਗ ਵਿੱਚ ਇੱਕ ਸਾਊਦੀ ਵਿਅਕਤੀ ਵੱਲੋਂ ਕ੍ਰਿਸਮਸ ਮਾਰਕੀਟ ਵਿੱਚ ਕਾਰ ਚੜ੍ਹਾਏ ਜਾਣ ਕਾਰਨ ਕਈ ਲੋਕ ਮਾਰੇ ਗਏ ਸਨ। ਸੱਜੇ ਪੱਖੀਆਂ ਨੇ ਇਸ ਨੂੰ ਮੁੱਦਾ ਬਣਾ ਲਿਆ। ਇਸ ਘਟਨਾ ਨੂੰ ਲੈ ਕੇ ਲੋਕ ਬਾਹਰੀ ਲੋਕਾਂ ਨੂੰ ਕੋਸ ਰਹੇ ਸਨ। ਇੱਕ 13 ਸਾਲ ਦਾ ਸੀਰੀਆਈ ਲੜਕਾ ਸ਼ਹਿਰ ਦੇ ਦੂਜੇ ਪਾਸੇ ਇੱਕ ਲਿਫਟ ਵਿੱਚ ਸੀ, ਜਦੋਂ ਇੱਕ ਬਾਲਗ ਗੁਆਂਢੀ ਨੇ ਉਸ ਦਾ ਗਲ਼ ਫੜ ਲਿਆ ਅਤੇ ਕਿਹਾ, 'ਇਹ ਹਮਲਾ ਤੁਹਾਡੇ ਵਰਗੇ ਲੋਕਾਂ ਕਾਰਨ ਹੋਇਆ ਹੈ।'

22 ਜਨਵਰੀ 2025 ਨੂੰ ਬਾਵੇਰੀਅਨ ਸ਼ਹਿਰ ਅਸਚਫੇਨਬਰਗ ਦੇ ਇੱਕ ਪਾਰਕ ਵਿੱਚ ਬੱਚਿਆਂ ਨੂੰ ਨਿਸ਼ਾਨਾ ਬਣਾਉਂਦੇ ਹੋਏ ਚਾਕੂ ਨਾਲ ਹਮਲੇ ਵਿੱਚ ਦੋ ਲੋਕਾਂ ਦਾ ਕਤਲ ਕਰਨ ਦੇ ਸ਼ੱਕ ਵਿੱਚ ਇੱਕ ਅਫਗਾਨ ਸ਼ਰਨਾਰਥੀ ਦੀ ਗ੍ਰਿਫਤਾਰੀ ਨੇ ਇਮੀਗ੍ਰੇਸ਼ਨ ਨੀਤੀਆਂ ਨੂੰ ਹੋਰ ਸਖਤ ਕਰਨ ਦੀਆਂ ਮੰਗਾਂ ਨੂੰ ਜਨਮ ਦਿੱਤਾ। ਇਨ੍ਹਾਂ ਦੋਵਾਂ ਘਟਨਾਵਾਂ ਨੇ 23 ਫਰਵਰੀ ਨੂੰ ਹੋਈ ਜਰਮਨੀ ਦੀ ਰਾਸ਼ਟਰੀ ਚੋਣ ਮੁਹਿੰਮ ਨੂੰ ਖੂਬ ਹਵਾ ਦਿੱਤੀ। ਇਸਨੇ ਚੋਟੀ ਦੇ ਰਾਜਨੇਤਾਵਾਂ ਨੂੰ ਦੇਸ਼ ਵਿੱਚ ਦਾਖਲ ਹੋਣ ਵਾਲੇ ਸ਼ਰਨਾਰਥੀਆਂ ਦੀ ਗਿਣਤੀ ਨੂੰ ਬਹੁਤ ਘੱਟ ਕਰਨ ਦੀ ਸਹੁੰ ਖਾਣ ਲਈ ਮਜਬੂਰ ਕੀਤਾ।

ਏ.ਐਫ.ਡੀ. ਨੇ 'ਗੱਦੀ ਖਾਲੀ ਕਰੋ, ਨਹੀਂ ਤਾਂ ਜਨਤਾ ਆ ਜਾਵੇਗੀ' ਵਰਗਾ ਮਾਹੌਲ ਬਣਾ ਦਿੱਤਾ। ਇਸ ਲਈ ਏ.ਐਫ.ਡੀ. ਦੇ ਕੱਟੜਪੰਥੀ ਹੋਣ ਦੇ ਸ਼ੱਕ ਪੈਦਾ ਕੀਤੇ ਜਾ ਰਹੇ ਹਨ। ਗ੍ਰਹਿ ਮੰਤਰਾਲੇ ਨੇ ਆਪਣੀ ਜਾਂਚ ਜਰਮਨੀ ਦੀ ਘਰੇਲੂ ਖੁਫੀਆ ਏਜੰਸੀ ਨੂੰ ਸੌਂਪੀ ਹੋਈ ਹੈ। ਪਹਿਲਾਂ ਦੇ ਸਰਵੇਖਣਾਂ 'ਚ ਏ.ਐਫ.ਡੀ. ਨੂੰ 20 ਫੀਸਦੀ ਤੋਂ ਜ਼ਿਆਦਾ ਲੋਕਾਂ ਦਾ ਸਮਰਥਨ ਮਿਲਦਾ ਨਜ਼ਰ ਆ ਰਿਹਾ ਸੀ, ਪਰ ਚੋਣਾਂ ਤੱਕ ਇਹ ਵਧ ਕੇ 27 ਫੀਸਦੀ ਤੋਂ ਵੀ ਵਧ ਗਿਆ।

ਲੀਪਜ਼ਿਗ ਯੂਨੀਵਰਸਿਟੀ ਵੱਲੋਂ ਕਰਵਾਏ ਗਏ ਸਰਵੇਖਣ ਵਿੱਚ ਪਾਇਆ ਗਿਆ ਕਿ ਏ.ਐਫ.ਡੀ. ਦਾ ਸਮਰਥਨ ਕਰਨ ਵਾਲਿਆਂ ਵਿੱਚੋਂ 70.6 ਪ੍ਰਤੀਸ਼ਤ ਪੁਰਸ਼ ਹਨ। ਇਹ ਅਨੁਪਾਤ ਕਿਸੇ ਵੀ ਜਰਮਨ ਪਾਰਟੀ ਲਈ ਸਭ ਤੋਂ ਵੱਧ ਹੈ। ਵਪਾਰ ਪੱਖੀ ਫਰੀ ਡੈਮੋਕ੍ਰੇਟਿਕ ਪਾਰਟੀ ਅਤੇ ਖੱਬੇਪੱਖੀ 'ਦਿ ਲਿੰਕੇ' ਨੂੰ ਵੀ ਪੁਰਸ਼ਾਂ ਦਾ ਵੱਡਾ ਸਮਰਥਨ (62 ਫੀਸਦੀ) ਪ੍ਰਾਪਤ ਹੈ। ਯਾਨੀ ਇਸ ਵਾਰ ਦੀਆਂ ਜਰਮਨ ਚੋਣਾਂ ਵਿੱਚ ਔਰਤਾਂ ਦੀ ਦਿਲਚਸਪੀ ਘੱਟ ਰਹੀ, ਪਰ ਗ੍ਰੀਨ ਪਾਰਟੀ ਇੱਕ ਅਪਵਾਦ ਬਣ ਗਈ ਹੈ, ਜਿਸ ਦੀਆਂ ਜ਼ਿਆਦਾਤਰ ਸਮਰਥਕ ਔਰਤਾਂ ਹਨ। ਸਰਵੇਖਣ ਮੁਤਾਬਕ ਗ੍ਰੀਨ ਪਾਰਟੀ ਨੂੰ ਸਿਰਫ਼ 33.6 ਫ਼ੀਸਦੀ ਮਰਦਾਂ ਦਾ ਸਮਰਥਨ ਹਾਸਲ ਹੈ, ਪਰ ਬਾਕੀ ਹਿੱਸਾ ਔਰਤਾਂ ਦਾ ਹੈ।

ਇੱਕ ਗੱਲ ਇਹ ਹੈ ਕਿ ਜਰਮਨੀ ਦੀਆਂ ਸੰਸਦੀ ਚੋਣਾਂ ਵਿੱਚ ਪਰਵਾਸੀਆਂ ਦਾ ਮੁੱਦਾ ਉੱਠਿਆ ਹੈ। ਮੁੱਖ ਵਿਰੋਧੀ ਪਾਰਟੀਆਂ ਸੀ.ਡੀ.ਯੂ./ਸੀ.ਐਸ.ਯੂ. ਅਤੇ ਏ.ਐਫ.ਡੀ. ਨੇ ਇਮੀਗ੍ਰੇਸ਼ਨ ਦੇ ਸਵਾਲ 'ਤੇ ਢਿੱਲ੍ਹ-ਮੱਠ ਦਾ ਦੋਸ਼ ਲਾ ਕੇ ਆਧਾਰ ਹਾਸਲ ਕੀਤਾ ਹੈ। ਜਿਉਂ-ਜਿਉਂ ਚੋਣਾਂ ਨੇੜੇ ਆਉਂਦੀਆਂ ਗਈਆਂ, ਪਾਰਟੀਆਂ ਦਾ ਪੈਂਤੜਾ ਇਸ ਮਾਮਲੇ ਵਿੱਚ ਹੋਰ ਸਖ਼ਤ ਹੁੰਦਾ ਗਿਆ। ਇਸ ਕਾਰਨ ਏ.ਐਫ.ਡੀ. ਦਾ ਗ੍ਰਾਫ ਬਹੁਤ ਤੇਜ਼ੀ ਨਾਲ ਉੱਪਰ ਗਿਆ ਹੈ।

ਬਹੁਤ ਸਾਰੇ ਭਾਰਤੀ ਸੋਚ ਰਹੇ ਹੋਣਗੇ, ਇਸ ਦਾ ਸਾਡੇ ਨਾਲ ਕੀ ਸਬੰਧ ਹੈ? ਜਿਸ ਤਰ੍ਹਾਂ ਟਰੰਪ ਨੇ ਭਾਰਤੀਆਂ ਨੂੰ ਗੈਰ-ਕਾਨੂੰਨੀ ਘੋਸ਼ਿਤ ਕਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਉਨ੍ਹਾਂ ਨੂੰ ਭਜਾਉਣਾ ਸ਼ੁਰੂ ਕੀਤਾ ਹੈ, ਉਸ ਨੇ ਨਸਲਵਾਦੀਆਂ ਅਤੇ ਖਾਸ ਕਰਕੇ ਜਰਮਨ ਸੱਜੇ ਪੱਖੀਆਂ ਦਾ ਮਨੋਬਲ ਵਧਾਇਆ ਹੈ। ਭਾਰਤ ਵਿੱਚ ਜਰਮਨੀ ਦੇ ਰਾਜਦੂਤ ਫਿਲਿਪ ਐਕਰਮੈਨ ਨੇ 11 ਜਨਵਰੀ ਨੂੰ ਪੂਣੇ ਵਿੱਚ ਇੱਕ ਸਮਾਗਮ ਵਿੱਚ ਕਿਹਾ ਸੀ ਕਿ ਜਰਮਨੀ ਗੈਰ-ਕਾਨੂੰਨੀ ਪਰਵਾਸ ਨੂੰ ਘਟਾਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਨਾਲ ਹੀ ਆਪਣੀ ਬਹੁਤ ਉਦਾਰ ਪਰਵਾਸ ਨੀਤੀ ਦੀ ਰੱਖਿਆ ਵੀ ਕਰ ਰਿਹਾ ਹੈ। ਜਰਮਨ ਰਾਜਦੂਤ ਨੇ ਕਿਹਾ ਸੀ ਕਿ ਜਰਮਨ ਆਬਾਦੀ ਦੇ 30 ਪ੍ਰਤੀਸ਼ਤ ਦੇ ਗੈਰ-ਜਰਮਨ ਮਾਤਾ-ਪਿਤਾ ਹਨ।

ਜਰਮਨ ਸਰਕਾਰ ਵੱਲੋਂ ਗੈਰ-ਕਾਨੂੰਨੀ ਐਲਾਨੇ ਗਏ ਭਾਰਤੀ ਪਰਵਾਸੀਆਂ ਨੂੰ ਤੁਰੰਤ ਵਾਪਿਸ ਲੈਣ ਲਈ ਭਾਰਤ ਕਾਫੀ ਸਮਾਂ ਪਹਿਲਾਂ ਇੱਕ ਸਮਝੌਤੇ ਨਾਲ ਬੰਨ੍ਹਿਆ ਹੋਇਆ ਹੈ। 'ਜਰਮਨ-ਇੰਡੀਅਨ ਮਾਈਗ੍ਰੇਸ਼ਨ ਐਂਡ ਮੋਬਿਲਿਟੀ ਐਗਰੀਮੈਂਟ' ਉਤੇ 5 ਦਸੰਬਰ 2022 ਨੂੰ ਸੰਘੀ ਵਿਦੇਸ਼ ਮੰਤਰੀ ਅੰਨਾਲੇਨਾ ਬੇਰਬੌਕ ਦੀ ਭਾਰਤ ਫੇਰੀ ਦੌਰਾਨ ਹਸਤਾਖਰ ਕੀਤੇ ਗਏ ਸਨ। ਤਤਕਾਲੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਕਾਰਜਕਾਲ ਦੌਰਾਨ ਵੀ ਅਜਿਹੇ ਸਮਝੌਤੇ ਲਈ ਦਬਾਅ ਪਾਇਆ ਗਿਆ ਸੀ, ਜਿਸ ਨੂੰ ਫਿਰ ਮੁਲਤਵੀ ਕਰ ਦਿੱਤਾ ਗਿਆ ਸੀ। ਜਰਮਨੀ ਵਿੱਚ ਇਸ ਸਮੇਂ ਦੋ ਲੱਖ 60 ਹਜ਼ਾਰ ਤੋਂ ਵੱਧ ਭਾਰਤੀ ਨਾਗਰਿਕ ਰਹਿ ਰਹੇ ਹਨ, ਜਿਨ੍ਹਾਂ ਵਿੱਚੋਂ ਬਹੁਤਿਆਂ ਕੋਲ ਰੈਗੂਲਰ ਰਿਹਾਇਸ਼ੀ ਪਰਮਿਟ ਹਨ। ਇਸ ਤੋਂ ਇਲਾਵਾ ਜਰਮਨੀ ਵਿਚ 34,000 ਭਾਰਤੀ ਪੜ੍ਹ ਰਹੇ ਹਨ, ਜੋ ਵਿਦੇਸ਼ੀ ਵਿਦਿਆਰਥੀਆਂ ਦਾ ਦੂਜਾ ਸਭ ਤੋਂ ਵੱਡਾ ਸਮੂਹ ਹੈ।

ਇਸ ਸਮੇਂ ਜਰਮਨੀ ਵਿੱਚ 5000 ਤੋਂ ਵੱਧ ਭਾਰਤੀ ਨਾਗਰਿਕ ਗੈਰ-ਕਾਨੂੰਨੀ ਢੰਗ ਨਾਲ ਰਹਿ ਰਹੇ ਹਨ। ਟਰੰਪ ਪ੍ਰਸ਼ਾਸਨ ਦੀਆਂ ਤਾਜ਼ਾ ਕਾਰਵਾਈਆਂ ਨੂੰ ਦੇਖ ਕੇ ਉਨ੍ਹਾਂ ਦੇ ਸਾਹ ਰੁਕੇ ਹੋਏ ਹਨ। ਸੰਧੀ ਅਨੁਸਾਰ ਭਾਰਤ ਸਰਕਾਰ ਕਿਸੇ ਵੀ ਹਾਲਤ ਵਿੱਚ ਉਨ੍ਹਾਂ ਦੀ ਮਦਦ ਨਹੀਂ ਕਰਨ ਲੱਗੀ, ਇਹ ਤਾਂ ਸਪਸ਼ਟ ਹੈ!

# ਭਾਰਤ-ਪਾਕਿ ਮੈਚ ਪੂਰੀ ਤਰ੍ਹਾਂ ਇਕਪਾਸੜ ਸਾਬਤ ਹੋਇਆ

ਜਦੋਂ ਸਕ੍ਰਿਪਟ ਬਿਨਾਂ ਕਿਸੇ ਉਤਰਾਅ-ਚੜ੍ਹਾਅ ਦੇ ਇੱਕ ਸੰਭਾਵੀ ਰਾਹ 'ਤੇ ਤੁਰਦੀ ਹੈ, ਤਾਂ ਵਾਜਬ ਨਤੀਜਾ ਵੀ ਬੇਸੁਆਦਾ ਹੋ ਜਾਂਦਾ ਹੈ। ਭਾਰਤ ਦੀ ਪਾਕਿਸਤਾਨ ਖਿਲਾਫ਼ ਜਿੱਤ, ਹਾਲੀਆ ਸਾਲਾਂ ਵਿੱਚ ਕੋਈ ਪਹਿਲੀ ਵਾਰ ਨਹੀਂ। ਹਾਲੀਆ ਸਾਲਾਂ ਦੌਰਾਨ ਇਹ ਪਹਿਲੀ ਵਾਰ ਨਹੀਂ ਹੈ, ਜਦੋਂ ਭਾਰਤ ਨੇ ਪਾਕਿਸਤਾਨ ਨੂੰ ਬੁਰੀ ਤਰ੍ਹਾਂ ਹਰਾਇਆ ਹੈ ਅਤੇ ਜਿਸ ਨਾਲ ਪਾਕਿਸਤਾਨ ਦਾ ਸਰੀਰ, ਮਨ, ਮਾਸ ਅਤੇ ਇੱਥੋਂ ਤੱਕ ਕਿ ਰੂਹ ਵੀ ਜ਼ਖ਼ਮੀ ਹੋਈ।

ਇਹ ਮੈਚ ਦੋਵਾਂ ਮੁਲਕਾਂ ਦਰਮਿਆਨ ਰਵਾਇਤੀ ਸ਼ਰੀਕੇਬਾਜ਼ੀ ਦਾ ਅੰਤ ਨਹੀਂ ਸੀ, ਜੋ ਇੱਕ ਅਰਬ ਦਰਸ਼ਕਾਂ ਨੂੰ ਆਪਣੇ ਵੱਲ ਖਿੱਚਦੀ ਹੈ। ਇਸ਼ਤਿਹਾਰ ਦੇਣ ਵਾਲੇ ਤੇ ਟੈਲੀਵਿਜ਼ਨ ਚੈਨਲ ਆਪਣੇ ਖੀਸੇ ਭਰਨ ਦੇ ਇੱਕੋ ਇੱਕ ਮੰਤਵ ਨਾਲ ਚੀਕ ਚੀਕ ਕੇ ਮੈਚ ਦੇ ਆਲੇ-ਦੁਆਲੇ ਅਜਿਹਾ ਮਾਹੌਲ ਸਿਰਜਦੇ ਹਨ ਕਿ ਲੋਕ ਸ਼ੈਦਾਈ ਹੋ ਜਾਂਦੇ ਹਨ; ਪਰ ਕ੍ਰਿਕਟ ਬਾਜ਼ਾਰ ਅਤੇ ਰਾਸ਼ਟਰਵਾਦ ਤੋਂ ਪ੍ਰੇਰਿਤ ਭਾਵਨਾਵਾਂ ਵਾਲੀ ਇਹ ਝੂਠੀ ਇਸ਼ਤਿਹਾਰਬਾਜ਼ੀ ਕਦੋਂ ਤੱਕ ਵਿਸ਼ਾਲ ਦਰਸ਼ਕਾਂ ਦੇ ਸਮੂਹ ਨੂੰ ਧੋਖਾ ਦਏਗੀ?

ਪਾਕਿਸਤਾਨ ਦੇ ਕ੍ਰਿਕਟ ਦੀ ਖੇਡ ਵਿੱਚ ਪਤਨ ਨਾਲ ਭਾਰਤੀ ਪ੍ਰਸ਼ੰਸਕਾਂ ਨੂੰ ਖੁਸ਼ੀ ਮਿਲ ਸਕਦੀ ਹੈ, ਪਰ ਇਹ ਇਸ ਖੇਡ ਨੂੰ ਹੋਰ ਕਮਜ਼ੋਰ ਬਣਾਉਂਦਾ ਹੈ ਤੇ ਇਸ ਦੇ ਹੋਰਨਾਂ ਭਾਈਵਾਲਾਂ ਦੀਆਂ ਫ਼ਿਕਰਾਂ ਨੂੰ ਵਧਾਉਂਦਾ ਹੈ। ਅੱਜ ਇਹ ਯਕੀਨ ਕਰਨਾ ਮੁਸ਼ਕਲ ਹੈ ਕਿ ਪਾਕਿਸਤਾਨ ਹੀ ਉਹ ਮੁਲਕ ਹੈ, ਜਿਸ ਨੇ ਇਮਰਾਨ ਖ਼ਾਨ, ਜਾਵੇਦ ਮੀਆਂਦਾਦ, ਵਸੀਮ ਅਕਰਮ, ਵੱਕਾਰ ਯੂਨਸ, ਇੰਜ਼ਮਾਮ-ਉਲ-ਹੱਕ ਤੇ ਅਜਿਹੇ ਕਈ ਹੋਰ ਖਿਡਾਰੀ ਪੈਦਾ ਕੀਤੇ ਹਨ। ਹੋ ਸਕਦਾ ਹੈ ਕਿ ਭਾਰਤ ਵਿੱਚ ਸਾਡੇ ਲਈ ਕਾਰਨਾਂ ਅਤੇ ਨਿਦਾਨਾਂ ਦੀ ਪਛਾਣ ਕਰਨੀ ਤੇ ਇਨ੍ਹਾਂ ਦਾ ਹੱਲ ਲੱਭਣਾ ਸੰਭਵ ਨਾ ਹੋਵੇ; ਪਰ ਸਾਨੂੰ ਇਹ ਫ਼ਿਕਰ ਜਤਾਉਣ ਤੋਂ ਕੋਈ ਵੀ ਨਹੀਂ ਰੋਕਦਾ ਕਿ ਪਾਕਿਸਤਾਨ ਨੂੰ ਵੈਸਟ ਇੰਡੀਜ਼ ਵਾਲੇ ਰਾਹ 'ਤੇ ਨਹੀਂ ਤੁਰਨਾ ਚਾਹੀਦਾ।

ਡਰੇ ਹੋਏ ਤੇ ਅਸੁਰੱਖਿਅਤ ਮਹਿਸੂਸ ਕਰ ਰਹੇ ਪਾਕਿਸਤਾਨ ਦੇ ਉਲਟ ਭਾਰਤ ਦੀ (ਮੈਚ ਵਿੱਚ) ਖੇਡੀ ਪ੍ਰਤੀ ਪਹੁੰਚ ਸ਼ਕਤੀਸ਼ਾਲੀ ਭਾਰਤੀ ਯੋਧਿਆਂ ਵਰਗੀ ਸੀ। ਕੀ ਕ੍ਰਿਕਟ ਦੇ ਇਤਿਹਾਸ ਵਿੱਚ ਵਿਰਾਟ ਕੋਹਲੀ ਨਾਲੋਂ ਫਿੱਟ ਕੋਈ ਜੁਝਾਰੂ ਕ੍ਰਿਕਟਰ ਹੋਇਆ ਹੈ? ਮੈਨੂੰ ਇਸ ਬਾਰੇ ਸ਼ੱਕ ਹੈ। 36 ਸਾਲ ਦੀ ਉਮਰ ਵਿੱਚ, ਪੰਜ ਫੁੱਟ ਨੌਂ ਇੰਚ ਦੀ ਕੱਦ ਕਾਠੀ ਵਾਲਾ ਇਹ ਕ੍ਰਿਕਟਰ ਮਾਸਪੇਸ਼ੀਆਂ ਅਤੇ ਹੱਡੀਆਂ ਦੇ ਫਰੇਮ ਨਾਲ, ਪਿੱਚ 'ਤੇ ਵਿਕਟਾਂ ਦਰਮਿਆਨ ਟੈਰੀਅਰ (ਸ਼ਿਕਾਰੀ ਕੁੱਤੇ ਦੀ ਇੱਕ ਨਸਲ) ਵਾਂਗ ਦੌੜਦਾ ਹੈ। ਉਹ ਇੱਕ ਭਿਕਸ਼ੂ ਵਾਂਗ ਧਿਆਨ ਕੇਂਦਰਿਤ ਕਰਦਾ ਹੈ ਅਤੇ ਉਸ ਦਾ ਖ਼ੁਦ 'ਤੇ ਸਿਰੇ ਦਾ ਵਿਸ਼ਵਾਸ ਪਹਾੜਾਂ ਨੂੰ ਵੀ ਹਿਲਾ ਸਕਦਾ ਹੈ। ਉਹ ਆਪਣੀ ਲੈਅ ਨਾਲ ਨਾਲ ਜੂਝ ਰਿਹਾ ਸੀ, ਪਰ ਇਸ ਦੇ ਬਾਵਜੂਦ ਉਸ ਨੇ ਇੱਕ ਅਨੁਸ਼ਾਸਿਤ ਪਾਰੀ ਖੇਡੀ, ਜਿਸ ਨੇ ਪਾਕਿਸਤਾਨੀ ਗੇਂਦਬਾਜ਼ਾਂ ਨੂੰ ਨਾ ਸਿਰਫ ਪ੍ਰੇਸ਼ਾਨ ਕੀਤਾ ਬਲਕਿ ਉਨ੍ਹਾਂ ਕੋਲ ਇਸ ਦਾ ਕੋਈ ਤੋੜ ਵੀ ਨਹੀਂ ਸੀ।

ਕੋਹਲੀ ਬੇਅੰਤ ਊਰਜਾ ਦਾ ਸੋਮਾ ਹੈ ਤਾਂ ਸ਼ੁਭਮਨ ਗਿੱਲ ਠਾਠ ਬਾਠ ਨੂੰ ਰੂਪਮਾਨ ਕਰਦਾ ਹੈ। ਉਸ ਦੀ ਬੱਲੇਬਾਜ਼ੀ ਵਿੱਚ ਬਖ਼ਸ਼ਿਸ਼ ਨਜ਼ਰ ਆਉਂਦੀ ਹੈ, ਜਿਸ ਵਿੱਚ ਕਈ ਬੇਮਿਸਾਲ ਸਟਰੋਕ ਹਨ, ਜੋ ਬੈਲੇ ਡਾਂਸਰ ਵਾਂਗ ਦਰਸ਼ਕਾਂ ਦੇ ਸਾਹ ਸੂਤ ਲੈਂਦੇ ਹਨ। ਸ਼੍ਰੇਅਸ ਅਈਅਰ ਨੇ ਕੋਹਲੀ-ਗਿੱਲ ਦੀ ਜੋੜੀ ਨਾਲੋਂ ਆਪਣੇ ਸਟਰੋਕਸ ਵਿੱਚ ਵਧੇਰੇ ਤਾਕਤ ਦਿਖਾਈ ਤੇ ਪਾਕਿਸਤਾਨ ਕੋਲ ਲੁਕਣ ਲਈ ਕਿਤੇ ਕੋਈ ਥਾਂ ਨਹੀਂ ਸੀ। ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਰੋਹਿਤ ਸ਼ਰਮਾ ਚੰਗੀ ਸ਼ੁਰੂਆਤ ਨੂੰ ਕਾਇਮ ਨਹੀਂ ਰੱਖ ਸਕਿਆ।

ਭਾਰਤ ਦੀ ਤਾਕਤ ਉਸ ਦੀ ਬੱਲੇਬਾਜ਼ੀ ਹੈ, ਪਰ ਦੁੱਬਈ ਵਿੱਚ ਮਿਲੇ ਵਿਕਟ ਨੇ ਟੀਮ ਨੂੰ ਆਪਣੇ ਤਿੰਨਾਂ ਸਪਿੰਨਰਾਂ ਨੂੰ ਫਰੰਟਲਾਈਨ ਗੇਂਦਬਾਜ਼ਾਂ ਵਜੋਂ ਵਰਤਣ ਦੀ ਖੁੱਲ੍ਹ ਦਿੱਤੀ। ਕੁਲਦੀਪ ਦੀ ਗੇਂਦਬਾਜ਼ੀ ਨੇ ਪਾਕਿਸਤਾਨੀ ਬੱਲੇਬਾਜ਼ਾਂ ਨੂੰ ਘੁੰਮਣਘੇਰੀ ਵਿੱਚ ਪਾਈ ਰੱਖਿਆ। ਰਵਿੰਦਰ ਜਡੇਜਾ ਦੀ ਇੱਕੋ ਲਾਈਨ 'ਤੇ ਗੇਂਦਬਾਜ਼ੀ ਕਰਨ ਦੀ ਕਾਬਲੀਅਤ ਅਤੇ ਰਫ਼ਤਾਰ ਵਿੱਚ ਤਬਦੀਲੀ ਨੇ ਬੱਲੇਬਾਜ਼ਾਂ ਨੂੰ ਪ੍ਰੇਸ਼ਾਨ ਕੀਤਾ। ਅਕਸ਼ਰ ਪਟੇਲ ਨੂੰ ਵੀ ਪਿੱਚ ਦੀ ਸਤਹਿ ਤੋਂ ਮਦਦ ਮਿਲੀ, ਜੋ ਅਜਿਹੀ ਪਿੱਚ 'ਤੇ ਘਾਤਕ ਤਿੱਕੜੀ ਜਾਪਦੀ ਹੈ।

ਭਾਰਤ ਨੇ ਅੱਗੇ ਟੂਰਨਾਮੈਂਟ ਵਿੱਚ ਇਸ ਤੋਂ ਵੀ ਸਖ਼ਤ ਅਜ਼ਮਾਇਸ਼ ਦਾ ਸਾਹਮਣਾ ਕਰਨਾ ਹੈ, ਪਰ ਭਾਰਤ ਕੋਲ ਉਨ੍ਹਾਂ ਟੀਮਾਂ ਖਿਲਾਫ ਘਰੇਲੂ ਹਾਲਾਤ ਦਾ ਫਾਇਦਾ ਹੈ, ਜੋ ਲਾਹੌਰ ਅਤੇ ਕਰਾਚੀ ਦੀਆਂ ਬੱਲੇਬਾਜ਼ਾਂ ਦੇ ਮੁਆਫ਼ਕ ਪਿੱਚਾਂ 'ਤੇ ਖੇਡ ਰਹੀਆਂ ਹਨ। ਇੱਥੇ ਇੱਕ ਵੱਡਾ ਮੌਕਾ ਹੈ, ਜਿਸ ਦਾ ਭਾਰਤ ਬਹੁਤ ਜ਼ਿਆਦਾ ਫਾਇਦਾ ਉਠਾਉਣ ਦੇ ਸਮਰੱਥ ਹੈ।

*-ਪ੍ਰਦੀਪ ਮੈਗਜ਼ੀਨ*

# ਪੰਜਾਬ ਵਿਧਾਨ ਸਭਾ ਵੱਲੋਂ ਖੇਤੀ ਵਪਾਰ ਸੰਬੰਧੀ ਖਰੜਾ ਰੱਦ

ਕਿਸਮ ਦੇ ਸੁਆਲ ਉਠਾਏ ਹਨ, ਜਿਨ੍ਹਾਂ ਦੀ ਜੇ ਮਜਬੂਤੀ ਨਾਲ ਤੰਦ ਫੜ ਲਈ ਜਾਵੇ ਤਾਂ ਪੰਜਾਬ ਦੀ ਸਾਰੀ ਉਲਝੀ ਹੋਈ ਤਾਣੀ ਸੁਲਝ ਸਕਦੀ ਹੈ।

ਖੇਤੀ ਵਪਾਰ ਸੰਬੰਧੀ ਕੇਂਦਰ ਵੱਲੋਂ ਰਾਜਾਂ ਨੂੰ ਭੇਜੇ ਗਏ ਮਸੌਦੇ 'ਤੇ ਬਹਿਸ ਵਿੱਚ ਹਿੱਸਾ ਲੈਂਦਿਆਂ ਪਰਗਟ ਸਿੰਘ ਨੇ ਕਿਹਾ ਕਿ ਖੇਤੀ ਵਪਾਰ ਵਾਲੇ ਖਰੜੇ ਦੇ ਨਾਲ ਹੀ ਪੰਜਾਬ ਨੂੰ ਕੇਂਦਰ ਦੀ ਵਿਦਿਅਕ ਨੀਤੀ ਵੀ ਰੱਦ ਕਰ ਦੇਣੀ ਚਾਹੀਦੀ। ਕੇਂਦਰ ਵੱਲੋਂ ਲਿਆਂਦੀ ਗਈ ਵਿਦਿਅਕ ਨੀਤੀ ਸਿੱਖਿਆ ਦਾ ਖੇਤਰ ਰਾਜਾਂ ਤੋਂ ਖੋਹਣ ਵੱਲ ਅਗਰਸਰ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਨੂੰ ਇੱਕ ਪੁਲਿਸ ਸਟੇਟ ਬਣਨ ਤੋਂ ਰੋਕਿਆ ਜਾਵੇ। ਇਹ ਦੋਨੋਂ ਮਸਲੇ ਪੰਜਾਬ ਦੇ ਸਿਆਸੀ, ਸੱਭਿਆਚਰਕ ਖੇਤਰ ਅਤੇ ਇਤਿਹਾਸ ਨਾਲ ਜੁੜੇ ਹੋਏ ਹਨ। ਹਿੰਦੋਸਤਾਨ ਵੱਖ-ਵੱਖ ਇਤਿਹਾਸ ਵਾਲੇ ਵਿਲੱਖਣ ਸੱਭਿਆਚਾਰਾਂ ਦਾ ਮੁਲਕ ਹੈ। ਇਸ ਲਈ ਹਰ ਰਾਜ ਨੂੰ ਆਪਣੀ ਵਿਦਿਅਕ ਨੀਤੀ ਆਪਣੇ ਰਾਜ ਦੀਆਂ ਲੋੜਾਂ ਦੇ ਅਨੁਕੂਲ ਬਣਾਉਣ ਦਾ ਹੱਕ ਹੋਣਾ ਚਾਹੀਦਾ ਹੈ। ਦੇਸ਼ ਦੇ ਬਹੁਤੇ ਰਾਜਾਂ ਦੀ ਹੋਂਦ ਆਪੋ ਆਪਣੀ ਮਾਂ ਬੋਲੀ ਨਾਲ ਵੀ ਜੁੜੀ ਹੋਈ ਹੈ। ਮਨੋਵਿਗਿਆਨ ਦੇ ਖੇਤਰ ਵਿੱਚ ਹੁਣ ਇਹ ਸਰਬ ਪ੍ਰਵਾਨਤ ਸੱਚ ਹੈ ਕਿ ਉਹ ਬੱਚੇ ਹੀ ਕਿਸੇ ਦੂਜੀ ਭਾਸ਼ਾ ਨੂੰ ਚੰਗੀ ਤਰ੍ਹਾਂ ਸਿੱਖ ਸਕਦੇ ਹਨ, ਜਿਨ੍ਹਾਂ ਦੀ ਆਪਣੀ ਮਾਂ ਬੋਲੀ 'ਤੇ ਪਕੜ ਮਜਬੂਤ ਹੋਵੇਗੀ। ਸਾਰਾ ਪੰਜਾਬ ਅੰਗਰੇਜ਼ੀ/ਹਿੰਦੀ ਵੱਲ ਭੱਜਿਆ ਹੋਇਆ ਹੈ ਅਤੇ ਪੰਜਾਬੀ ਗਲਤ ਬੋਲਣ/ਲਿਖਣ ਲੱਗ ਪਿਆ ਹੈ; ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਪੰਜਾਬ ਦੇ ਲੋਕਾਂ ਨੂੰ ਅੰਗਰੇਜ਼ੀ, ਹਿੰਦੀ ਜਾਂ ਕੋਈ ਹੋਰ ਭਾਸ਼ਾ ਨਹੀਂ ਸਿੱਖਣੀ ਚਾਹੀਦੀ। ਮਨੋਵਿਗਿਆਨ ਨੇ ਇਸ ਸੱਚ 'ਤੇ ਵੀ ਮੋਹਰ ਲਾ ਦਿੱਤੀ ਹੈ ਕਿ ਨਿੱਕਾ ਬੱਚਾ ਇੱਕ ਤੋਂ ਵੱਧ ਭਾਸ਼ਾਵਾਂ ਵੀ ਤੇਜ਼ੀ ਨਾਲ ਸਿੱਖ ਸਕਦਾ ਹੈ। ਅਸਲ ਵਿੱਚ 7 ਸਾਲ ਦੀ ਉਮਰ ਤੱਕ ਬੱਚੇ ਇੱਕ ਤੋਂ ਜ਼ਿਆਦਾ ਭਾਸ਼ਾਵਾਂ ਵਧੇਰੇ ਆਸਾਨੀ ਨਾਲ ਸਿੱਖਦੇ ਹਨ। ਕਿਸੇ ਕੌਮ/ਕੌਮੀਅਤ/ਸੱਭਿਆਚਾਰ ਦੀ ਬੋਲੀ ਅਤੇ ਸਿੱਖਿਆ ਦਾ ਮਸਲਾ ਬੇਹੱਦ ਗੰਭੀਰ ਹੈ ਤੇ ਇਸ 'ਤੇ ਪੰਜਾਬ ਸਰਕਾਰ ਨੂੰ ਸਪਸ਼ਟ ਸਟੈਂਡ ਲੈਣਾ ਚਾਹੀਦਾ ਹੈ। ਇਹ ਸਿੱਖਿਆ, ਬੋਲੀ ਅਤੇ ਸੱਭਿਆਚਾਰ ਦਾ ਖੇਤਰ ਹੀ ਹੈ, ਜਿਥੇ ਮਨੁੱਖੀ ਮਨ, ਸ਼ਖਸੀਅਤ ਅਤੇ ਉਸ ਦੇ ਸਮਾਜਕ ਸੰਬੰਧਾਂ ਦੀ ਘਾੜਤ ਘੜੀ ਜਾਂਦੀ ਹੈ। ਜਿਹੋ ਜਿਹੀ ਸਿੱਖਿਆ ਹੋਵੇਗੀ, ਉਹੋ ਜਿਹਾ ਤੁਹਾਡਾ ਸਮਾਜੀ ਭਵਿੱਖ ਹੋਵੇਗਾ।

ਦੂਜਾ ਮਸਲਾ ਇਆਲੀ ਤੋਂ ਅਕਾਲੀ ਦਲ ਦੇ ਆਗੂ ਮਨਪ੍ਰੀਤ ਸਿੰਘ ਇਆਲੀ ਨੇ ਚੁੱਕਿਆ ਹੈ। ਲੁਧਿਆਣਾ ਜ਼ਿਲ੍ਹੇ ਦੇ ਪਿੰਡ ਭੂੰਦੜੀ ਦੇ ਲੋਕ ਆਪਣੇ ਵਸੇਬੇ ਦੇ ਨਜ਼ਦੀਕ ਗੈਸ ਦੀ ਫੈਕਟਰੀ ਲਗਾਏ ਜਾਣ ਦਾ ਵਿਰੋਧ ਕਰ ਰਹੇ ਹਨ, ਜਦਕਿ ਕਾਨੂੰਨਨ 300 ਗਜ਼ ਦੇ ਘੇਰੇ ਵਿੱਚ ਇਸ ਕਿਸਮ ਦਾ ਕੋਈ ਪਲਾਂਟ ਨਹੀਂ ਲਗਾਇਆ ਜਾ ਸਕਦਾ। ਕਿਸਾਨੀ-ਵਾਤਾਵਰਣ, ਸਿੱਖਿਆ ਅਤੇ ਵਾਤਾਵਰਣ ਦੇ ਗੰਭੀਰ ਵਿਗਾੜ ਅੱਜ ਪੰਜਾਬ ਦੇ ਕੇਂਦਰੀ ਮਸਲੇ ਹਨ। ਇਨ੍ਹਾਂ ਨਾਲ ਹੀ ਸਾਡੀ ਹੋਂਦ ਦਾ ਮਸਲਾ ਜੁੜਿਆ ਹੋਇਆ ਹੈ। ਮਾਲਵੇ ਵਿੱਚ ਇੱਕ ਸ਼ਰਾਬ ਫੈਕਟਰੀ ਵੱਲੋਂ ਪਿੰਡਾਂ ਦਾ ਪਾਣੀ ਦੂਸ਼ਤ ਕਰਨ ਦੇ ਖਿਲਾਫ ਇੱਕ ਮੋਰਚਾ ਪਹਿਲਾਂ ਹੀ ਚੱਲ ਰਿਹਾ ਹੈ। ਸਮਾਜ ਸੇਵੀ ਲੱਖਾ ਸਿਧਾਣਾ ਤੇ ਅਮਿਤੋਜ ਮਾਨ ਬੁੱਢੇ ਨਾਲੇ ਅਤੇ ਸਤਲੁਜ ਦਰਿਆ ਦੇ ਪ੍ਰਦੂਸ਼ਣ ਦਾ ਮਾਮਲਾ ਪਿਛਲੇ ਕਾਫੀ ਸਮੇਂ ਤੋਂ ਲਗਾਤਾਰ ਚੁੱਕ ਰਹੇ ਹਨ।

ਚਕਾਚੌਂਧ ਦੇ ਹਰਜਾਨੇ

# ਗੈਰ-ਕਾਨੂੰਨੀ ਪਰਵਾਸ, ਆਰਥਿਕ ਉਜਾੜਾ ਤੇ ਫਰਜ਼ੀ ਟਰੈਵਲ ਏਜੰਟ

ਪੰਜਾਬੀ ਪਰਵਾਜ਼ ਬਿਊਰੋ

ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਮਾਸੂਮ ਲੋਕਾਂ ਨੂੰ ਗੈਰ-ਕਾਨੂੰਨੀ ਤੌਰ 'ਤੇ ਵਿਦੇਸ਼ ਭੇਜ ਕੇ ਧੋਖਾਧੜੀ ਕਰਨ ਵਾਲੇ ਅਣਅਧਿਕਾਰਤ ਟਰੈਵਲ ਏਜੰਟਾਂ ਖ਼ਿਲਾਫ਼ ਕਾਰਵਾਈ ਦੀ ਮੰਗ ਕਰਦੀ ਇੱਕ ਬੇਨਤੀ 'ਤੇ ਫੈਸਲਾ ਲੈਣ ਦਾ ਨਿਰਦੇਸ਼ ਦਿੱਤਾ ਹੈ। ਚੀਫ਼ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਹਰਮੀਤ ਸਿੰਘ ਗਰੇਵਾਲ ਦੇ ਬੈਂਚ ਨੇ ਵਕੀਲ ਕੰਵਰ ਪਹੁਲ ਸਿੰਘ ਦੀ ਪਟੀਸ਼ਨ ਦਾ ਨਿਬੇੜਾ ਕਰਦੇ ਹੋਏ ਇਹ ਹਦਾਇਤ ਕੀਤੀ। ਪਟੀਸ਼ਨਰ ਨੇ 'ਇਮੀਗ੍ਰੇਸ਼ਨ ਜਾਂਚ ਚੌਕੀਆਂ' ਦੀ ਸਥਾਪਨਾ ਅਤੇ 'ਪ੍ਰਮਾਣਿਤ ਭਰਤੀ ਏਜੰਟਾਂ' ਦੀ ਇੱਕ ਨਵੀਂ ਸੂਚੀ ਜਾਰੀ ਕਰਨ ਦੀ ਮੰਗ ਵੀ ਕੀਤੀ ਸੀ।


ਹਾਲ ਹੀ ਵਿੱਚ ਅਮਰੀਕਾ ਵੱਲੋਂ ਗੈਰ-ਕਾਨੂੰਨੀ ਤੌਰ 'ਤੇ ਭਾਰਤੀ ਪਰਵਾਸੀਆਂ ਨੂੰ ਡਿਪੋਰਟ ਕੀਤੇ ਜਾਣ ਤੋਂ ਬਾਅਦ ਇਹ ਪਟੀਸ਼ਨ ਦਾਇਰ ਕੀਤੀ ਗਈ ਸੀ। ਪਟੀਸ਼ਨ ਵਿੱਚ ਇਮੀਗ੍ਰੇਸ਼ਨ ਐਕਟ 1983 ਤਹਿਤ ਪੰਜਾਬ ਵਿੱਚ ਚੈੱਕ ਪੋਸਟਾਂ ਦੀ ਸਥਾਪਨਾ ਕਰਨ ਲਈ ਫੌਰੀ ਕਦਮ ਉਠਾਉਣ ਦਾ ਨਿਰਦੇਸ਼ ਦੇਣ ਦੀ ਮੰਗ ਕੀਤੀ ਗਈ ਸੀ ਤਾਂ ਜੋ ਇਮੀਗ੍ਰੇਸ਼ਨ ਪ੍ਰਕਿਰਿਆ ਨੂੰ ਸੁਚਾਰੂ ਬਣਾਇਆ ਜਾ ਸਕੇ ਅਤੇ ਗੈਰ-ਕਾਨੂੰਨੀ ਪਰਵਾਸ ਨੂੰ ਰੋਕਿਆ ਜਾ ਸਕੇ। ਪਟੀਸ਼ਨਰ ਨੇ ਕਿਹਾ ਸੀ, "ਹਾਲ ਹੀ ਵਿੱਚ ਅਮਰੀਕਾ ਵੱਲੋਂ ਗੈਰ-ਕਾਨੂੰਨੀ ਭਾਰਤੀ ਪਰਵਾਸੀਆਂ ਨੂੰ ਵੱਡੀ ਪੱਧਰ 'ਤੇ ਡਿਪੋਰਟ ਕੀਤੇ ਜਾਣ ਨਾਲ ਪੰਜਾਬ ਦੇ ਲੋਕਾਂ ਨੂੰ ਕਰੋੜਾਂ ਰੁਪਏ ਦਾ ਨੁਕਸਾਨ ਹੋਇਆ ਹੈ।" ਉਨ੍ਹਾਂ ਅਪੀਲ ਕੀਤੀ ਸੀ ਕਿ ਪ੍ਰਮਾਣਿਤ ਭਰਤੀ ਏਜੰਟਾਂ ਅਤੇ ਵਿਦੇਸ਼ਾਂ ਵਿੱਚ ਸਥਾਪਤ ਅਧਿਕਾਰਤ ਰੁਜ਼ਗਾਰਦਾਤਾਵਾਂ ਦੀ ਸੂਚੀ ਨੂੰ ਅਪਗਰੇਡ ਕੀਤਾ ਜਾਵੇ ਤਾਂ ਜੋ ਲੋਕ ਇਮੀਗ੍ਰੇਸ਼ਨ ਪ੍ਰਕਿਰਿਆ ਤੱਕ ਆਸਾਨੀ ਨਾਲ ਪਹੁੰਚ ਸਕਣ ਅਤੇ ਫ਼ਰਜ਼ੀ ਟਰੈਵਲ ਏਜੰਟਾਂ ਦਾ ਸ਼ਿਕਾਰ ਹੋਣ ਤੋਂ ਬਚ ਸਕਣ। ਪਟੀਸ਼ਨਰ ਨੇ ਪੰਜਾਬ ਮਨੁੱਖੀ ਤਸਕਰੀ ਰੋਕਥਾਮ ਐਕਟ ਤਹਿਤ ਸੂਬੇ ਵਿੱਚ ਕੰਮ ਕਰ ਰਹੇ ਸਾਰੇ ਫ਼ਰਜ਼ੀ ਟਰੈਵਲ ਏਜੰਟਾਂ ਖ਼ਿਲਾਫ਼ ਫੌਰੀ ਕਾਰਵਾਈ ਦੀ ਮੰਗ ਕੀਤੀ ਹੋਈ ਹੈ, ਤਾਂ ਜੋ 'ਡੰਕੀ ਰੂਟਸ' ਰਾਹੀਂ ਮਨੁੱਖੀ ਤਸਕਰੀ ਨੂੰ ਰੋਕਿਆ ਜਾ ਸਕੇ। ਇਹ ਪਰਵਾਸੀਆਂ ਵੱਲੋਂ ਇਸਤੇਮਾਲ ਕੀਤਾ ਜਾਣ ਵਾਲਾ ਇੱਕ ਗੈਰ-ਕਾਨੂੰਨੀ ਤੇ ਖ਼ਤਰਨਾਕ ਰਸਤਾ ਹੈ।

ਕੇਂਦਰ ਸਰਕਾਰ ਵੱਲੋਂ ਪੇਸ਼ ਹੋਏ ਵਕੀਲ ਧੀਰਜ ਜੈਨ ਨੇ ਕਿਹਾ ਕਿ ਅਦਾਲਤ ਨੇ ਪਟੀਸ਼ਨਰ ਨੂੰ ਨਿਰਦੇਸ਼ ਦਿੱਤਾ ਹੈ ਕਿ ਉਹ ਸੂਬੇ ਤੇ ਕੇਂਦਰ ਸਰਕਾਰ ਦੇ ਅਧਿਕਾਰੀਆਂ ਨੂੰ ਇੱਕ ਮਹੀਨੇ ਦੇ ਅੰਦਰ ਆਪਣੀ ਅਰਜ਼ੀ ਦੇਣ। ਉਨ੍ਹਾਂ ਦੱਸਿਆ ਕਿ ਸੂਬੇ ਤੇ ਕੇਂਦਰ ਸਰਕਾਰ ਨੂੰ ਬੇਨਤੀ 'ਤੇ ਵਿਚਾਰ ਕਰ ਕੇ ਫੈਸਲਾ ਲੈਣ ਦੇ ਨਿਰਦੇਸ਼ ਦਿੱਤੇ ਗਏ ਹਨ। ਧੀਰਜ ਜੈਨ ਅਨੁਸਾਰ ਚੰਡੀਗੜ੍ਹ ਸਥਿਤ 'ਪ੍ਰੋਟੈਕਟਰ ਆਫ਼ ਇਮੀਗ੍ਰੈਂਟਸ' ਨੇ ਪਿਛਲੇ ਇੱਕ ਸਾਲ ਵਿੱਚ ਪੰਜਾਬ ਸਰਕਾਰ ਨੂੰ ਅਜਿਹੇ ਬੇਈਮਾਨ ਏਜੰਟਾਂ ਖ਼ਿਲਾਫ਼ ਕਾਰਵਾਈ ਲਈ ਕੁੱਲ 127 ਸ਼ਿਕਾਇਤਾਂ ਭੇਜੀਆਂ ਹਨ। ਇਨ੍ਹਾਂ ਵਿੱਚੋਂ 57 ਸ਼ਿਕਾਇਤਾਂ ਪੀੜਤ ਲੋਕਾਂ ਕੋਲੋਂ ਪ੍ਰਾਪਤ ਹੋਈਆਂ ਸਨ।

ਅਮਰੀਕਾ ਵੱਲੋਂ ਭਾਰਤੀ ਨੌਜਵਾਨਾਂ ਨੂੰ ਡਿਪੋਰਟ ਕੀਤੇ ਜਾਣ ਤੋਂ ਬਾਅਦ ਹਰਿਆਣਾ ਦੀ ਨਾਇਬ ਸਿੰਘ ਸੈਣੀ ਸਰਕਾਰ 7 ਮਾਰਚ ਤੋਂ ਸ਼ੁਰੂ ਹੋਣ ਵਾਲੇ ਬਜਟ ਸੈਸ਼ਨ ਵਿੱਚ ਟਰੈਵਲ ਏਜੰਸੀਆਂ ਨਾਲ ਜੁੜੇ ਬਿੱਲ ਵਿੱਚ ਸੋਧ ਕਰਕੇ ਇਸ ਨੂੰ ਪੇਸ਼ ਕਰਨ ਦੀ ਤਿਆਰੀ ਕਰ ਹਰੀ ਹੈ ਤਾਂ ਜੋ ਗਲਤ ਢੰਗ ਨਾਲ ਨੌਜਵਾਨਾਂ ਨੂੰ ਬਾਹਰ ਭੇਜਣ ਵਾਲੇ ਅਤੇ ਕਬੂਤਰਬਾਜ਼ੀ ਕਰਨ ਵਾਲੇ ਟਰੈਵਲ ਏਜੰਟਾਂ ਵਿਰੁੱਧ ਸਖਤ ਕਾਰਵਾਈ ਕੀਤੀ ਜਾ ਸਕੇ। ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਸਰਕਾਰ ਵੱਲੋਂ ਪਿਛਲੇ ਸਮੇਂ ਦੌਰਾਨ ਟਰੈਵਲ ਏਜੰਸੀਆਂ ਨਾਲ ਸਬੰਧਤ ਇੱਕ ਬਿੱਲ ਪਾਸ ਕੀਤਾ ਗਿਆ ਸੀ, ਪਰ ਰਾਸ਼ਟਰਪਤੀ ਭਵਨ ਤੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਇਸ ਬਿੱਲ ਵਿਚਲੀਆਂ ਕੁਝ ਖਾਮੀਆਂ ਕਾਰਨ ਇਸ ਨੂੰ ਰੋਕ ਲਿਆ ਸੀ। ਇਸੇ ਕਰਕੇ ਹਰਿਆਣਾ ਸਰਕਾਰ ਵੱਲੋਂ ਮੁੜ ਤੋਂ ਉਸ ਬਿੱਲ ਵਿੱਚ ਸੋਧ ਕਰਕੇ ਪੇਸ਼ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ। ਹਰਿਆਣਾ ਦੇ ਗ੍ਰਹਿ ਮੰਤਰਾਲੇ ਵੱਲੋਂ ਟਰੈਵਲ ਏਜੰਸੀਆਂ ਨਾਲ ਜੁੜੇ ਹੋਏ ਬਿੱਲ ਵਿੱਚ ਕੁਝ ਸੋਧਾਂ ਕਰਨ ਬਾਰੇ ਵਿਚਾਰ-ਚਰਚਾ ਕੀਤੀ ਜਾ ਰਹੀ ਹੈ। ਹਰਿਆਣਾ ਦੇ ਐਡਵੋਕੇਟ ਜਨਰਲ ਵੀ ਇਸ ਬਿੱਲ ਬਾਰੇ ਲਗਾਤਾਰ ਮੀਟਿੰਗਾਂ ਕਰ ਰਹੇ ਹਨ। ਗ੍ਰਹਿ ਮੰਤਰਾਲੇ ਵੱਲੋਂ ਬਿੱਲ ਦਾ ਖਰੜਾ ਤਿਆਰ ਕਰਕੇ ਮੁੱਖ ਮੰਤਰੀ ਕੋਲ ਭੇਜਿਆ ਜਾਵੇਗਾ, ਜਿਨ੍ਹਾਂ ਵੱਲੋਂ ਅੱਗੇ ਬਿੱਲ ਨੂੰ ਬਜਟ ਸੈਸ਼ਨ ਵਿੱਚ ਪੇਸ਼ ਕਰਨ ਬਾਰੇ ਰਣਨੀਤੀ ਤਿਆਰ ਕੀਤੀ ਜਾਵੇਗੀ।

ਇਸੇ ਦੌਰਾਨ ਲੋਕ ਭਲਾਈ ਪਾਰਟੀ ਦੇ ਕੌਮੀ ਪ੍ਰਧਾਨ ਅਤੇ ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਅਤੇ ਸੀਨੀਅਰ ਮੀਤ ਪ੍ਰਧਾਨ ਅਮਰੀਕ ਸਿੰਘ ਵਰਪਾਲ ਨੇ ਪੰਜਾਬ 'ਚ ਫੈਲੇ ਫ਼ਰਜ਼ੀ ਟਰੈਵਲ ਏਜੰਟਾਂ ਦੇ ਨੈੱਟਵਰਕ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਹਰ ਪਾਸੇ ਪੰਜਾਬੀਆਂ ਦੀ ਹੁੰਦੀ ਲੁੱਟ ਦਾ ਮਾਮਲਾ ਭਖਿਆ ਹੋਇਆ ਤੇ ਪੰਜਾਬ ਦੇ ਕੈਬਨਿਟ ਮੰਤਰੀ, ਵਿਧਾਇਕ ਤੇ ਸੰਸਦ ਮੈਂਬਰ ਤਮਾਸ਼ਬੀਨ ਬਣੇ ਹੋਏ ਹਨ। ਉਨ੍ਹਾਂ ਕਿਹਾ ਕਿ ਲੱਖਾਂ ਪੰਚ-ਸਰਪੰਚ, ਧਾਰਮਿਕ ਹਸਤੀਆਂ, ਬੁੱਧੀਜੀਵੀ, ਵਿਦਿਆਰਥੀ ਅਤੇ ਮੁਲਾਜ਼ਮ ਜਥੇਬੰਦੀਆਂ ਵੱਲੋਂ ਫ਼ਰਜ਼ੀ ਟਰੈਵਲ ਏਜੰਟਾਂ ਵਿਰੁੱਧ ਚੁੱਪ ਗੰਭੀਰ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਦੇ ਖ਼ੂਨ-ਪਸੀਨੇ ਦੀ ਕਮਾਈ ਦੀ ਲੁੱਟ ਰੋਕਣ ਲਈ ਵਿਧਾਨ ਸਭਾ ਅਤੇ ਲੋਕ ਸਭਾ ਵਿੱਚ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਖ਼ਾਮੋਸ਼ ਹਨ, ਜਦੋਂਕਿ ਇਸ ਸੰਵੇਦਨਸ਼ੀਲ ਮੁੱਦੇ 'ਤੇ ਸਾਰੀਆਂ ਧਿਰਾਂ ਨੂੰ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਸਾਂਝਾ ਹੰਭਲਾ ਮਾਰਨਾ ਚਾਹੀਦਾ ਹੈ।

ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਸਰਕਾਰ ਨੂੰ ਮਨੁੱਖੀ ਤਸਕਰੀ ਵਿੱਚ ਸ਼ਾਮਲ ਅਣਅਧਿਕਾਰਤ ਟਰੈਵਲ ਏਜੰਟਾਂ ਵਿਰੁੱਧ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਜਾਣ ਦੀ ਸ਼ਲਾਘਾ ਕੀਤੀ ਹੈ। ਉਨ੍ਹਾਂ ਅਦਾਲਤ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਦੀ 'ਆਪ' ਸਰਕਾਰ ਨੂੰ ਅਮਰੀਕਾ ਵੱਲੋਂ ਵਾਪਸ ਭੇਜੇ ਪੰਜਾਬੀਆਂ ਦੇ ਮੁੜ ਵਸੇਬੇ ਲਈ ਨਿਰਦੇਸ਼ ਦੇਵੇ। ਉਨ੍ਹਾਂ ਕਿਹਾ ਕਿ ਟਰੰਪ ਪ੍ਰਸ਼ਾਸਨ ਵੱਲੋਂ ਜਿਨ੍ਹਾਂ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ ਗਏ ਪੰਜਾਬੀਆਂ ਨੂੰ ਡਿਪੋਰਟ ਕੀਤਾ ਜਾ ਚੁੱਕਾ ਹੈ, ਉਨ੍ਹਾਂ ਨੇ ਗੈਰ-ਕਾਨੂੰਨੀ ਟਰੈਵਲ ਏਜੰਟਾਂ ਨੂੰ ਜੋ ਭੁਗਤਾਨ ਕੀਤਾ ਹੈ, ਪੰਜਾਬ ਸਰਕਾਰ ਨੂੰ ਇਨ੍ਹਾਂ ਟਰੈਵਲ ਏਜੰਟਾਂ ਤੋਂ ਪੀੜਤਾਂ ਨੂੰ ਪੈਸੇ ਵਾਪਸ ਕਰਵਾਉਣੇ ਚਾਹੀਦੇ ਹਨ।




ਟਰੰਪ ਪ੍ਰਸ਼ਾਸਨ ਦੀਆਂ ਇਮੀਗ੍ਰੇਸ਼ਨ ਨੀਤੀਆਂ ਵਿਰੁੱਧ ਪਿਛਲੇ ਦਿਨੀਂ ਨਿਊ ਯਾਰਕ 'ਚ ਕੱਢੀ ਗਈ ਰੈਲੀ ਦਾ ਇੱਕ ਦ੍ਰਿਸ਼

## ਗ਼ੈਰ-ਕਾਨੂੰਨੀ ਪਰਵਾਸ ਦੇ ਕਾਰੋਬਾਰ ਦਾ ਧੰਦਾ

*ਇੱਕ ਖ਼ਬਰ ਵਿੱਚ ਅਮਰੀਕਾ 'ਚੋਂ ਕੱਢੇ ਗਏ 333 ਭਾਰਤੀਆਂ ਦੀ ਵਾਪਸੀ ਨਾਲ ਇਸ ਤੱਥ ਦਾ ਖ਼ੁਲਾਸਾ ਹੋਇਆ ਹੈ ਕਿ ਪੰਜਾਬ ਤੋਂ ਵਿਕਸਤ ਮੁਲਕਾਂ ਵੱਲ ਗ਼ੈਰ-ਕਾਨੂੰਨੀ ਪਰਵਾਸ ਦੇ ਕਾਰੋਬਾਰ ਦਾ ਧੰਦਾ ਸੈਂਕੜੇ ਕਰੋੜ ਰੁਪਏ ਦਾ ਹੈ। ਇਹ ਸਿਰਫ਼ ਗ਼ੈਰ-ਕਾਨੂੰਨੀ ਪਰਵਾਸ ਦਾ ਮੁੱਦਾ ਨਹੀਂ ਹੈ, ਸਗੋਂ ਇਸ 'ਚ ਏਸ਼ੀਆ, ਯੂਰਪ, ਲਾਤੀਨੀ ਅਮਰੀਕਾ ਤੇ ਉੱਤਰੀ ਅਮਰੀਕਾ ਦੇ ਮੁਲਕਾਂ ਅਤੇ ਮਹਾਦੀਪਾਂ 'ਚ ਫੈਲੇ ਅਰਬਾਂ ਰੁਪਏ ਦੇ ਮਨੀ ਲਾਂਡਰਿੰਗ ਤੇ ਮਨੁੱਖੀ ਤਸਕਰੀ ਦਾ ਮਾਮਲਾ ਵੀ ਸ਼ਾਮਲ ਹੈ। ਹਰੇਕ ਡਿਪੋਰਟੀ ਨੇ ਆਖਿਆ ਹੈ ਕਿ ਉਨ੍ਹਾਂ ਵਿਦੇਸ਼ ਜਾਣ ਲਈ 40 ਲੱਖ ਜਾਂ ਉਸ ਤੋਂ ਵੱਧ ਦੀ ਰਕਮ ਅਦਾ ਕੀਤੀ ਸੀ। ਕੁਝ ਨੇ ਤਾਂ ਏਜੰਟਾਂ ਨੂੰ 80 ਲੱਖ ਰੁਪਏ ਦੇਣ ਦੇ ਵੀ ਦਾਅਵੇ ਕੀਤੇ ਹਨ, ਜਦਕਿ ਜਾਇਜ਼ ਢੰਗ ਨਾਲ ਸਟੂਡੈਂਟ ਵੀਜ਼ੇ 'ਤੇ ਅਮਰੀਕਾ ਜਾਣ ਲਈ ਇੱਕ ਨੌਜਵਾਨ ਨੂੰ 18 ਲੱਖ ਰੁਪਏ ਦੇ ਆਸ-ਪਾਸ ਦੇਣੇ ਪੈਂਦੇ ਹਨ। ਇੱਕ ਸੇਵਾਮੁਕਤ ਬੈਂਕਰ ਅਨਿਲ ਵਿਨਾਇਕ ਅਨੁਸਾਰ, ਜੇ ਮੰਨ ਲਿਆ ਜਾਵੇ ਕਿ ਇੱਕ ਡਿਪੋਰਟੀ ਨੇ ਏਜੰਟ ਨੂੰ ਘੱਟੋ ਘੱਟ 40 ਲੱਖ ਰੁਪਏ ਅਦਾ ਕੀਤੇ ਸਨ ਤਾਂ 333 ਡਿਪੋਰਟੀਆਂ ਨੇ ਕੁੱਲ ਮਿਲਾ ਕੇ 133 ਕਰੋੜ ਰੁਪਏ ਖ਼ਰਚੇ ਹਨ। ਇਸ ਵਰਤਾਰੇ ਦਾ ਦੂਜਾ ਪਹਿਲੂ ਇਹ ਵੀ ਹੈ ਕਿ ਗ਼ੈਰ-ਕਾਨੂੰਨੀ ਢੰਗ ਨਾਲ ਵਿਦੇਸ਼ ਜਾਣ 'ਤੇ ਨੱਥ ਪਾਉਣ ਦੀਆਂ ਕਈ ਯੋਜਨਾਵਾਂ ਸ਼ੁਰੂ ਕਰਨ ਦੇ ਬਾਵਜੂਦ ਸਰਕਾਰ ਇਸ 'ਤੇ ਕਾਬੂ ਨਹੀਂ ਪਾ ਸਕੀ ਹੈ। ਸਾਬਕਾ ਤਕਨੀਕੀ ਸਿੱਖਿਆ ਮੰਤਰੀ ਮਦਨ ਮੋਹਨ ਮਿੱਤਲ ਨੇ ਸਾਲ 2015 'ਚ ਪੰਜਾਬ ਪ੍ਰੋਗਰੈਸਿਵ ਸਮਿਟ ਦੌਰਾਨ ਐਲਾਨ ਕੀਤਾ ਸੀ ਕਿ ਸਰਕਾਰ ਨੌਜਵਾਨਾਂ 'ਚ ਵਿਦੇਸ਼ ਵਸਣ ਦੀ ਚਾਹਤ ਨੂੰ ਪੂਰਾ ਕਰਨ ਲਈ ਡਿਗਰੀ ਦੇ ਨਾਲ ਨਾਲ ਘੱਟ ਸਮੇਂ ਦਾ ਸਿਖਲਾਈ ਪ੍ਰੋਗਰਾਮ ਸ਼ੁਰੂ ਕਰੇਗੀ, ਜਿਸ ਨਾਲ ਉਨ੍ਹਾਂ ਨੂੰ ਆਸਟਰੇਲੀਆ, ਅਮਰੀਕਾ, ਸਾਊਦੀ ਅਰਬ ਅਤੇ ਹੋਰ ਮੁਲਕਾਂ 'ਚ ਵਰਕ ਵੀਜ਼ਾ ਲੈਣ 'ਚ ਸਹਾਇਤਾ ਮਿਲੇਗੀ।*

# ਅਮਰੀਕਾ ਤੋਂ ਮੋੜੇ ਪਰਵਾਸੀਆਂ ਦਾ ਕੌੜਾ ਸੱਚ

ਪ੍ਰਿੰਸੀਪਲ ਵਿਜੈ ਕੁਮਾਰ

ਗੈਰ-ਕਾਨੂੰਨੀ ਪਰਵਾਸੀਆਂ ਨੂੰ ਕਿਸੇ ਪੱਛਮੀ ਦੇਸ਼ ਵੱਲੋਂ ਉਨ੍ਹਾਂ ਦੇ ਦੇਸ਼ਾਂ ਨੂੰ ਮੋੜ ਕੇ ਭੇਜਣ ਦਾ ਇਹ ਕੋਈ ਪਹਿਲਾ ਅਤੇ ਆਖ਼ਰੀ ਮਸਲਾ ਨਹੀਂ ਹੈ। ਇਸ ਤੋਂ ਪਹਿਲਾਂ ਵੀ ਕਈ ਦੇਸ਼ਾਂ ਵੱਲੋਂ ਅਜਿਹਾ ਕੀਤਾ ਜਾਂਦਾ ਰਿਹਾ ਹੈ, ਪਰ ਇਸ ਵੇਲੇ ਟਰੰਪ ਸਰਕਾਰ ਵੱਲੋਂ ਵੱਖ-ਵੱਖ ਦੇਸ਼ਾਂ ਦੇ ਖ਼ਾਸ ਕਰਕੇ ਭਾਰਤ ਦੇ ਪਰਵਾਸੀਆਂ ਨੂੰ ਜਿਸ ਢੰਗ ਨਾਲ ਮੋੜਿਆ ਗਿਆ ਹੈ, ਉਸ ਕਾਰਨ ਅੰਤਰਰਾਸ਼ਟਰੀ ਪੱਧਰ 'ਤੇ ਇਹ ਮਾਮਲਾ ਕਾਫ਼ੀ ਭਖਿਆ ਹੋਇਆ ਹੈ। ਇਹ ਮਸਲਾ ਟਰੰਪ ਸਰਕਾਰ, ਵੱਖ ਵੱਖ ਦੇਸ਼ਾਂ ਦੀਆਂ ਸਰਕਾਰਾਂ, ਏਜੰਟਾਂ ਅਤੇ ਪਰਵਾਸੀਆਂ ਨਾਲ ਜੁੜਿਆ ਹੋਇਆ ਹੈ।

ਪਹਿਲਾਂ ਇਹ ਗੱਲ ਸਪੱਸ਼ਟ ਕਰ ਦੇਣੀ ਚਾਹੀਦੀ ਹੈ ਕਿ ਇਹ ਮਾਮਲਾ ਕੂਟਨੀਤਕ ਰਾਜਨੀਤੀ ਦਾ ਹੈ। ਟਰੰਪ ਸਰਕਾਰ ਦੁਨੀਆ ਦੇ ਦੂਜੇ ਦੇਸ਼ਾਂ ਉੱਤੇ ਆਪਣਾ ਦਬਾਅ ਬਣਾਉਣਾ ਚਾਹੁੰਦੀ ਹੈ। ਟਰੰਪ ਸਰਕਾਰ ਨੂੰ ਪੁੱਛੇ ਜਾਣ ਵਾਲੇ ਸਵਾਲ ਇਹ ਹਨ ਕਿ ਕੀ ਗ਼ਲਤ ਢੰਗਾਂ ਨਾਲ ਅਮਰੀਕਾ ਵਿੱਚ ਆਉਣ ਵਾਲੇ ਪਰਵਾਸੀਆਂ ਨੂੰ ਰੋਕਣਾ ਉਨ੍ਹਾਂ ਦੀ ਜ਼ਿੰਮੇਵਾਰੀ ਨਹੀਂ ਹੈ? ਜਿਨ੍ਹਾਂ ਸਰਹੱਦਾਂ ਤੋਂ ਪਰਵਾਸੀ ਡੌਂਕੀ ਜਾਂ ਹੋਰ ਢੰਗਾਂ ਰਾਹੀਂ ਅਮਰੀਕਾ ਵਿੱਚ ਦਾਖਲ ਹੁੰਦੇ ਹਨ, ਉਨ੍ਹਾਂ ਸਰਹੱਦਾਂ ਅਤੇ ਉਨ੍ਹਾਂ ਢੰਗਾਂ ਉੱਤੇ ਸਖ਼ਤੀ ਕਰਨੀ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਨਹੀਂ ਹੈ? ਪਰਵਾਸੀਆਂ ਨੂੰ ਰਾਜਨੀਤਕ ਸ਼ਰਨ ਦੇਣ ਲਈ ਸ਼ਰਨਾਰਥੀ ਬਣਾ ਕੇ ਅਮਰੀਕਾ ਵਿੱਚ ਕੌਣ ਬਲਾਉਂਦਾ ਹੈ? ਇਨ੍ਹਾਂ ਪਰਵਾਸੀ ਮੁੰਡੇ-ਕੁੜੀਆਂ ਨੂੰ ਫਿਰਕਾਪ੍ਰਸਤੀ ਦੀ ਆੜ ਵਿੱਚ ਭੜਕਾ ਕੇ ਦੂਜੇ ਦੇਸ਼ਾਂ ਵਿੱਚ ਅਸਥਿਰਤਾ ਕੌਣ ਪੈਦਾ ਕਰਦਾ ਹੈ? ਇਨ੍ਹਾਂ ਪਰਵਾਸੀਆਂ ਵੱਲੋਂ ਕੀਤੇ ਜਾਣ ਵਾਲੇ ਨਸ਼ੇ, ਲੁੱਟਮਾਰ, ਧੋਖਾ-ਧੜੀ, ਹੇਰਾ-ਫੇਰੀਆਂ ਅਤੇ ਹੋਰ ਗ਼ਲਤ ਕੰਮਾਂ ਨੂੰ ਸਖ਼ਤੀ ਨਾਲ ਕਿਉਂ ਨਹੀਂ ਰੋਕਿਆ ਜਾਂਦਾ? ਟਰੰਪ ਸਰਕਾਰ ਇਨ੍ਹਾਂ ਸਵਾਲਾਂ ਦਾ ਜਵਾਬ ਦਿੱਤੇ ਬਿਨਾਂ ਆਪਣੇ ਆਪ ਨੂੰ ਬੇਕਸੂਰ ਸਿੱਧ ਨਹੀਂ ਕਰ ਸਕਦੀ।

ਹੁਣ ਗ਼ਲਤ ਢੰਗਾਂ ਨਾਲ ਅਮਰੀਕਾ ਗਏ ਪਰਵਾਸੀਆਂ ਨੂੰ ਪੁੱਛੇ ਜਾਣ ਵਾਲੇ ਸਵਾਲ ਇਹ ਹਨ ਕਿ ਅਮਰੀਕਾ ਸਰਕਾਰ ਵੱਲੋਂ ਉਨ੍ਹਾਂ ਨੂੰ ਆਪਣੇ ਮੁਲਕ ਵਿੱਚੋਂ ਕੱਢੇ ਜਾਣ ਲਈ ਉਸ ਨੂੰ ਕਸੂਰਵਾਰ ਕਹਿਣ ਤੋਂ ਪਹਿਲਾਂ ਆਪਣੇ ਆਪ ਨੂੰ ਇਹ ਸਵਾਲ ਪੁੱਛਣਾ ਚਾਹੀਦਾ ਹੈ ਕਿ ਕੀ ਉਹ ਆਪਣੇ ਆਪ ਨੂੰ ਖ਼ਤਰੇ ਵਿੱਚ ਪਾ ਕੇ, ਲੱਖਾਂ ਰੁਪਏ ਖ਼ਰਚ ਕਰਕੇ ਗ਼ਲਤ ਢੰਗਾਂ ਨਾਲ ਦੂਜੇ ਮੁਲਕ ਵਿੱਚ ਜਾਣ ਦਾ ਕੰਮ ਠੀਕ ਕਰ ਰਹੇ ਹਨ? ਕੀ ਦੂਜੇ ਮੁਲਕਾਂ ਵਿੱਚ ਜਾ ਕੇ ਸਰਕਾਰ ਵੱਲੋਂ ਬਣਾਏ ਗਏ ਕਾਨੂੰਨਾਂ ਨੂੰ ਤੋੜ ਕੇ ਉਸ ਮੁਲਕ ਵਿੱਚ ਰਹਿਣਾ ਠੀਕ ਗੱਲ ਹੈ? ਕੀ ਦੂਜੇ ਦੇਸ਼ਾਂ ਵਿੱਚ ਜਾ ਕੇ ਪੈਸੇ ਕਮਾਉਣ ਲਈ ਅਪਰਾਧਕ ਕੰਮ ਕਰਨਾ ਚੰਗੀ ਗੱਲ ਹੈ? ਜਿਹੜੇ ਲੱਖਾਂ ਰੁਪਏ ਕਰਜ਼ ਚੁੱਕ ਕੇ, ਜ਼ਮੀਨ ਵੇਚ ਕੇ ਜਾਂ ਗਹਿਣੇ ਰੱਖ ਕੇ ਵਿਦੇਸ਼ ਜਾਣ ਲਈ ਖ਼ਰਚ ਕੀਤੇ ਜਾਂਦੇ ਹਨ, ਕੀ ਉਨ੍ਹਾਂ ਰੁਪਇਆਂ ਨਾਲ ਆਪਣੇ ਦੇਸ਼ ਵਿੱਚ ਰੋਟੀ ਰੋਜ਼ੀ ਨਹੀਂ ਕਮਾਈ ਜਾ ਸਕਦੀ? ਜਿਨ੍ਹਾਂ ਏਜੰਟਾਂ ਨੂੰ ਉਹ ਗ਼ਲਤ ਢੰਗ ਨਾਲ ਵਿਦੇਸ਼ ਭੇਜਣ ਲਈ ਦੋਸ਼ੀ ਦੱਸ ਰਹੇ ਹਨ, ਕੀ ਉਨ੍ਹਾਂ ਨੇ ਉਨ੍ਹਾਂ ਏਜੰਟਾਂ ਬਾਰੇ ਪਹਿਲਾਂ ਪਤਾ ਨਹੀਂ ਕੀਤਾ? ਜਦੋਂ ਉਹ ਖ਼ੁਦ ਗ਼ਲਤ ਢੰਗਾਂ ਨਾਲ ਵਿਦੇਸ਼ ਜਾਣ ਦਾ ਰਾਹ ਚੁਣਦੇ ਹਨ, ਫਿਰ ਉਹ ਟਰੰਪ ਸਰਕਾਰ ਅਤੇ ਏਜੰਟਾਂ ਨੂੰ ਦੋਸ਼ੀ ਕਿਵੇਂ ਕਹਿ ਸਕਦੇ ਹਨ?


ਵਿਦੇਸ਼ਾਂ ਵਿੱਚ ਵਸਦੇ ਕੁਝ ਪਰਵਾਸੀ ਮੁੰਡੇ-ਕੁੜੀਆਂ ਅਤੇ ਹੋਰ ਲੋਕਾਂ ਵੱਲੋਂ ਗ਼ਲਤ ਕੰਮ ਕਰਨ ਦੀਆਂ ਖ਼ਬਰਾਂ ਹਰ ਰੋਜ਼ ਮੀਡੀਆ ਵਿੱਚ ਛਪਦੀਆਂ ਰਹਿੰਦੀਆਂ ਹਨ। ਉਨ੍ਹਾਂ ਵੱਲੋਂ ਕੀਤੇ ਜਾਣ ਵਾਲੇ ਗ਼ਲਤ ਕੰਮਾਂ ਦਾ ਖਮਿਆਜ਼ਾ ਮਿਹਨਤੀ ਅਤੇ ਬੇਕਸੂਰ ਪਰਵਾਸੀਆਂ ਨੂੰ ਵੀ ਭੁਗਤਣਾ ਪੈਂਦਾ ਹੈ। ਜਿਹੜੇ ਲੋਕ ਠੀਕ ਢੰਗਾਂ ਨਾਲ ਦੂਜੇ ਦੇਸ਼ਾਂ ਵਿੱਚ ਜਾਂਦੇ ਹਨ, ਉਹ ਲੋਕ ਵਿਦੇਸ਼ਾਂ ਵਿੱਚ ਕਾਰੋਬਾਰ ਅਤੇ ਨੌਕਰੀਆਂ ਕਰਕੇ ਚੰਗੇ ਪੈਸੇ ਕਮਾਉਂਦੇ ਹਨ ਅਤੇ ਉਨ੍ਹਾਂ ਮੁਲਕਾਂ ਦੀ ਨਾਗਰਿਕਤਾ ਵੀ ਪ੍ਰਾਪਤ ਕਰਦੇ ਹਨ। ਵਿਦੇਸ਼ੀ ਮੁਲਕਾਂ ਦੀਆਂ ਸਰਕਾਰਾਂ ਇਹ ਕਿਵੇਂ ਬਰਦਾਸ਼ਤ ਕਰ ਸਕਦੀਆਂ ਹਨ ਕਿ ਗ਼ਲਤ ਢੰਗਾਂ ਨਾਲ ਪਰਵਾਸੀ ਉਨ੍ਹਾਂ ਦੇ ਮੁਲਕ 'ਚ ਆ ਕੇ ਉਨ੍ਹਾਂ ਦੇ ਮੁਲਕਾਂ ਦੇ ਕਾਨੂੰਨ ਤੋੜ ਕੇ ਉਨ੍ਹਾਂ ਲਈ ਖ਼ਤਰਾ ਪੈਦਾ ਕਰਨ!

ਹੁਣ ਸਰਕਾਰਾਂ ਦੀ ਗੱਲ ਵੀ ਕਰ ਲੈਂਦੇ ਹਾਂ। ਅਮਰੀਕਾ ਸਰਕਾਰ ਵੱਲੋਂ ਮੋੜ ਕੇ ਭੇਜੇ ਗਏ ਭਾਰਤੀ ਪਰਵਾਸੀਆਂ ਪ੍ਰਤੀ ਸਰਕਾਰ ਦਾ ਝੂਠੀ ਹਮਦਰਦੀ ਵਿਖਾਉਣਾ ਅਤੇ ਬਿਆਨਬਾਜ਼ੀ ਕਰਨਾ ਸਿਆਸੀ ਰੋਟੀਆਂ ਸੇਕਣ ਤੋਂ ਵਧ ਕੇ ਹੋਰ ਕੁਝ ਨਹੀਂ ਹੈ। ਸਾਡੇ ਨੌਜਵਾਨ ਬੱਚੇ ਲੱਖਾਂ ਰੁਪਏ ਕਰਜ਼ਾ ਚੁੱਕ ਕੇ ਅਤੇ ਗ਼ਲਤ ਢੰਗਾਂ ਨਾਲ ਵਿਦੇਸ਼ਾਂ ਵਿੱਚ ਜਾ ਕੇ ਵਸਣ ਲਈ ਇਸ ਲਈ ਮਜਬੂਰ ਹੋ ਰਹੇ ਹਨ, ਕਿਉਂਕਿ ਸਾਡੀਆਂ ਸਰਕਾਰਾਂ ਇਨ੍ਹਾਂ ਲਈ ਰੁਜ਼ਗਾਰ ਦਾ ਪ੍ਰਬੰਧ ਨਹੀਂ ਕਰ ਸਕੀਆਂ। ਸਰਕਾਰ ਹੁਣ ਅਮਰੀਕਾ ਤੋਂ ਮੁੜ ਕੇ ਆਏ ਪਰਵਾਸੀਆਂ ਨੂੰ ਭੇਜਣ ਵਾਲੇ ਏਜੰਟਾਂ ਨੂੰ ਫੜਨ ਦਾ ਵਿਖਾਵਾ ਕਰ ਰਹੀ ਹੈ। ਸਰਕਾਰ ਨੂੰ ਪੁੱਛਣਾ ਬਣਦਾ ਹੈ ਕਿ ਉਸ ਨੂੰ ਏਜੰਟਾਂ ਨੂੰ ਫੜਨ ਦੀ ਯਾਦ ਉਦੋਂ ਹੀ ਕਿਉਂ ਆਉਂਦੀ ਹੈ, ਜਦੋਂ ਬੇਰੁਜ਼ਗਾਰੀ ਦਾ ਸੰਤਾਪ ਭੋਗ ਰਹੇ ਬੱਚਿਆਂ ਨਾਲ ਅਜਿਹਾ ਕੁਝ ਮਾੜਾ ਵਾਪਰ ਜਾਂਦਾ ਹੈ।

ਹੁਣ ਸਵਾਲ ਇਹ ਹੈ ਕਿ ਪੱਛਮੀ ਦੇਸ਼ਾਂ ਵਿੱਚ ਜਾ ਕੇ ਡਾਲਰ ਕਮਾ ਕੇ ਕਰੋੜਪਤੀ ਹੋਣ ਦੀ ਲਾਲਸਾ ਰੱਖਣ ਵਾਲੇ ਮੁੰਡੇ-ਕੁੜੀਆਂ ਅਤੇ ਹੋਰ ਲੋਕਾਂ ਨੂੰ ਕਰਨਾ ਕੀ ਚਾਹੀਦਾ ਹੈ? ਵਿਦੇਸ਼ ਜਾਣ ਲਈ ਸ਼ਰਤਾਂ ਅਤੇ ਨਿਯਮ ਸਭ ਕੁਝ ਇੰਟਰਨੈੱਟ ਉੱਤੇ ਮੌਜੂਦ ਹਨ, ਉਨ੍ਹਾਂ ਨੂੰ ਚੰਗੀ ਤਰ੍ਹਾਂ ਪੜ੍ਹ ਕੇ ਉਸ ਮੁਤਾਬਿਕ ਵਿਦੇਸ਼ ਜਾਣ ਦਾ ਫ਼ੈਸਲਾ ਕਰੋ। ਵਿਦੇਸ਼ਾਂ ਵਿੱਚ ਜਾ ਕੇ ਉਨ੍ਹਾਂ ਮੁਲਕਾਂ ਦੇ ਕਾਨੂੰਨਾਂ ਦਾ ਪਾਲਣ ਕਰੋ। ਜੇਕਰ ਤੁਸੀਂ ਇਨ੍ਹਾਂ ਸੁਝਾਵਾਂ ਉੱਤੇ ਅਮਲ ਨਹੀਂ ਕਰਦੇ ਤਾਂ ਤੁਹਾਡੇ ਨਾਲ ਦੂਜੇ ਦੇਸ਼ਾਂ ਤੋਂ ਵਾਪਸ ਮੋੜੇ ਜਾਣ ਦੀ ਘਟਨਾ ਕਦੇ ਵੀ ਵਾਪਰ ਸਕਦੀ ਹੈ। ਇਸ ਹਾਲਤ ਵਿੱਚ ਕਿਸੇ ਨੂੰ ਵੀ ਕਸੂਰਵਾਰ ਕਹਿਣ ਦੀ ਬਜਾਏ ਆਪਣੇ ਆਪ ਤੋਂ ਪੁੱਛੋ ਕਿ ਤੁਸੀਂ ਕਿੰਨੇ ਠੀਕ ਹੋ? ਸਰਕਾਰ ਨੂੰ ਧੋਖੇਬਾਜ਼ ਏਜੰਟਾਂ ਦੇ ਲਾਇਸੈਂਸ ਰੱਦ ਕਰਕੇ ਉਨ੍ਹਾਂ ਉੱਤੇ ਕੇਸ ਚਲਾਉਣੇ ਚਾਹੀਦੇ ਹਨ ਤਾਂ ਕਿ ਭਵਿੱਖ ਵਿੱਚ ਕਿਸੇ ਵੀ ਵਿਅਕਤੀ ਨਾਲ ਧੋਖਾ ਨਾ ਹੋ ਸਕੇ।

ਆਫ਼ਤਾਂ

ਸਿੱਧੂ ਦਮਦਮੀ
ਫੋਨ:+91-9417013869



# ਅੱਗ ਦੇ ਮੁਹਾਣੇ 'ਤੇ ਬੈਠਾ ਅਮਰੀਕਾ



ਅਮਰੀਕਾ ਆਪਣੀਆਂ ਹੋਰ ਖਾਸੀਅਤਾਂ ਤੋਂ ਇਲਾਵਾ ਇਸ ਦੇ ਅਚਾਨਕ ਭਭਕ ਪੈਣ ਵਾਲੇ ਭੂਗੋਲਿਕ ਦਾਵਾਨਲਾਂ, ਚੀਕਦੇ ਹੋਏ ਪਰਬਤੀ ਦੱਰਿਆਂ ਲਈ ਵੀ ਜਾਣਿਆ ਜਾਂਦਾ ਹੈ।

ਕਿਸੇ ਵੀ ਯਾਤਰੂ ਨੂੰ ਸਨਵਾਕੁਇਨ ਘਾਟੀ ਵਾਲੇ ਪਾਸਿਓਂ ਲੱਖਾਂ ਮੀਲ ਲੰਮੀ ਪਰਬਤਮਾਲਾ ਦਾ ਸਾਹਮਣਾ ਕਰਨਾ ਪੈਂਦਾ ਹੈ। ਦੂਰੋਂ ਇਸ ਦੇ ਦੁਮੇਲ ਨੂੰ ਵੇਖਿਆਂ ਇੰਜ ਜਾਪਦਾ ਹੈ, ਜਿਵੇਂ ਕੋਈ ਸਡੌਲ ਸਰੀਰ ਵਾਲੀ ਔਰਤ ਵੱਖ ਮਾਰ ਕੇ ਸੁੱਤੀ ਪਈ ਹੋਵੇ। ਯਾਤਰੂਆਂ ਨੂੰ ਇਸੇ ਪਾਸਿਓਂ ਛੇ-ਛੇ ਲੀਹਾਂ ਵਾਲੀਆਂ ਲੰਮੀਆਂ-ਚੌੜੀਆਂ ਸੜਕਾਂ ਅਮਰੀਕਾ ਦੇ ਸਭ ਤੋਂ ਵੱਡੇ ਮਹਾਨਗਰ ਲਾਸ ਏਂਜਲਸ ਪਹੁੰਚਾ ਦਿੰਦੀਆਂ ਹਨ। ਇਹ ਉਹੀ ਲਾਸ ਏਂਜਲਸ ਹੈ, ਜੋ ਕੁਝ ਦਿਨ ਪਹਿਲਾਂ ਸੰਸਾਰ ਦੀ ਸਭ ਤੋਂ ਭਿਆਨਕ ਅੱਗ ਵਿੱਚ ਘਿਰ ਗਿਆ ਸੀ। ਪਹਾੜਾਂ ਦੇ ਸਿਖਰ 'ਤੇ ਮਹਿੰਗੇ ਭਾਅ ਅਟਾਰੀਆਂ ਪਾਉਣ ਦੇ ਅਤਿ ਦੇ ਅਮੀਰ ਸ਼ੌਕੀਨਾਂ ਨੂੰ ਇਸ ਵਾਰ ਲੈਣੇ ਦੇ ਦੇਣੇ ਪੈ ਗਏ ਸਨ।

ਦੁਨੀਆ ਭਰ ਦੇ ਭੂਗੋਲਿਕ ਮਾਹਿਰ ਮੰਨਦੇ ਹਨ ਕਿ ਅਮਰੀਕਾ ਦਾ ਸਮੁੱਚਾ ਐਟਲਾਂਟਿਕ ਤੱਟ ਲਾਵੇ ਦੇ ਅੰਨ੍ਹੇ ਖੂਹਾਂ 'ਤੇ ਬੈਠਾ ਹੋਇਆ ਹੈ, ਜੋ ਕਿਸੇ ਵੀ ਵੇਲੇ ਫਟ ਸਕਦੇ ਹਨ। ਇਹੀ ਕਾਰਨ ਹੈ ਕਿ ਅਮਰੀਕਾ ਨਿੱਕੇ ਮੋਟੇ ਭੂਚਾਲਾਂ ਨਾਲ ਅਕਸਰ ਹਿੱਲਦਾ ਰਹਿੰਦਾ ਹੈ। ਇਉਂ ਹੀ ਕਈ ਵਾਰ ਪ੍ਰਸ਼ਾਂਤ ਮਹਾਂਸਾਗਰ ਦੇ ਨੇੜਿਉਂ ਉੱਠਣ ਵਾਲੇ ਵਾਵਰੋਲੇ ਸੜਕ 'ਤੇ ਚਲਦੇ ਵਾਹਨਾਂ ਨੂੰ ਆਪਣੀ ਘੁਮੇਰ 'ਚ ਫਸਾ ਕੇ ਅੱਧ-ਆਸਮਾਨੇ ਚਾੜ੍ਹ ਦਿੰਦੇ ਹਨ। ਕੁਦਰਤ ਦੇ ਅਜਿਹੇ ਵਚਿੱਤਰ ਵਰਤਾਰਿਆਂ ਬਾਰੇ ਹੌਲੀਵੁੱਡ ਨੇ 'ਟਵਿਸਟਰ' ਜਿਹੀ ਬਾਕਮਾਲ ਫਿਲਮ ਬਣਾਈ ਸੀ।

ਅਮਰੀਕੀ ਸਰਕਾਰ ਨੇ ਇਸੇ ਕਾਰਨ ਹਰੇਕ ਸਾਲ ਮਈ-ਅਕਤੂਬਰ ਨੂੰ ਅੱਗ ਲੱਗਣ ਦੇ ਅੰਦੇਸ਼ੇ ਦਾ ਵੇਲਾ ਮਿਥਿਆ ਹੋਇਆ ਹੈ। ਇਸ ਦੌਰਾਨ ਸਾਰੇ ਦੇਸ਼ ਵਿੱਚ ਫਾਇਰ ਫਾਈਟਿੰਗ ਦੀਆਂ ਜੰਗੀ ਪੱਧਰ ਦੀਆਂ ਮਸ਼ਕਾਂ ਕੀਤੀਆਂ ਜਾਂਦੀਆਂ ਹਨ। ਇਨ੍ਹਾਂ ਮਸ਼ਕਾਂ ਵਿੱਚ ਹਜ਼ਾਰਾਂ ਹਵਾਈ ਜਹਾਜ਼, ਹੈਲੀਕਾਪਟਰ, ਹਜ਼ਾਰਾਂ ਟਨ ਅੱਗ ਬੁਝਾਊ ਗੈਸ ਆਦਿ ਵੀ ਵਰਤੀ ਜਾਂਦੀ ਹੈ। ਇਹ ਵੱਖਰੀ ਗੱਲ ਹੈ ਕਿ ਕਈ ਵਾਰ ਸਿਆਸਤ ਤੇ ਸਰਕਾਰੀ ਕਾਰਨਾਂ ਕਰਕੇ ਅੱਗ ਨੂੰ ਕਾਬੂ ਕਰਨ ਲਈ ਕੀਤਾ ਅਜਿਹਾ ਉੱਚਕੋਟੀ ਦਾ ਪ੍ਰਬੰਧ ਵੀ ਫੇਲ੍ਹ ਹੋ ਜਾਂਦਾ ਹੈ, ਜਿਵੇਂ ਕਿ ਇਸ ਵਾਰ ਹੋਇਆ ਹੈ, ਜਦੋਂ ਚੁਫ਼ੇਰਿਓਂ ਅੱਗ ਦੇ ਤੇਜ਼ੀ ਨਾਲ ਫੈਲਣ ਦੀਆਂ ਖ਼ਬਰਾਂ ਆਉਣ ਲੱਗੀਆਂ ਤਾਂ ਨਾਲ ਹੀ ਛਿੜਕਾਅ ਕਰਨ ਲਈ ਲੋੜੀਂਦਾ ਪਾਣੀ ਥੁੜ ਜਾਣ ਦੇ ਸਮਾਚਾਰ ਵੀ ਆਉਣ ਲੱਗੇ। ਦੇਸ਼ ਦੀਆਂ ਦੋਵੇਂ ਸਿਆਸੀ ਪਾਰਟੀਆਂ ਇੱਕ ਦੂਜੇ ਨਾਲ ਮਿਹਣੋ-ਮਿਹਣੀ ਹੋਣ ਲੱਗੀਆਂ। ਰਾਸ਼ਟਰਪਤੀ ਡੋਨਲਡ ਟਰੰਪ, ਜਿਸ ਨੇ ਉਦੋਂ ਹਾਲੇ ਅਹੁਦੇ ਦੀ ਸਹੁੰ ਚੁੱਕਣੀ ਸੀ, ਆਪਣੇ ਵਿਰੋਧੀ ਦਲ ਡੈਮੋਕਰੈਟਿਕ ਨੂੰ ਇਸ ਲਈ ਜ਼ਿੰਮੇਵਾਰ ਦੱਸਣ ਲੱਗਿਆ।

ਰੌਚਕ ਤੱਥ ਇਹ ਵੀ ਹੈ ਕਿ ਅਜਿਹੀਆਂ ਕੁਦਰਤੀ ਆਫ਼ਤਾਂ ਦੀ ਬਿੜਕ ਮਨੁੱਖਾਂ ਦੇ ਮੁਕਾਬਲੇ ਜੰਗਲੀ ਜੀਆ-ਜੰਤ ਨੂੰ ਕਿਤੇ ਪਹਿਲਾਂ ਲੱਗ ਜਾਂਦੀ ਹੈ। ਲਾਸ ਏਂਜਲਸ ਦੇ ਅਗਨੀਕਾਂਡ ਵਿੱਚ ਵੀ ਲਗਪਗ ਇੰਜ ਹੀ ਵਾਪਰਿਆ। ਜੰਗਲੀ ਭਾਬੜਾਂ ਵਿੱਚ ਘਿਰ ਕੇ ਜਿੱਥੇ ਲਗਪਗ ਚਾਰ ਦਰਜਨ ਮਨੁੱਖ ਤੇ ਪਾਲਤੂ ਆਪਣੀ ਜਾਨ ਗੁਆ ਬੈਠੇ, ਉੱਥੇ ਜਨੌਰਾਂ ਤੇ ਪੰਛੀਆਂ ਬਾਰੇ ਅਜਿਹਾ ਟਾਵਾਂ ਟੱਲਾ ਕੇਸ ਹੀ ਸੁਣਨ ਨੂੰ ਮਿਲਿਆ। ਦੋਧੀ ਜਰਸੀ ਗਾਵਾਂ ਦੀਆਂ ਚਰਾਗਾਹਾਂ ਸਮੇਤ ਇਸ ਪਰਬਤਮਾਲਾ ਵਿੱਚ ਅਸੰਖ ਜੀਆ-ਜੰਤ ਰਹਿੰਦੇ ਹਨ, ਜਿਨ੍ਹਾਂ ਵਿੱਚ ਬਾਘ ਬਘੇਲਿਆਂ ਤੋਂ ਲੈ ਕੇ ਬਾਜ਼ ਤੱਕ ਸ਼ਾਮਲ ਹਨ।

ਪੱਛਮ ਵੱਲ ਫੈਲੀ ਉਕਤ ਪਰਬਤਮਾਲਾ ਇੱਕ ਵਿਸ਼ਾਲ ਕੰਧ ਜਾਪਦੀ ਹੈ, ਜਿਸ ਦੀਆਂ ਚੋਟੀਆਂ ਵਿਚਕਾਰ ਅਨੇਕਾਂ ਦੱਰੇ (ਮਘੋਰੇ) ਬਣੇ ਹੋਏ ਹਨ। ਇਨ੍ਹਾਂ ਵਿੱਚੋਂ ਕਦੇ ਉੱਤਰੋਂ ਤੇ ਕਦੇ ਪੱਛਮੋਂ; ਕਦੇ ਤੇਜ਼ ਤੇ ਕਦੇ ਮੱਧਮ ਹਵਾਵਾਂ ਚੱਤੋ-ਪਹਿਰ ਵਗਦੀਆਂ ਰਹਿੰਦੀਆਂ ਹਨ। ਅਸਲ ਵਿੱਚ ਇਹ ਵਗਦੇ ਹੋਏ ਦੱਰੇ ਤੇ ਝੁਲਦੀਆਂ ਹਵਾਵਾਂ ਹੀ ਕੈਲੀਫੋਰਨੀਆ/ਅਮਰੀਕਾ ਵਿੱਚ ਜੰਗਲੀ ਅੱਗ ਨੂੰ ਭਖਾਉਣ ਤੇ ਚੀਕਦੇ ਤੂਫ਼ਾਨ ਪੈਦਾ ਕਰਨ ਲਈ ਜ਼ਿੰਮੇਵਾਰ ਮੰਨੀਆਂ ਜਾਂਦੀਆਂ ਹਨ।


ਅੱਗ ਤੇ ਹਵਾ ਦੇ ਪਾਗਲ ਕਰ ਦੇਣ ਵਾਲੇ ਮਿਸ਼ਰਣ ਦੀ ਮਾਰ ਕਾਰਨ ਇਸ ਵਾਰ ਚਾਰ ਲੱਖ ਤੋਂ ਵੱਧ ਲੋਕਾਂ ਨੂੰ ਘਰ ਛੱਡਣੇ ਪਏ, ਹਫ਼ਤਾ ਭਰ ਮੱਚ ਕੇ ਪਾਲੀਸੇਡਜ਼ ਰਾਖ ਬਣ ਗਿਆ। ਬੇਅ-ਏਰੀਏ ਸਮੇਤ ਲਾਸ ਏਂਜਲਸ ਨੇੜਲੇ ਬਾਕੀ ਹਲਕਿਆਂ ਵਿੱਚੋਂ ਲੰਘਦੇ ਸੈਂਟਾ ਐਨਾ ਫਰੀਵੇਅ ਉੱਤੇ ਬਣੀ ਰੰਗਨਗਰੀ ਹੌਲੀਵੁੱਡ ਸਦਮੇ ਨਾਲ ਇਸ ਕਦਰ ਮਸੋਸੀ ਗਈ ਕਿ ਧੁਖ਼ਦਾ ਹੋਇਆ ਪਾਲੀਸੇਡਜ਼ ਸੰਸਾਰ ਨੂੰ ਦਰਪੇਸ਼ ਵਾਤਾਵਰਣ ਦੇ ਮਸਲੇ ਦਾ ਨਵਾਂ ਚਿੰਨ੍ਹ ਬਣ ਗਿਆ ਹੈ। ਮਨੁੱਖੀ ਤਰੱਕੀ ਲਈ ਆਪਣਾ ਪੇਟ ਫਰੋਲੇ ਜਾਣ ਤੋਂ ਦੁਖੀ ਧਰਤੀ ਮਾਂ ਆਪਣੀ ਨਾਰਾਜ਼ਗੀ ਕੁਦਰਤੀ ਆਫ਼ਤਾਂ ਦੇ ਰੂਪ ਵਿੱਚ ਪ੍ਰਗਟ ਕਰਦੀ ਜਾਪਦੀ ਹੈ।

ਇਸ ਬਵੰਡਰ ਵਿੱਚ ਹੌਲੀਵੁੱਡ ਤੇ ਇਸ ਦੇ ਦੁਆਲੇ ਦਾ ਨੁਕਸਾਨ ਸਭ ਤੋਂ ਵੱਧ ਤੇ ਰੜਕਵਾਂ ਹੋਇਆ ਹੈ- ਸੁਪਰ ਵੀ.ਆਈ.ਪੀ. ਤੇ ਔਸਕਰ ਪੁਰਸਕਾਰ ਜੇਤੂ ਮੈੱਲ ਗਿਬਸਨ ਦਾ ਕਰੋੜਾਂ ਦਾ ਬੰਗਲਾ ਸੜ ਕੇ ਸੁਆਹ ਹੋ ਗਿਆ। ਆਵਾਰਾ ਹੋਈ ਅੱਗ ਦੇ ਖਦੇੜੇ ਦੋ ਲੱਖ ਤੋਂ ਵੱਧ ਅਮਰੀਕੀ, 1980 ਤੋਂ ਲੈ ਕੇ ਹੁਣ ਤੱਕ ਹਰ ਦਹਾਕੇ ਗਰਮ ਹੁੰਦੀ ਜਾਂਦੀ ਧਰਤੀ, ਪਿਘਲਦੇ ਗਲੇਸ਼ੀਅਰ ਤੇ ਵੱਡੇ ਦੇਸ਼ਾਂ ਦੀ ਜ਼ਿੱਦ ਨਵੇਂ ਸੰਸਾਰ ਦਾ ਪੁਰਾਣਾ ਦੁੱਖ ਹੈ।

ਕੈਲੀਫੋਰਨੀਆ ਦੀਆਂ ਪਹਾੜੀਆਂ ਵਿੱਚ ਸੈਂਕੜੇ ਦੱਰੇ ਮੌਜੂਦ ਹਨ। ਹਵਾਵਾਂ ਆਪਣਾ ਅਕਾਲ ਵਾਜਾ ਵਜਾਉਂਦੀਆਂ ਇਨ੍ਹਾਂ 'ਚੋਂ ਅਕਸਰ ਲੰਘਦੀਆਂ ਰਹਿੰਦੀਆਂ ਹਨ। ਜਦੋਂ ਕੋਈ ਦੱਰਾ ਹਵਾ ਨਾਲ ਗਰਮ ਹੁੰਦਾ ਹੈ ਤਾਂ ਉਹ ਕਿਸੇ ਦਾਨਾਸੁਰ ਵਾਂਗ ਫੁੰਕਾਰਨ ਲੱਗਦਾ ਹੈ।

ਅਮਰੀਕਾ ਦੇ ਪੱਛਮੀ ਪਾਸੇ ਫੈਲੇ ਕੈਲੀਫੋਰਨੀਆ ਵਿੱਚ ਸੋਕਾ ਦੋ ਵਰ੍ਹੇ ਪਹਿਲਾਂ ਹੀ ਮੁੱਕਿਆ ਸੀ। ਇੱਥੇ ਇਹ ਜ਼ਿਕਰਯੋਗ ਹੈ ਕਿ 2014 ਤੋਂ 2024 ਦੁਨੀਆ ਦਾ ਹੁਣ ਤੱਕ ਦਾ ਸਭ ਤੋਂ ਵੱਧ ਗਰਮ ਦਹਾਕਾ ਰਿਹਾ ਹੈ। ਧਰਤੀ ਦਾ ਤਾਪਮਾਨ ਲਗਤਾਰ ਵਧਦਾ ਆ ਰਿਹਾ ਹੈ। ਇਹ ਵੀ ਕਿ ਸੰਨ 1080 ਤੋਂ ਲੈ ਕੇ ਹੁਣ ਤੱਕ ਹਰੇਕ ਸਾਲ ਪਹਿਲੇ ਨਾਲੋਂ ਜ਼ਿਆਦਾ ਗਰਮ ਰਹਿੰਦਾ ਹੈ।

ਵਾਤਾਵਰਣ ਨਾਲ ਜੁੜੇ ਸਭ ਮਸਲਿਆਂ ਦਾ ਹੱਲ ਸਾਰੇ ਮੁਲਕਾਂ ਵੱਲੋਂ ਸੁਹਿਰਦਤਾ ਨਾਲ ਨੀਤੀਆਂ ਬਣਾ ਕੇ ਇਨ੍ਹਾਂ 'ਤੇ ਅਮਲ ਕਰ ਕੇ ਹੀ ਕੱਢਿਆ ਜਾ ਸਕਦਾ ਹੈ।




# ਅਰਨੈਸਟ ਰਦਰਫੋਰਡ ਦੇ ਵਿਗਿਆਨਕ ਪ੍ਰਯੋਗਾਂ ਵਾਲੀ ਵਿਰਾਸਤ

ਈਵਾਨ ਗੋਨ

ਜਦੋਂ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਨੇ ਆਪਣੇ ਸਹੁੰ ਚੁੱਕ ਸਮਾਗਮ ਵਿੱਚ ਦਾਅਵਾ ਕੀਤਾ ਸੀ ਕਿ ਅਮਰੀਕੀ ਵਿਗਿਆਨੀਆਂ ਨੇ ਹੀ ਪ੍ਰਮਾਣੂ ਵਿਖੰਡਨ ਕੀਤਾ ਸੀ ਤਾਂ ਸ਼ਾਇਦ ਹੀ ਉਨ੍ਹਾਂ ਨੇ ਇਸ ਦੀ ਕਲਪਨਾ ਕੀਤੀ ਹੋਵੇਗੀ ਕਿ ਇਸ 'ਤੇ ਕਿਸ ਤਰ੍ਹਾਂ ਦੀ ਆਨਲਾਈਨ ਬਹਿਸ ਛਿੜ ਜਾਵੇਗੀ। ਇਸ ਤੋਂ ਹੈਰਾਨ ਹੋਏ ਕਈ ਲੋਕਾਂ ਦਾ ਕਹਿਣਾ ਸੀ ਕਿ ਇਸ ਦਾ ਸਨਮਾਨ ਇੱਕ ਐਂਗਲੋ ਨਿਊਜ਼ੀਲੈਂਡਰ ਨੂੰ ਜਾਂਦਾ ਹੈ; ਉਹ ਸਨ- ਅਰਨੈਸਟ ਰਦਰਫੋਰਡ। ਨਿਊਜ਼ੀਲੈਂਡ ਦਾ ਇਹ ਹੁਨਰਮੰਦ ਵਿਗਿਆਨੀ ਉਨ੍ਹਾਂ ਦਿਨਾਂ ਵਿੱਚ ਮੈਨਚੈਸਟਰ ਦੀ ਵਿਕਟੋਰੀਆ ਯੂਨੀਵਰਸਿਟੀ ਵਿੱਚ ਸੀ। ਉਸ ਨੇ ਹੀ 1919 ਵਿੱਚ ਵਿਗਿਆਨ ਦੀ ਇਹ ਅਸਾਧਾਰਨ ਕਾਮਯਾਬੀ ਹਾਸਲ ਕੀਤੀ ਸੀ।

ਹਾਲਾਂਕਿ ਇਸ ਖੇਤਰ ਵਿੱਚ ਮੁਹਾਰਤ ਰੱਖਣ ਵਾਲੇ ਲੋਕਾਂ ਲਈ ਇਸ ਦਾ ਜਵਾਬ ਉਨਾ ਹੀ ਗੁੰਝਲਦਾਰ ਹੈ, ਜਿੰਨਾ ਕਿ ਇਸ ਨਾਲ ਜੁੜੇ ਵਿਗਿਆਨ। ਪਦਾਰਥ ਭੌਤਿਕ ਵਿਗਿਆਨੀ ਡਾ. ਹੈਰੀ ਕਲਿਫ ਕਹਿੰਦੇ ਹਨ ਕਿ ਇਹ ਬੇਹੱਦ ਗੁੰਝਲਦਾਰ ਹੈ। 'ਪ੍ਰਮਾਣੂ ਵਿਖੰਡਨ' ਸ਼ਬਦ ਹੀ ਮੁਸ਼ਕਿਲ ਪੈਦਾ ਕਰਨਾ ਹੈ। ਪ੍ਰਮਾਣੂ ਸਾਰੇ ਪਦਾਰਥਾਂ ਦਾ 'ਬਿਲਡਿੰਗ ਬਲੌਕ' ਹੈ ਅਤੇ ਇਹ ਇੱਕ ਨਿਊਕਲਿਅਸ ਤੇ ਇਸ ਦੀ ਪਰਿਕਰਮਾ ਕਰਨ ਵਾਲੇ ਇਲੈਕਟਰੌਨ ਤੋਂ ਬਣਿਆ ਹੁੰਦਾ ਹੈ। ਪ੍ਰਮਾਣੂ ਦੀ ਚਰਚਾ ਮੂਲ ਰੂਪ ਤੋਂ ਗਰੀਕ ਦਰਸ਼ਨ ਵਿੱਚ ਹੈ। ਇਨ੍ਹਾਂ ਦੀ ਹੋਂਦ ਸਭ ਤੋਂ ਛੋਟੇ ਕਣ ਦੇ ਤੌਰ 'ਤੇ ਮਿਲਦੀ ਹੈ। ਇਸ ਦਾ ਨਾਮ ਪ੍ਰਾਚੀਨ ਗਰੀਕ ਵਿੱਚ ਅਟੁੱਟ ਦੇ ਲਈ ਇਸਤੇਮਾਲ ਹੋਣ ਵਾਲੇ ਸ਼ਬਦ ਤੋਂ ਆਇਆ ਹੈ।

1803 ਵਿੱਚ ਜੌਨ ਡਾਲਟਨ ਦੇ ਪ੍ਰਮਾਣੂ ਸਿਧਾਂਤ ਨੇ ਇਸ ਬਾਰੇ ਇੱਕ ਨਵਾਂ ਵਿਗਿਆਨਕ ਦ੍ਰਿਸ਼ਟੀਕੋਣ ਪੇਸ਼ ਕੀਤਾ; ਪਰ ਮੈਨਚੈਸਟਰ ਦੇ ਇਸ ਵਿਗਿਆਨੀ ਦਾ ਕਹਿਣਾ ਸੀ ਕਿ ਉਹ ਪ੍ਰਾਚੀਨ ਯੂਨਾਨ ਵਾਸੀਆਂ ਤੋਂ ਸਹਿਮਤ ਹੈ ਅਤੇ ਮੰਨਦੇ ਹਨ ਕਿ ਪ੍ਰਮਾਣੂ ਨੂੰ ਸਰਲ ਅਤੇ ਛੋਟੇ ਕਣਾਂ ਵਿੱਚ ਨਹੀਂ ਵੰਡਿਆ ਜਾ ਸਕਦਾ। ਇਸ ਦੇ ਲਗਭਗ ਇੱਕ ਸਦੀ ਤੋਂ ਬਾਅਦ ਕੈਂਬਰਿਜ ਯੂਨੀਵਰਸਿਟੀ ਵਿੱਚ ਕੰਮ ਕਰਨ ਵਾਲੇ ਜੋਸਫ ਜੌਨ ਥਾਮਸਨ (ਮੈਨਚੈਸਟਰ ਦੇ ਹੀ ਰਹਿਣ ਵਾਲੇ) ਨੇ ਇਲੈਕਟਰੌਨ ਦੀ ਖੋਜ ਕੀਤੀ। ਇਨ੍ਹਾਂ ਨੇ ਦੱਸਿਆ ਕਿ ਇਹ ਪ੍ਰਮਾਣੂ ਦੇ ਹੀ ਛੋਟੇ-ਛੋਟੇ ਹਿੱਸੇ ਹਨ। ਇਸ ਨੇ ਉਪ-ਪ੍ਰਮਾਣੂ (ਜਾਂ ਉਪ ਅਣੂ) ਸੰਕਲਪਾਂ ਅਤੇ ਪ੍ਰਯੋਗ ਦੇ ਦਰਵਾਜ਼ੇ ਖੋਲ੍ਹ ਦਿੱਤੇ। ਰਦਰਫੋਰਡ ਨੇ ਪ੍ਰਮਾਣੂਆਂ ਦੀ ਪ੍ਰਕਿਰਤੀ ਬਾਰੇ ਇੱਕ ਤੋਂ ਬਾਅਦ ਇੱਕ ਕਈ ਖੋਜਾਂ ਕੀਤੀਆਂ ਅਤੇ ਆਪਣੇ ਸਹਿਕਰਮੀਆਂ- ਹੈਨਸ ਜੀਜਰ ਅਤੇ ਅਰਨੈਸਟ ਮਾਸਰਡੇਨ ਦੇ ਨਾਲ ਮਿਲ ਕੇ 1911 ਵਿੱਚ ਪ੍ਰਮਾਣੂ ਦਾ ਪਲੇਨਟਰੀ ਮਾਡਲ ਪੇਸ਼ ਕੀਤਾ। ਇਸ ਮਾਡਲ ਵਿੱਚ ਉਨ੍ਹਾਂ ਨੇ ਦਿਖਾਇਆ ਕਿ ਕਿਵੇਂ ਪ੍ਰਮਾਣੂ ਦੇ ਕੇਂਦਰ ਵਿੱਚ ਇੱਕ ਸਕਾਰਾਤਮਕ ਚਾਰਜ ਨਿਊਕਲੀਅਸ ਹੁੰਦਾ ਹੈ। ਇਲੈਕਟਰੌਨ ਇਸ ਦੇ ਦੁਆਲੇ ਉਸੇ ਤਰ੍ਹਾਂ ਘੁੰਮਦੇ ਹਨ, ਜਿਵੇਂ ਗ੍ਰਹਿ ਤਾਰੇ ਦੇ ਦੁਆਲੇ ਘੁੰਮਦੇ ਹਨ। ਰਦਰਫੋਰਡ ਅਤੇ ਉਨ੍ਹਾਂ ਦੀ ਟੀਮ ਨੇ ਬਾਅਦ ਵਿੱਚ 1914 ਅਤੇ 1919 ਦੇ ਵਿਚਾਲੇ ਮੈਨਚੈਸਟਰ ਵਿੱਚ ਕਈ ਪ੍ਰਯੋਗ ਕੀਤੇ। ਉਨ੍ਹਾਂ ਨੇ ਰੇਡੀਓਐਕਟਿਵ ਕਣਾਂ ਨਾਲ ਨਾਈਟਰੋਜਨ ਗੈਸ ਦੇ ਅੰਦਰ ਵਿਸਫੋਟ ਕਰਵਾਇਆ, ਜੋ ਹਾਈਡਰੋਜਨ ਨਿਊਕਲੀਅਸ ਨੂੰ 'ਬਾਹਰ ਕੱਢਦੇ ਹੋਏ ਆਕਸੀਜਨ ਵਿੱਚ ਬਦਲਾ ਗਿਆ।'

ਡਾ. ਕਲਿਫ ਨੇ ਕਿਹਾ ਕਿ ਵਿਗਿਆਨੀਆਂ ਨੂੰ ਇਸ ਪ੍ਰਯੋਗ ਵਿੱਚ ਇੱਕ ਨਵੀਂ ਚੀਜ਼ ਮਿਲੀ, ਜਿਸ ਨੂੰ ਅਸੀਂ ਹੁਣ ਪ੍ਰੋਟੋਨ ਕਹਿੰਦੇ ਹਾਂ। ਇਹ ਸਾਰੇ ਪ੍ਰਮਾਣੂਆਂ ਵਿੱਚ ਮੌਜੂਦ ਪਾਇਆ ਜਾਣ ਵਾਲਾ ਕਣ ਹੈ ਅਤੇ ਇਹ ਵੀ ਬਲੌਕ ਬਣਾਉਂਦਾ ਹੈ। ਉਨ੍ਹਾਂ ਨੇ ਕਿਹਾ ਕਿ ਰਦਰਫੋਰਡ ਪਹਿਲੀ ਵਾਰ ਇਹ ਦਿਖਾ ਰਹੇ ਸਨ ਕਿ 'ਤੁਸੀਂ ਇਸ ਪ੍ਰਕਾਰ ਦੀਆਂ ਪ੍ਰਮਾਣੂ ਪ੍ਰਤੀਕਿਰਿਆਵਾਂ ਕਰਵਾ ਸਕਦੇ ਹੋ। ਇੱਕ ਚੀਜ਼ ਨੂੰ ਦੂਜੀ ਚੀਜ਼ ਵਿੱਚ ਦਾਖਲ ਕਰ ਕੇ ਕੋਈ ਨਵੀਂ ਚੀਜ਼ ਬਣਾ ਸਕਦੇ ਹੋ।'

ਰਦਰਫੋਰਡ ਨੇ ਖ਼ੁਦ 'ਵੰਡ' ਸ਼ਬਦ ਦਾ ਇਸਤੇਮਾਲ ਨਹੀਂ ਕੀਤਾ ਸੀ। ਇਸ ਦੀ ਥਾਂ ਉਨ੍ਹਾਂ ਨੇ 'ਵਿਘਟਨ' (ਭੰਨ-ਤੋੜ) ਸ਼ਬਦ ਦਾ ਇਸਤੇਮਾਲ ਕੀਤਾ। 1917 ਵਿੱਚ ਰਦਰਫੋਰਡ ਨੇ ਲਿਖਿਆ ਕਿ ਉਨ੍ਹਾਂ ਦਾ ਮੰਨਣਾ ਹੈ ਕਿ ਉਨ੍ਹਾਂ ਦੇ ਪ੍ਰਯੋਗ ਆਖਿਰਕਾਰ ਕਾਫੀ ਅਹਿਮ ਸਾਬਿਤ ਹੋਣਗੇ। ਇਹ ਨਿਊਕਲੀਅਸ ਦੇ ਆਸਪਾਸ ਦੀਆਂ ਸ਼ਕਤੀਆਂ ਦੀਆਂ ਖਾਸੀਅਤਾਂ ਅਤੇ ਵੰਡ 'ਤੇ ਕਾਫੀ ਰੋਸ਼ਨੀ ਪਾ ਸਕਦੇ ਹਨ। ਕਈ ਲੋਕ ਪ੍ਰਮਾਣੂ ਵਿਗਿਆਨ ਨੂੰ 'ਮੈਨਹਟਨ ਪ੍ਰੋਜੈਕਟ' ਦੇ ਲੈਨਜ਼ ਨਾਲ ਦੇਖਦੇ ਹਨ। ਇਹ ਸਮਝ ਜੇ. ਰਾਬਟਰਨ ਓਪਨਹਾਈਮਰ 'ਤੇ ਬਣੀ ਇੱਕ ਫਿਲਮ ਤੋਂ ਪੈਦਾ ਹੋਈ ਹੈ। ਇਸ ਫਿਲਮ ਨੂੰ ਆਸਕਰ ਐਵਾਰਡ ਮਿਲਿਆ ਸੀ ਅਤੇ ਓਪਨਹਾਈਮਰ ਇਸ ਪ੍ਰੋਜੈਕਟ ਦੇ ਇਕ ਅਹਿਮ ਕਿਰਦਾਰ ਸਨ। ਇਸ ਸਬੰਧ ਵਿੱਚ ਅਮਰੀਕਾ ਦਾ ਆਰ ਐਂਡ ਡੀ ਪ੍ਰੋਜੈਕਟ 1942 ਵਿੱਚ ਸ਼ੁਰੂ ਹੋਇਆ ਸੀ। ਇਸ ਦਾ ਮਕਸਦ ਪਹਿਲਾ ਪ੍ਰਮਾਣੂ ਹਥਿਆਰ ਬਣਾਉਣ ਦਾ ਸੀ। ਇਸ ਦੇ ਲਈ ਪ੍ਰਮਾਣੂ ਊਰਜਾ ਦਾ ਇਸਤੇਮਾਲ ਹੋਣਾ ਸੀ। ਇਸ ਪ੍ਰੋਜੈਕਟ 'ਚ ਦੁਨੀਆ ਭਰ ਦੇ ਵਿਗਿਆਨੀ ਸਨ। ਓਪਨਹਾਈਮਰ ਦੀ ਟੀਮ ਵਿੱਚ ਸ਼ਾਮਲ ਹੋਣ ਦੇ ਲਈ ਭਰਤੀ ਕੀਤੇ ਗਏ ਲੋਕਾਂ ਵਿੱਚ ਇਤਾਲਵੀ ਭੌਤਿਕ ਵਿਗਿਆਨੀ ਏਨਰਿਕੋ ਫਰਮੀ ਵੀ ਸਨ। ਅਜਿਹਾ ਦਾਅਵਾ ਕੀਤਾ ਜਾਂਦਾ ਹੈ ਕਿ 1934 ਵਿੱਚ ਉਨ੍ਹਾਂ ਨੇ ਹੀ ਇੱਕ ਪ੍ਰਯੋਗ ਦੇ ਦੌਰਾਨ ਪ੍ਰਮਾਣੂ ਨੂੰ ਵੰਡਿਆ ਸੀ। ਉਨ੍ਹਾਂ ਨੇ ਇੱਕ ਨਿਊਕਲੀਅਸ ਨੂੰ ਦੋ ਜਾਂ ਉਸ ਤੋਂ ਜ਼ਿਆਦਾ ਛੋਟੇ-ਛੋਟੇ ਹਿੱਸਿਆਂ ਵਿੱਚ ਤਬਦੀਲ ਕੀਤਾ ਸੀ। ਰਦਰਫੋਰਡ ਦੇ ਸਾਬਕਾ ਵਿਦਿਆਰਥੀ ਜਰਮਨ ਰਸਾਇਣ ਵਿਗਿਆਨੀ ਓਟੋ ਹੈਨ ਅਤੇ ਫ੍ਰਿਟਜ਼ ਸਟ੍ਰਾਸਮੈਨ ਨੇ ਅਗਲੇ ਚਾਰ ਸਾਲਾਂ ਤੇ 1938 ਤੱਕ ਆਪਣੇ ਪ੍ਰਯੋਗਾਂ ਨੂੰ ਦੁਹਰਾਇਆ ਅਤੇ ਪਾਇਆ ਕਿ ਫਰਮੀ ਨੇ ਜੋ ਖੋਜਿਆ ਸੀ, ਉਹ ਪ੍ਰਮਾਣੂ ਵਿਖੰਡਨ ਸੀ। ਵਿਖੰਡਨ ਵਿੱਚ ਯੂਰੇਨੀਅਮ ਅਤੇ ਪਲੂਟੋਨੀਅਮ ਵਰਗੇ ਅਸਥਿਰ ਕਣਾਂ ਦੇ ਨਿਊਕਲੀਅਸ ਵੰਡ ਕੇ ਬਹੁਤ ਜ਼ਿਆਦਾ ਊਰਜਾ ਪੈਦਾ ਕਰਦੇ ਹਨ।

1939 ਵਿੱਚ ਫਰਮੀ ਇਟਲੀ ਤੋਂ ਭੱਜ ਗਏ ਅਤੇ ਸ਼ਿਕਾਗੋ ਪਹੁੰਚਣ ਤੋਂ ਬਾਅਦ ਉਨ੍ਹਾਂ ਨੇ ਪਹਿਲਾ ਰਿਐਕਟਰ ਬਣਾਇਆ, ਜਿਸ ਨੇ ਪ੍ਰਮਾਣੂਆਂ ਦੀ ਇੱਕ ਤੋਂ ਬਾਅਦ ਇੱਕ ਪ੍ਰਤੀਕਿਰਿਆਵਾਂ ਨੂੰ ਵਧਾਇਆ ਅਤੇ ਉਸ ਨੂੰ ਨਿਯੰਤ੍ਰਿਤ ਵੀ ਕੀਤਾ। ਇਨ੍ਹਾਂ ਪ੍ਰਯੋਗਾਂ ਅਤੇ ਰਦਰਫੋਰਡ ਦੀਆਂ ਪਹਿਲਾਂ ਦੀਆਂ ਕੋਸ਼ਿਸ਼ਾਂ ਨੇ ਪ੍ਰਮਾਣੂ ਹਥਿਆਰਾਂ ਦੇ ਨਿਰਮਾਣ ਦੀ ਨੀਂਹ ਰੱਖੀ, ਜਿਸ ਨਾਲ ਯੂਰੇਨੀਅਮ ਪ੍ਰਮਾਣੂ ਵੰਡ ਅਤੇ ਇਸ ਦੇ ਭਿਆਨਕ ਅਸਰ ਹੋਏ। ਹੁਣ ਇਹ ਪੁੱਛਣਾ ਗੈਰ-ਜ਼ਰੂਰੀ ਹੈ ਕਿ ਪ੍ਰਮਾਣੂ ਨੂੰ ਪਹਿਲਾਂ ਕਿਸ ਨੇ ਵੰਡਿਆ? ਪਰ ਰਦਰਫੋਰਡ, ਵਾਲਟਨ, ਕਾਕਕ੍ਰਾਫਟ, ਓਪਨਹਾਈਮਰ, ਫਰਮੀ, ਜਿਜਰ, ਮਾਰਸਡੇਨ ਅਤੇ ਹੋਰ ਬਹੁਤ ਸਾਰੇ ਮਹਾਨ ਵਿਗਿਆਨੀਆਂ ਦੇ ਕੰਮ ਨੇ ਪ੍ਰਮਾਣੂ ਯੁੱਗ ਅਤੇ ਵਿਸ਼ਵ ਇਤਿਹਾਸ ਦੇ ਸਭ ਤੋਂ ਵੱਡੇ ਵਿਗਿਆਨ ਪ੍ਰਯੋਗ ਲਈ ਰਾਹ ਪੱਧਰਾ ਕੀਤਾ।

1998 ਤੇ 2008 ਦੇ ਵਿਚਾਲੇ ਆਲਪਸ ਦੇ ਹੇਠਾਂ ਪ੍ਰਮਾਣੂ ਨੂੰ ਇਕੱਠੇ ਤੋੜਨਾ ਅਤੇ ਉਨ੍ਹਾਂ ਦੇ ਨਤੀਜੇ ਦੇ ਅਧਿਐਨ ਦੇ ਲਈ ਲਾਰਜ ਹੈਡਰੋਨ ਕੋਲਾਈਡਰ (ਐੱਲ.ਐੱਚ.ਸੀ.) ਯਾਨੀ ਇੱਕ ਵਿਸ਼ਾਲ ਕਣ ਐਕਸਲੇਟਰ ਬਣਾਇਆ ਗਿਆ ਸੀ। ਇਸ ਨੇ ਹਿਗਸ ਬੋਸੋਨ ਯਾਨੀ ਕਥਿਤ 'ਗੋਡ ਕਣ' ਵਰਗੀਆਂ ਖੋਜਾਂ ਨੂੰ ਜਨਮ ਦਿੱਤਾ ਅਤੇ ਵਿਗਿਆਨੀਆਂ ਦੇ ਲਈ ਉਪ ਅਣੂ ਦੁਨੀਆ ਵਿੱਚ ਹੋਰ ਖੋਜ ਦਾ ਰਾਹ ਪੱਧਰਾ ਕੀਤਾ। ਇਹ ਸਭ ਰਦਰਫੋਰਡ ਦੇ ਸ਼ੁਰੂਆਤੀ ਪ੍ਰਯੋਗਾਂ ਦੀ ਬਦੌਲਤ ਹੀ ਹੋ ਰਿਹਾ ਹੈ, ਜੋ ਦੁਨੀਆ ਭਰ ਦੇ ਵਿਗਿਆਨੀਆਂ ਨੂੰ ਵਿਰਾਸਤ ਦੇ ਤੌਰ 'ਤੇ ਮਿਲੇ ਹਨ।

ਸਾਕਾ ਨਨਕਾਣਾ ਸਾਹਿਬ (2)


ਜ਼ਿੰਮੇਵਾਰ ਧਿਰਾਂ ਅਤੇ ਹਾਲਾਤ ਉੱਤੇ ਨਜ਼ਰਸਾਨੀ

# ਅੰਗਰੇਜ਼ ਸਰਕਾਰ ਕਸੂਰਵਾਰ ਨਹੀਂ, ਸਗੋਂ ਅਕਾਲੀ ਲੀਡਰਸ਼ਿਪ ਜ਼ਿੰਮੇਵਾਰ

*ਹੁਣ ਇੱਥੇ ਅਜਿਹੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਜਾਵੇਗਾ, ਜਿਨ੍ਹਾਂ ਦਾ ਸਬੰਧ ਅਕਾਲੀਆਂ ਵੱਲੋਂ ਗੁਰਦੁਆਰਿਆਂ 'ਤੇ ਕਬਜ਼ੇ ਕਰਕੇ ਮਹੰਤਾਂ ਨੂੰ ਬਾਹਰ ਕੱਢਣ ਨਾਲ ਹੈ। ਇਸ ਜ਼ਿਕਰ ਵਿੱਚ ਸਾਰੇ ਸਾਕੇ ਦਾ ਵਿਸਥਾਰ ਨਾ ਦਿੰਦਿਆਂ ਸਿਰਫ ਸਰਕਾਰ ਵੱਲੋਂ ਮਹੰਤਾਂ ਦੀ ਪਿੱਠ 'ਤੇ ਹੋਣ ਜਾਂ ਨਾ ਹੋਣ ਦੇ ਨਜ਼ਰੀਏ ਤੋਂ ਹੀ ਦੇਖਿਆ ਜਾਵੇਗਾ।*

ਨਜ਼ਰੀਆ

ਗੁਰਪ੍ਰੀਤ ਸਿੰਘ ਮੰਡਿਆਣੀ
ਫੋਨ: +91-8872664000



*ਕਿਸੇ ਕੌਮ ਦੇ ਇਤਿਹਾਸ ਨੇ ਕੌਮ ਦੇ ਸਾਹਮਣੇ ਇੱਕ ਅਜਿਹੀ ਮਿਸਾਲ ਵਾਂਗੂੰ ਪੇਸ਼ ਹੋਣਾ ਹੁੰਦਾ ਹੈ, ਜਿਸ ਨੂੰ ਵਾਚ ਕੇ ਕੌਮ ਨੇ ਆਪਣੀ ਹੋਣੀ ਦੀ ਵਿਉਂਤਬੰਦੀ ਘੜਨੀ ਹੁੰਦੀ ਹੈ। ਜੇ ਇਤਿਹਾਸਕਾਰੀ ਹੀ ਗਲਤ ਹੋਈ ਹੋਵੇ ਤਾਂ ਇਹ ਕੌਮ ਦੇ ਭਵਿੱਖ 'ਤੇ ਨਾਂਹ-ਪੱਖੀ ਅਸਰ ਪਾਏ ਬਿਨਾ ਨਹੀਂ ਰਹਿ ਸਕਦੀ। ਇੱਕ ਪਾਸੜ ਇਤਿਹਾਸਕਾਰੀ ਦੇ ਦੁਖਾਂਤ ਨੇ ਸਿੱਖ ਕੌਮ ਦੀ ਸੋਚ ਨੂੰ ਸਦੀਆਂ ਤੋਂ ਗ੍ਰਹਿਣ ਲਾਇਆ ਹੋਇਆ ਹੈ। ਇੰਜ ਹੀ 'ਸਾਕਾ ਨਨਕਾਣਾ ਸਾਹਿਬ' ਬਾਬਤ ਬੜਾ ਕੁਝ ਲਿਖਿਆ ਗਿਆ ਹੈ। ਇਹ ਸਾਕਾ ਵਾਪਰੇ ਨੂੰ ਇੱਕ ਸਦੀ ਅਤੇ 4 ਸਾਲ ਹੋ ਚੱਲੇ ਹਨ। ਹਥਲੇ ਲੰਮੇ ਲੇਖ ਵਿੱਚ ਇਸ ਸਾਕੇ ਲਈ ਜ਼ਿੰਮੇਵਾਰ ਧਿਰਾਂ ਜਾਂ ਹਾਲਾਤ ਨੂੰ ਪੜਚੋਲਣ ਜਾਂ ਨਜ਼ਰਸਾਨੀ ਕਰਨ ਦਾ ਯਤਨ ਕੀਤਾ ਗਿਆ ਹੈ। ਪੇਸ਼ ਹੈ, ਲੇਖ ਦੀ ਦੂਜੀ ਕਿਸ਼ਤ... ਪ੍ਰਬੰਧਕੀ ਸੰਪਾਦਕ*

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

### ਬਾਬੇ ਦੀ ਬੇਰ ਗੁਰਦੁਆਰੇ 'ਤੇ ਕਬਜ਼ਾ

ਸਿਆਲਕੋਟ ਵਿੱਚ ਗੁਰਦੁਆਰਾ ਸਾਹਿਬ ਬਾਬੇ ਦੀ ਬੇਰ ਦੇ ਮਹੰਤ ਗਿਆਨੀ ਗਿਆਨ ਸਿੰਘ ਦੀ ਮੌਤ ਤੋਂ ਬਾਅਦ ਉਸਦਾ ਪੁੱਤਰ ਮਹੰਤ ਹਰਨਾਮ ਦਾਸ ਗੱਦੀ 'ਤੇ ਬੈਠਾ, ਜੋ ਕਿ ਛੋਟੀ ਉਮਰ ਦਾ ਨਾ ਤਜ਼ਰਬੇਕਾਰ ਹੀ ਸੀ। ਇਸਨੂੰ ਲੋਕਲ ਹਿੰਦੂਆਂ ਨੇ ਵਰਗਲਾ ਕੇ ਇੱਕ ਪਤਿਤ ਗੰਢਾ ਸਿੰਘ ਓਬਰਾਏ ਨੂੰ ਗੁਰਦੁਆਰੇ ਦਾ ਮੈਨੇਜਰ ਲਗਾ ਦਿੱਤਾ। 9 ਅਕਤੂਬਰ 1920 ਨੂੰ ਅਕਾਲੀ ਸਿੰਘ ਇਸ ਗੁਰਦੁਆਰੇ 'ਤੇ ਕਬਜ਼ਾ ਕਰਨ ਗਏ। ਮਹੰਤ ਦੇ ਬੰਦਿਆਂ ਨਾਲ ਅਕਾਲੀਆਂ ਦੀ ਹੱਥੋ ਪਾਈ ਵੀ ਹੋਈ। ਅਗਲੇ ਦਿਨ ਮੈਨੇਜਰ ਗੰਢਾ ਸਿੰਘ ਨੇ ਪੁਲਿਸ ਕਪਤਾਨ ਦੀ ਕੋਠੀ ਜਾ ਕੇ ਦਾਦ ਫਰਿਆਦ ਕੀਤੀ। ਉਹਨੇ ਇੱਕ ਥਾਣੇਦਾਰ ਤੇ ਪੁਲਿਸ ਦੀ ਗਾਰਦ ਘੱਲ ਦਿੱਤੀ। ਥਾਣੇਦਾਰ ਨੇ ਆ ਕੇ ਅਕਾਲੀਆਂ ਨਾਲ ਮਾੜੀ-ਮੋਟੀ ਹਮਤੋ-ਤੁਮਤੋ ਕੀਤੀ। ਅਕਾਲੀਆਂ ਨੇ ਅੱਗੋਂ ਇੱਕ ਦੀਆਂ ਚਾਰ ਸੁਣਾਈਆਂ, ਫੇਰ ਪੁਲਿਸ ਕੋਈ ਬਹਾਨਾ ਬਣਾ ਕੇ ਇੱਥੋਂ ਖਿਸਕ ਗਈ ਤੇ ਮੁੜ ਕੇ ਨਹੀਂ ਆਈ। ਅਗਲੇ ਦਿਨ ਗੰਢਾ ਸਿੰਘ ਕੁਝ ਹਿੰਦੂਆਂ ਨੂੰ ਲੈ ਕੇ ਆਇਆ, ਪਰ ਅਕਾਲੀ ਸਿੰਘਾਂ ਮੂਹਰੇ ਪੇਸ਼ ਨਾ ਗਈ। ਉਨ੍ਹਾਂ ਨੇ ਗੁਰਦੁਆਰਾ ਸਟੋਰ ਦੇ ਜਿੰਦੇ ਤੋੜ ਕੇ ਲੰਗਰ 'ਤੇ ਕਬਜ਼ਾ ਕਰ ਲਿਆ। ਤਿੰਨ ਚਾਰ ਦਿਨਾਂ ਪਿੱਛੋਂ ਜ਼ਿਲ੍ਹੇ ਵਿੱਚੋਂ ਹੋਰ ਅਕਾਲੀ ਜੱਥੇ ਪਹੁੰਚ ਗਏ। ਉਨ੍ਹਾਂ ਨੇ ਸ. ਖੜਕ ਸਿੰਘ ਦੀ ਪ੍ਰਧਾਨਗੀ ਵਿੱਚ ਲੋਕਲ ਸਿੰਘਾਂ ਦੀ ਕਮੇਟੀ ਬਣਾ ਕੇ ਗੁਰਦੁਆਰਾ ਪ੍ਰਬੰਧ ਉਨ੍ਹਾਂ ਦੇ ਸਪੁਰਦ ਕਰ ਦਿੱਤਾ। ਇਹੀ ਸ. ਖੜਕ ਸਿੰਘ ਬਾਅਦ ਵਿੱਚ ਸਿੱਖ ਪੰਥ ਦੇ ਉੱਘੇ ਲੀਡਰ ਬਣੇ।

### ਅਕਾਲ ਤਖਤ 'ਤੇ ਪੰਥ ਦਾ ਕਬਜ਼ਾ

ਸ੍ਰੀ ਹਰਿਮੰਦਰ ਸਾਹਿਬ ਅਤੇ ਅਕਾਲ ਤਖਤ ਸਾਹਿਬ 'ਤੇ ਕਬਜ਼ੇ ਦਾ ਬਿਰਤਾਂਤ ਤਾਂ ਬਹੁਤ ਸਾਰੇ ਅਖਬਾਰਾਂ-ਰਸਾਲਿਆਂ ਵਿੱਚ ਛਪ ਚੁੱਕਾ ਹੈ। ਸੰਖੇਪ ਵਿੱਚ ਦੱਸਿਆ ਜਾਂਦਾ ਹੈ ਕਿ 12 ਅਕਤੂਬਰ 1920 ਨੂੰ ਅਕਾਲੀ ਸਿੰਘਾਂ ਨੇ ਇੱਥੇ ਕਬਜ਼ਾ ਕਰਕੇ ਪਹਿਰਾ ਲਾ ਦਿੱਤਾ। ਪੁਜਾਰੀ ਤਾਂ ਡਰਦੇ ਪਹਿਲਾਂ ਹੀ ਭੱਜ ਗਏ ਸਨ। ਜਿਹੜੇ ਉਨ੍ਹਾਂ ਦੇ ਸੇਵਾਦਾਰ ਬਚੇ, ਉਨ੍ਹਾਂ ਨੂੰ ਅਕਾਲੀਆਂ ਨੇ ਕੰਨੋਂ ਫੜ ਕੇ ਬਾਹਰ ਕੱਢ ਦਿੱਤਾ। ਅਕਾਲ ਤਖਤ ਸਾਹਿਬ ਦਾ ਪ੍ਰਬੰਧ ਸ. ਤੇਜਾ ਸਿੰਘ ਭੁੱਚਰ ਨੂੰ ਸੌਂਪ ਦਿੱਤਾ ਗਿਆ।

ਇਸ ਗੱਲ ਦਾ ਪਤਾ ਤਾਂ ਕਿਸੇ ਕਿਤਾਬ ਤੋਂ ਨਹੀਂ ਲੱਗਦਾ ਕਿ ਪੁਜਾਰੀਆਂ ਨੇ ਸਰਕਾਰ ਕੋਲ ਕੋਈ ਦਾਦ ਫਰਿਆਦ ਕੀਤੀ ਕਿ ਨਹੀਂ! ਪਰ ਕਈ ਦਿਨਾਂ ਬਾਅਦ ਇੱਥੋਂ ਦੇ ਪੁਜਾਰੀ ਭੱਜ ਕੇ ਬੁਰਜ ਅਕਾਲੀ ਫੂਲਾ ਸਿੰਘ ਵਿੱਚ ਬੈਠੇ ਨਿਹੰਗਾਂ ਕੋਲ ਗਏ। ਉਨ੍ਹਾਂ ਨੂੰ ਪੰਜ ਬੱਕਰੇ, ਦੋ ਬੋਰੀਆਂ ਖੰਡ, ਇੱਕ ਬੋਰੀ ਬਦਾਮ, ਆਟਾ ਤੇ ਹੋਰ ਰਸਦ ਪੇਸ਼ ਕਰਕੇ ਅਕਾਲ ਤਖਤ ਤੋਂ ਅਕਾਲੀਆਂ ਦਾ ਕਬਜ਼ਾ ਛੁਡਾਉਣ ਲਈ ਪ੍ਰੇਰ ਕੇ ਸੱਦ ਲਏ; ਪਰ ਅਕਾਲੀਆਂ ਨੇ ਨਿਹੰਗਾਂ ਨੂੰ ਵੀ ਡਾਂਗਾਂ ਮਾਰ ਮਾਰ ਸਿੱਧੇ ਕਰਕੇ ਲਿਖਤੀ ਮੁਆਫੀ ਮੰਗਵਾਈ। ਇੱਥੋਂ ਜ਼ਾਹਰ ਹੁੰਦਾ ਹੈ ਕਿ ਪੁਜਾਰੀਆਂ ਨੇ ਅਕਾਲੀਆਂ ਦਾ ਕਬਜ਼ਾ ਛੁਡਾਉਣ ਲਈ ਸਰਕਾਰ ਪਾਸ ਜ਼ਰੂਰ ਅਰਜ਼ ਗੁਜ਼ਾਰੀ ਹੋਊ ਅਤੇ ਇਮਦਾਦ ਨਾ ਮਿਲਣ ਦੀ ਸੂਰਤ ਵਿੱਚ ਹੀ ਨਿਹੰਗਾਂ ਵਾਲਾ ਰਾਹ ਅਖਤਿਆਰ ਕੀਤਾ।

### ਕਬਜ਼ੇ ਨੂੰ ਸਰਕਾਰ ਦੀ ਕਾਨੂੰਨੀ ਮਾਨਤਾ

ਅੰਗਰੇਜ਼ ਸਰਕਾਰ ਨੇ ਅਕਾਲ ਤਖਤ ਸਾਹਿਬ 'ਤੇ ਕਬਜ਼ੇ ਦੇ ਅਕਾਲੀਆਂ ਦੇ ਕਬਜ਼ੇ ਨੂੰ ਕਾਨੂੰਨੀ ਕਰਾਰ ਦੇਣ ਲਈ ਕਬਜ਼ੇ ਵਾਲੇ ਦਿਨ ਹੀ ਕਾਰਵਾਈ ਸ਼ੁਰੂ ਕਰ ਦਿੱਤੀ। ਕਬਜ਼ੇ ਤੋਂ ਦੂਜੇ ਦਿਨ ਭਾਵ 14 ਅਕਤੂਬਰ 1920 ਨੂੰ ਪੰਜਾਬ ਦੇ ਗਵਰਨਰ ਵੱਲੋਂ ਅਕਾਲੀਆਂ ਨੂੰ ਲਿਖਤੀ ਕਬਜ਼ਾ ਦੇਣ ਵਾਲਾ ਹੁਕਮ ਡੀ.ਸੀ. ਤਕ ਪੁੱਜ ਗਿਆ ਸੀ। ਕਬਜ਼ੇ ਤੋਂ ਬਾਅਦ ਕੁਝ ਹੀ ਘੰਟਿਆਂ ਵਿੱਚ ਅਕਾਲੀਆਂ ਦੇ ਕਬਜ਼ੇ ਨੂੰ ਮਾਨਤਾ ਦੇਣ ਵਾਲੀ ਕਾਰਵਾਈ ਜਿਸ ਤਰ੍ਹਾਂ ਪੂਰੀ ਹੋਈ ਅਤੇ ਅਕਾਲੀਆਂ ਦੇ ਨਾਂਹ ਨੁੱਕਰ ਕਰਨ ਦੇ ਬਾਵਜੂਦ ਫਟਾਫਟ ਕਬਜ਼ੇ ਦਾ ਕਾਗਜ਼ ਲਿਖਿਆ, ਇਸ ਤੋਂ ਇਹ ਪ੍ਰਭਾਵ ਮਿਲਦਾ ਹੈ ਕਿ ਸਰਕਾਰ ਨੂੰ ਅਕਾਲੀਆਂ ਦੇ ਕਬਜ਼ੇ ਦਾ ਚਾਅ ਚੜ੍ਹਿਆ ਪਿਆ ਸੀ।

15 ਅਕਤੂਬਰ ਸਵੇਰੇ 10 ਵਜੇ ਡਿਪਟੀ ਕਮਿਸ਼ਨਰ ਦਾ ਹੁਕਮ ਲੈ ਕੇ ਦਰਬਾਰ ਸਾਹਿਬ ਦੇ ਸਰਬਰਾਹ ਸ. ਸੁੰਦਰ ਸਿੰਘ ਜੀ ਰਾਮਗੜ੍ਹੀਆ ਅਕਾਲੀਆਂ ਦੇ ਜਥੇਦਾਰ ਸ. ਤੇਜਾ ਸਿੰਘ ਭੁੱਚਰ ਪਾਸ ਪੁੱਜੇ ਤੇ ਆਖਿਆ ਕਿ ਡੀ.ਸੀ. ਸਾਹਿਬ ਨੇ ਤੁਹਾਨੂੰ ਸੱਦਿਆ ਹੈ। ਪਰ ਅਕਾਲੀਆਂ ਦੇ ਮਨ ਵਿੱਚ ਸਰਕਾਰ ਵਿਰੋਧੀ ਭਾਵਨਾ ਹੋਣ ਕਰਕੇ ਇਸਨੂੰ ਗਲਤ ਅਰਥਾਂ ਵਿੱਚ ਲਿਆ ਅਤੇ ਸੁਨੇਹੇ ਦੇ ਜੁਆਬ ਵਿੱਚ ਆਖਿਆ ਕਿ ਅਸੀਂ ਨੀ ਡੀ.ਸੀ. ਕੋਲ ਜਾਣਾ, ਜੇ ਡੀ.ਸੀ. ਨੂੰ ਸਾਡੀ ਲੋੜ ਹੈ ਤਾਂ ਪੁਲਿਸ ਗ੍ਰਿਫਤਾਰ ਕਰਕੇ ਲੈ ਜਾਵੇ।

ਸ. ਰਾਮਗੜ੍ਹੀਆ ਉਨ੍ਹੀਂ ਪੈਰੀਂ ਡੀ.ਸੀ. ਕੋਲ ਗਏ ਅਤੇ ਡੀ.ਸੀ. ਦਾ ਮੋੜਵਾਂ ਸੁਨੇਹਾ ਲਿਆਏ, ਜਿਸ ਵਿੱਚ ਡੀ.ਸੀ. ਦਾ ਕਹਿਣਾ ਸੀ ਕਿ ਮੈਂ ਅਕਾਲੀਆਂ ਨੂੰ ਆਪਣੀ ਕਚਹਿਰੀ ਨਹੀਂ ਸੱਦ ਰਿਹਾ ਬਲਕਿ ਰਾਮ ਬਾਗ ਵਿੱਚ ਸਥਿਤ ਆਪਣੀ ਕੋਠੀ 'ਤੇ ਬੁਲਾ ਰਿਹਾ ਹਾਂ, ਬਸ ਕੁਝ ਗੱਲ ਕਰਨੀ ਹੈ, ਗਲਤ ਨਾ ਸਮਝੋ, ਮੇਰੀ ਕੋਠੀ ਆਓ।

ਧਰਮ ਸਿੰਘ, ਬਸੰਤ ਸਿੰਘ ਰਸਾਲਦਾਰ ਨੌਸ਼ਹਿਰਾ ਪੰਨੂਆਂ, ਤੇਜਾ ਸਿੰਘ ਭੁੱਚਰ, ਤੇਜਾ ਸਿੰਘ ਚੂੜਕਾਣਾ ਅਤੇ ਕਰਤਾਰ ਸਿੰਘ ਝੱਬਰ ਡੀ.ਸੀ. ਦੀ ਕੋਠੀ ਪੁੱਜੇ। ਡੀ.ਸੀ. ਨਾਲ ਅੰਗਰੇਜ਼ੀ ਵਿੱਚ ਗੱਲ ਕਰਨ ਲਈ ਖਾਲਸਾ ਕਾਲਜ ਦੇ ਪ੍ਰੋਫੈਸਰ ਕਸ਼ਮੀਰਾ ਸਿੰਘ, ਬਾਵਾ ਹਰੀ ਕ੍ਰਿਸ਼ਨ ਸਿੰਘ ਨੂੰ ਵੀ ਅਕਾਲੀਆਂ ਨੇ ਉਥੇ ਸੱਦ ਲਿਆ। ਡੀ.ਸੀ. ਮਿਸਟਰ ਬਾਲਟਨ ਅਤੇ ਪੁਲਿਸ ਕਪਤਾਨ ਖੜ੍ਹੇ ਹੋ ਕੇ ਅਕਾਲੀਆਂ ਨੂੰ ਮਿਲੇ ਤੇ ਆਪਣੇ ਬਰਾਬਰ ਕੁਰਸੀਆਂ 'ਤੇ ਬਿਠਾਇਆ। ਡੀ.ਸੀ. ਨੇ ਗਵਰਨਰ ਵੱਲੋਂ ਆਇਆ ਅੰਗਰੇਜ਼ੀ ਵਿੱਚ ਟਾਈਪ ਕੀਤਾ ਸੰਦੇਸ਼ ਲਿਖਾਇਆ ਅਤੇ ਇਸਦਾ ਉਰਦੂ ਤਰਜਮਾ ਵੀ ਸੁਣਾਇਆ ਗਿਆ। ਦੱਸਿਆ ਗਿਆ, ਇਸ ਵਿੱਚ ਲਿਖਿਆ ਸੀ ਕਿ ਜੋ ਆਪ ਨੇ ਦਰਬਾਰ ਸਾਹਿਬ ਉਪਰ ਕਬਜ਼ਾ ਕਰ ਲਿਆ ਹੈ, ਸਰਕਾਰ ਇਸ ਵਿੱਚ ਕੋਈ ਦਖਲ ਨਹੀਂ ਦੇਣਾ ਚਾਹੁੰਦੀ, ਪਰ ਇਸਦੇ ਪ੍ਰਬੰਧ ਵਿੱਚ ਸਰਕਾਰ ਦਾ ਜੋ ਥੋੜ੍ਹਾ ਬਹੁਤਾ ਸਬੰਧ ਹੈ, ਅਸੀਂ ਉਸਨੂੰ ਵੀ ਖਤਮ ਕਰਨਾ ਚਾਹੁੰਦੇ ਹਾਂ। ਸੋ ਤੁਸੀਂ ਕੋਈ ਪ੍ਰਬੰਧਕ ਕਮੇਟੀ ਮੁਕੱਰਰ ਕਰੋ ਅਤੇ ਅਸੀਂ ਉਸਦੇ ਨਾਂ ਦਰਬਾਰ ਸਾਹਿਬ ਦਾ ਕਬਜ਼ਾ ਲਿਖ ਦਿੰਦੇ ਹਾਂ।

ਅਕਾਲੀਆਂ ਨੂੰ ਕੋਈ ਆਸ ਨਹੀਂ ਸੀ ਕਿ ਉਹ ਐਨੀ ਛੇਤੀ ਉਨ੍ਹਾਂ ਨੂੰ ਕਬਜ਼ਾ ਦੇਣ ਲਈ ਤਿਆਰ ਹੋ ਜਾਣਗੇ। ਇਸਦੇ ਜੁਆਬ ਵਿੱਚ ਉਨ੍ਹਾਂ ਨੇ ਡੀ.ਸੀ. ਨੂੰ ਆਖਿਆ ਕਿ ਇੱਕ ਦਿਨ ਸਾਰਾ ਪੰਥ ਇਕੱਠਾ ਹਊਗਾ, ਓਹੀ ਪ੍ਰਬੰਧਕ ਕਮੇਟੀ ਚੁਣੇਗਾ।


### ਸਰਕਾਰ ਕਬਜ਼ਾ ਲਿਖਣ ਲਈ ਕਾਹਲੀ

ਸਰਕਾਰ ਅਕਾਲੀਆਂ ਦੇ ਕਬਜ਼ੇ ਨੂੰ ਕਾਨੂੰਨੀ ਮਾਨਤਾ ਦੇਣ ਲਈ ਏਨੀ ਕਾਹਲੀ ਸੀ ਕਿ ਡੀ.ਸੀ. ਨੇ ਅਕਾਲੀਆਂ ਨੂੰ ਝੱਟ ਉੱਤਰ ਦਿੱਤਾ ਕਿ ਸਰਕਾਰ ਸਾਹਿਬ ਤੁਸੀਂ ਇੱਕ ਆਰਜ਼ੀ ਕਮੇਟੀ ਹੁਣੇ ਬਣਾਓ ਅਤੇ ਫੌਰਨ ਕਬਜ਼ੇ ਦੀ ਲਿਖਤ ਲਓ। ਜਦੋਂ ਤੁਹਾਡਾ ਪੰਥ ਇਕੱਠਾ ਹੋ ਕੇ ਪੱਕੀ ਕਮੇਟੀ ਬਣਾਊਗਾ ਤਾਂ ਇਹ ਆਰਜ਼ੀ ਕਮੇਟੀ ਓਹਨੂੰ ਕਬਜ਼ਾ ਦੇਣ ਲਈ ਆਜ਼ਾਦ ਹੈ।

ਸਿੰਘ ਮੰਨ ਗਏ ਅਤੇ ਬਾਹਰ ਆ ਕੇ ਬੈਠੀ ਹੋਰ ਸੰਗਤ ਨੂੰ ਆ ਕੇ ਡੀ.ਸੀ. ਵਾਲੀ ਗੱਲ ਦੱਸੀ ਤਾਂ ਸੰਗਤਾਂ ਨੇ ਇਹ ਨਾਂ ਤਜਵੀਜ਼ ਕੀਤੇ ਸ. ਤੇਜਾ ਸਿੰਘ ਚੂੜਕਾਣਾ, ਸ. ਕਰਤਾਰ ਸਿੰਘ ਝੱਬਰ, ਬਾਬਾ ਕੇਹਰ ਸਿੰਘ ਪੱਟੀ, ਭਾਈ ਬਹਾਦਰ ਸਿੰਘ ਹਕੀਮ ਅਤੇ ਮੁਕੰਦ ਸਿੰਘ ਟਾਲ ਵਾਲਾ; ਤੇ ਦੋ ਹੋਰਨਾਂ ਦੇ ਨਾਂ ਸਨ। ਦੋ ਪ੍ਰੋਫੈਸਰਾਂ ਦੇ ਨਾਂ ਵੀ ਜੋੜ ਲਏ ਗਏ। ਭਾਈ ਤੇਜਾ ਸਿੰਘ ਨੇ ਭਾਈ ਗੁਰਦਿਆਲ ਸਿੰਘ ਨਾਮਧਾਰੀ ਦਾ ਵੀ ਨਾਂ ਪੇਸ਼ ਕੀਤਾ, ਪਰ ਸ. ਝੱਬਰ ਨੇ ਮੁਖਾਲਫਤ ਕੀਤੀ ਕਿ ਨਾਮਧਾਰੀ ਦੇਹਧਾਰੀ ਗੁਰੂਆਂ ਨੂੰ ਮੰਨਦੇ ਹਨ, ਇਸ ਲਈ ਨਾਮਧਾਰੀ ਨੂੰ ਇਸ ਕਮੇਟੀ ਵਿੱਚ ਸ਼ਾਮਲ ਨਹੀਂ ਕੀਤਾ ਜਾ ਸਕਦਾ। ਸੰਗਤ ਨੇ ਇਸਦੀ ਪ੍ਰੋੜ੍ਹਤਾ ਕੀਤੀ, ਜਿਸ 'ਤੇ ਭਾਈ ਤੇਜਾ ਸਿੰਘ ਵਾਕਆਊਟ ਕਰਕੇ ਚਲੇ ਗਏ। ਇਨ੍ਹਾਂ ਨੌਂ ਮੈਂਬਰਾਂ ਦੀ ਕਮੇਟੀ ਬਣਾ ਕੇ ਲਿਸਟ ਡੀ.ਸੀ. ਨੂੰ ਦੇ ਦਿੱਤੀ ਗਈ। ਡੀ.ਸੀ. ਨੇ ਇੱਕ ਵੱਖਰੇ ਕਾਗਜ਼ 'ਤੇ ਕਬਜ਼ੇ ਦੀ ਲਿਖਤ ਦੇ ਦਿੱਤੀ।




ਸਿਆਲਕੋਟ 'ਚ ਗੁਰਦੁਆਰਾ ਸਾਹਿਬ ਬਾਬੇ ਦੀ ਬੇਰ ਦਾ ਮੁੱਖ ਦੁਆਰ





(ਖੱਬੇ) 'ਸੈਂਟਰਲ ਸਿੱਖ ਮਿਊਜ਼ੀਅਮ' ਵਿੱਚ ਲੱਗਿਆ ਸ. ਤੇਜਾ ਸਿੰਘ ਭੁੱਚਰ ਦਾ ਚਿੱਤਰ ਅਤੇ (ਸੱਜੇ) ਜਥੇਦਾਰ ਕਰਤਾਰ ਸਿੰਘ ਝੱਬਰ

### ਪੰਜਾ ਸਾਹਿਬ 'ਤੇ ਪੰਥ ਦਾ ਕਬਜ਼ਾ; ਸਰਕਾਰ ਵੱਲੋਂ ਕਬਜ਼ੇ 'ਚ ਸਹਾਇਤਾ

ਗੁਰਦੁਆਰਾ ਪੰਜਾ ਸਾਹਿਬ 'ਤੇ ਕਬਜ਼ਾ ਕਰਨ ਲਈ ਜਥੇਦਾਰ ਕਰਤਾਰ ਸਿੰਘ ਝੱਬਰ ਦੀ ਅਗਵਾਈ ਵਿੱਚ ਇੱਕ 25 ਸਿੰਘਾਂ ਦਾ ਜਥਾ 19 ਨਵੰਬਰ 1920 ਨੂੰ ਹਸਨ ਅਬਦਾਲ ਰੇਲਵੇ ਸਟੇਸ਼ਨ 'ਤੇ ਲਗਭਗ 3 ਵਜੇ ਪਹੁੰਚ ਗਿਆ। ਜਥੇ ਨੇ ਗੁਰਦੁਆਰੇ ਦੇ ਮਹੰਤ ਸੰਤ ਸਿੰਘ ਨੂੰ ਆਖਿਆ ਕਿ ਜਥਾ ਦਰਸ਼ਨ ਕਰਨ ਆਇਆ ਹੈ, ਇਸ ਲਈ ਸਾਨੂੰ ਰਿਹਾਇਸ਼ ਲਈ ਕੋਈ ਵੱਡਾ ਕਮਰਾ ਦੇ ਦਿਓ, ਤੇ ਮਹੰਤ ਨੇ ਇੱਕ ਕਮਰਾ ਦੇ ਦਿੱਤਾ।

ਮਹੰਤ ਨੂੰ ਜਥੇ ਦੇ ਆਉਣ ਦੀ ਕਨਸੋਅ ਪਹਿਲਾਂ ਹੀ ਮਿਲ ਚੁੱਕੀ ਸੀ ਤੇ ਉਸਨੇ ਜ਼ਿਲ੍ਹਾ ਹੈੱਡਕੁਆਰਟਰ ਕੈਮਲਪੁਰ ਟੈਲੀਗ੍ਰਾਮ ਭੇਜ ਕੇ ਪੁਲਿਸ ਮੰਗਵਾਈ ਹੋਈ ਸੀ; ਪਰ ਪੁਲਿਸ ਨੇ ਅਕਾਲੀਆਂ ਨੂੰ ਕੁਝ ਨਾ ਆਖਿਆ, ਸਗੋਂ ਥਾਣੇਦਾਰ ਖੁਦ ਗੁਰਦੁਆਰੇ ਤੋਂ ਬਾਹਰ ਚਲਾ ਗਿਆ। ਮਹੰਤ ਸੰਤ ਸਿੰਘ ਨੇ ਪੁਲਿਸ ਵਾਲਾ ਦਾਅ ਫੇਲ੍ਹ ਹੋਣ 'ਤੇ ਹਸਨ ਅਬਦਾਲ ਵਿੱਚ ਲੱਗੀ ਮਾਲ ਮੰਡੀ ਵਿੱਚੋਂ ਬਦਮਾਸ਼ਾਂ ਨੂੰ ਅਕਾਲੀਆਂ ਨਾਲ ਲੜਨ ਵਾਸਤੇ ਭਾੜੇ 'ਤੇ ਕਰ ਲਿਆ ਤੇ ਹਨੇਰੇ ਵਿੱਚ ਗੁਰਦੁਆਰੇ ਦੇ ਚਹੁੰ ਕਮਰਿਆਂ ਵਿੱਚ ਬਦਮਾਸ਼ ਬਿਠਾ ਦਿੱਤੇ।

ਮਹੰਤ ਦੇ ਸੱਦੇ 'ਤੇ ਆਈ ਪੁਲਿਸ ਨਾਲ ਇੱਕ ਮੈਜਿਸਟ੍ਰੇਟ ਸ. ਰਤਨ ਸਿੰਘ ਤਹਿਸੀਲਦਾਰ ਵੀ ਆਇਆ ਹੋਇਆ ਸੀ। ਉਹਨੇ ਜਥੇਦਾਰ ਕਰਤਾਰ ਸਿੰਘ ਝੱਬਰ ਨੂੰ ਮਿਲ ਕੇ ਆਖਿਆ ਕਿ ਤੁਸੀਂ ਆਪਣਾ ਕੰਮ ਚੁੱਪ ਚਾਪ ਕਰੀ ਜਾਓ, ਪਰ ਲੜਾਈ ਨਾ ਕਰਿਓ। ਜਥੇਦਾਰ ਝੱਬਰ ਨੇ ਮੈਜਿਸਟ੍ਰੇਟ ਨੂੰ ਗੁਰਦੁਆਰੇ ਵਿੱਚ ਬਦਮਾਸ਼ਾਂ ਦੇ ਬੈਠੇ ਹੋਣ ਦੀ ਗੱਲ ਦੱਸੀ। ਮੈਜਿਸਟ੍ਰੇਟ ਨੇ ਪੁਲਿਸ ਨੂੰ ਹੁਕਮ ਦਿੱਤਾ ਕਿ ਬਦਮਾਸ਼ਾਂ ਨੂੰ ਫੌਰਨ ਗ੍ਰਿਫਤਾਰ ਕਰੋ। ਪੁਲਿਸ ਇੰਸਪੈਕਟਰ ਦੀ ਇੱਕ ਸੀਟੀ ਮਾਰਨ ਦੀ ਦੇਰ ਸੀ ਕਿ ਗੁਰਦੁਆਰੇ ਵਿੱਚੋਂ 40-50 ਮੁਸਲਮਾਨ ਬਦਮਾਸ਼ਾਂ ਨੂੰ ਗ੍ਰਿਫਤਾਰ ਕਰਕੇ ਹਵਾਲਾਤੇ ਘੱਲ ਦਿੱਤਾ। ਹਸਨ ਅਬਦਾਲ ਦੇ ਨੇੜੇ ਪੀਰ ਬੁੱਧੂ ਸ਼ਾਹ ਦੇ ਖਾਨਦਾਨ ਵਿੱਚੋਂ ਸੱਯਦਾਂ ਦਾ ਪਿੰਡ ਸੀ। ਇਹ ਪਿੰਡ ਵਾਸੀ ਅਗਲੇ ਦਿਨ ਆ ਕੇ ਸ. ਝੱਬਰ ਨੂੰ ਮਿਲੇ ਤੇ ਮਦਦ ਦੀ ਪੇਸ਼ਕਸ਼ ਕੀਤੀ।

### ਹਸਨ ਅਬਦਾਲ ਦੇ ਹਿੰਦੂ ਮਹੰਤ ਦੇ ਹੱਕ 'ਚ

ਅਕਾਲੀ ਜਥੇ ਵੱਲੋਂ ਗੁਰਦੁਆਰੇ ਵਿੱਚ ਪਹਿਲੀ ਰਾਤ ਕੱਟਣ ਤੋਂ ਅਗਲੀ ਸਵੇਰ ਕੀਰਤਨ ਦਰਬਾਰ ਸਜਾਇਆ ਸੀ। ਮਹੰਤ ਸੰਤ ਸਿੰਘ ਨੇ ਅਕਾਲੀ ਰਾਗੀ ਜਥੇ ਨੂੰ ਸਮਾਂ ਦੇਣ ਤੋਂ ਨਾਂਹ ਕਰ ਦਿੱਤੀ। ਭੋਗ ਤੋਂ ਬਾਅਦ ਸ਼ਹਿਰ ਦੇ ਇੱਕ ਲਾਲਾ ਰਾਮ ਚੰਦ ਨੇ ਆਪਣੀ ਤਕਰੀਰ ਇਓਂ ਸ਼ੁਰੂ ਕੀਤੀ: "ਹਸਨ ਅਬਦਾਲ ਕੇ ਹਿੰਦੂ ਭਾਈਓ! ਯੇਹ ਲੋਗ ਜੋ ਹਮਾਰੇ ਗੁਰਦੁਆਰੇ ਪਰ ਕਬਜ਼ਾ ਕਰਨੇ ਕੇ ਲੀਯੇ ਆਏ ਹੈਂ, ਇਨ ਕੇ ਮੁਤੱਲਕ ਕੁਛ ਬਤਾਨਾ ਚਾਹਤਾ ਹੂੰ। ਮੈਂ ਇਨ ਸਭ ਸਿੱਖੋਂ ਕੋ ਤੋ ਨਹੀਂ ਜਾਨਤਾ ਮਗਰ ਇਨਕੇ ਜਥੇਦਾਰ ਝੱਬਰ ਸਾਹਿਬ ਕੋ ਅੱਛੀ ਤਰ੍ਹਾਂ ਜਾਨਤਾ ਹੂੰ। ਮੈਂ ਸ਼ਾਹਦਰਾ ਔਰ ਸਾਂਗਲਾ ਕੇ ਦਰਮਿਆਨ ਜੋ ਰੇਲ ਲਾਈਨ ਨਈ ਬਣੀ ਥੀ, ਵਹਾਂ ਚਾਰ ਸਾਲ ਠੇਕੇਦਾਰ ਰਹਾ ਥਾ। ਇਸ ਇਲਾਕੇ ਮੇਂ ਜੱਟ ਸਿੱਖੋਂ ਕੀ ਇੱਕ ਵਿਰਕ ਕੌਮ ਆਬਾਦ ਹੈ; ਜੋ ਖੈਬਰ ਕੇ ਪਠਾਨੋਂ ਕੀ ਤਰ੍ਹਾਂ ਚੋਰ ਡਾਕੂ ਔਰ ਸਭ ਕੇ ਸਭ ਬਦਮਾਸ਼ ਹੈਂ। ਉਨ ਮੇਂ ਸੇ ਯਹ ਝੱਬਰ ਸਾਹਿਬ ਭੀ ਹੈਂ। ਅਗਰ ਇਨ ਲੋਗੋਂ ਨੇ ਗੁਰਦੁਆਰੇ ਪਰ ਕਬਜ਼ਾ ਕਰ ਲੀਆ ਤੋ ਯਿਹ ਇਨ ਕਾ ਅੱਡਾ ਬਨ ਜਾਏਗਾ ਔਰ ਯਹ ਲੋਗ ਹਸਨ ਅਬਦਾਲ ਕੇ ਹਿੰਦੂਓਂ ਕੀ ਖੂਬਸੂਰਤ ਲੜਕੀਓਂ ਔਰ ਔਰਤੇਂ ਉਠਾ ਕੇ ਲੇ ਜਾਏਂਗੇ।"

ਇੰਝ ਲਾਲਾ ਰਾਮ ਚੰਦ ਨੇ ਸ਼ਹਿਰ ਦੇ ਹਿੰਦੂਆਂ ਨੂੰ ਅਕਾਲੀਆਂ ਖ਼ਿਲਾਫ ਭੜਕਾਉਣ ਦੀ ਕੋਈ ਕਸਰ ਨਾ ਛੱਡੀ। ਹਿੰਦੂਆਂ ਨੂੰ ਸੰਬੋਧਨ ਕਰਕੇ 'ਹਮਾਰੇ ਗੁਰਦੁਆਰੇ' ਕਹਿਣ ਦਾ ਭਾਵ ਇਹ ਸੀ ਕਿ ਇਹ ਗੁਰਦੁਆਰੇ ਸਿੱਖਾਂ ਦਾ ਨਹੀਂ ਬਲਕਿ ਹਿੰਦੂਆਂ ਦਾ ਹੈ। ਇਸਦੇ ਜੁਆਬ ਵਿੱਚ ਸ. ਝੱਬਰ ਨੇ ਵੀ ਇੱਕ ਲੰਬੀ ਚੌੜੀ ਤਕਰੀਰ ਕੀਤੀ, ਜਿਸ ਵਿੱਚ ਉਨ੍ਹਾਂ ਨੇ ਕਿਹਾ ਕਿ ਸਿੱਖ ਤਾਂ ਹਜ਼ਾਰਾਂ ਹਿੰਦੂ ਲੜਕੀਆਂ ਨੂੰ ਅਬਦਾਲੀ ਹੋਰਾਂ ਦੇ ਲਸ਼ਕਰਾਂ ਤੋਂ ਛੁਡਾ ਕੇ ਲਿਆਂਦੇ ਰਹੇ


⇒ ਬਾਕੀ ਅਗਲੇ ਸਫੇ ਉੱਤੇ ਪੜ੍ਹੋ

ਹਨ। ਸੋ ਸਿੱਖਾਂ ’ਤੇ ਅਜਿਹਾ ਇਲਜ਼ਾਮ ਲਾਉਣ ਵਾਲੇ ਨੂੰ ਸ਼ਰਮ ਆਉਣੀ ਚਾਹੀਦੀ ਹੈ। ਇਸ ਮੌਕੇ ਸ. ਅਮਰ ਸਿੰਘ ਝਬਾਲ ਨੇ ਵੀ ਸ. ਝੱਬਰ ਨੂੰ ਆਖਿਆ ਕਿ ਇਹ ਇਲਾਕਾ ਹਿੰਦੂਆਂ ਦਾ ਗੜ੍ਹ ਹੈ, ਸਿੱਖਾਂ ਦੀ ਤਾਕਤ ਥੋੜ੍ਹੀ ਹੈ, ਸੋ ਸਾਨੂੰ ਇੱਥੋਂ ਵਾਪਸ ਚਲੇ ਜਾਣਾ ਚਾਹੀਦਾ ਹੈ; ਪਰ ਝੱਬਰ ਸਾਹਿਬ ਨਹੀਂ ਮੰਨੇ। ਇਹ ਉਹੀ ਅਮਰ ਸਿੰਘ ਹੈ, ਜਿਹੜਾ ਕਬਜ਼ੇ ਨਾ ਕਰਨ ਬਾਬਤ ਮਹਾਤਮਾ ਗਾਂਧੀ ਦਾ ਏਲਚੀ ਬਣ ਕੇ ਜਥੇਦਾਰ ਝੱਬਰ ਨੂੰ ਗੁਰਦੁਆਰਾ ਡੇਰਾ ਸਾਹਿਬ ਲਾਹੌਰ ’ਚ ਮਿਲਿਆ ਸੀ, ਜਦੋਂ ਸ. ਝੱਬਰ ਦਾ ਜਥਾ ਹਸਨ ਅਬਦਾਲ ਨੂੰ ਜਾਂਦਿਆ ਗੁਰਦੁਆਰੇ ਵਿੱਚ ਠਹਿਰਿਆ ਸੀ। ਇਹ ਸੰਭਾਵਨਾ ਹੈ ਕਿ ਅਮਰ ਸਿੰਘ ਝੱਬਰ ਦੇ ਜਥੇ ਤੋਂ ਅਗਲੇ ਦਿਨ ਹੀ ਹਸਨ ਅਬਦਾਲ ਪਹੁੰਚ ਗਿਆ ਹੋਵੇ; ਕਿਉਂਕਿ ਇਹ ਸੰਭਵ ਨਹੀਂ ਕਿ ਉਹ ਜਥੇ ਨੂੰ ਇੱਕ ਪਾਸੇ ਤਾਂ ਕਬਜ਼ਾ ਮੁਹਿੰਮ ਬੰਦ ਕਰਨ ਦੀ ਸਲਾਹ ਦੇ ਰਿਹਾ ਹੋਵੇ ਤੇ ਨਾਲੋਂ ਨਾਲ ਕਬਜ਼ਾ ਕਰਨ ਵਾਲਿਆਂ ਦਾ ਹਮਸਫਰ ਬਣ ਕੇ ਵੀ ਤੁਰੇ।

ਅਗਲੇ ਦਿਨਾਂ ਦੌਰਾਨ ਆਲੇ-ਦੁਆਲੇ ਤੋਂ ਹੋਰ ਵੀ ਸਿੱਖਾਂ ਦੇ ਬਹੁਤ ਸਾਰੇ ਜਥੇ ਪਹੁੰਚ ਗਏ ਅਤੇ ਰਸਦ ਪਾਣੀ ਤੇ ਮਾਇਆ ਵੀ ਬਹੁਤ ਹੋ ਗਈ। ਮਹੰਤ ਡਰ ਗਿਆ ਅਤੇ ਸਾਲਸਾਂ ਨੇ ਅਕਾਲੀਆਂ ਨਾਲ ਉਸਦਾ ਸਮਝੌਤਾ ਕਰਾ ਦਿੱਤਾ। 50 ਰੁਪਏ ਮਹੀਨਾ ਖਰਚਾ ਅਤੇ ਕਈ ਹੋਰ ਖਰਚਿਆਂ ਸਮੇਤ ਸੰਤ ਸਿੰਘ ਗੁਰਦੁਆਰੇ ਦਾ ਕਬਜ਼ਾ ਦੇਣ ਲਈ ਸਹਿਮਤ ਹੋ ਗਿਆ। ਇਸ ਸਮਝੌਤੇ ਦਾ ਅਰਦਾਸਾ ਹੋ ਗਿਆ; ਪਰ ਕੁਝ ਮਿੰਟਾਂ ਪਿੱਛੋਂ ਇੱਕ ਹਿੰਦੂ ਸੈਨਤ ਮਾਰ ਕੇ ਸੰਤ ਸਿੰਘ ਨੂੰ ਉਥੋਂ ਉਠਾ ਕੇ ਬਾਹਰ ਲੈ ਗਿਆ। ਸ. ਝੱਬਰ ਨੇ ਮਹੰਤ ਨੂੰ ਆਖਿਆ, “ਨਾ ਜਾਹ, ਲੋਕਾਂ ਨੇ ਤੈਨੂੰ ਵਿਗਾੜ ਦੇਣਾ ਏ ਤੇ ਤੈਨੂੰ ਇਹ ਵੇਲਾ ਹੱਥ ਨਹੀਂ ਆਉਣਾ।” ਪਰ ਵਿਗਾੜਨ ਵਾਲਿਆਂ ਦੇ ਇਰਾਦੇ ਤਾਂ ਪਹਿਲਾਂ ਹੀ ਭੈੜੇ ਸਨ। ਸੋ ਮਹੰਤ ਉਨ੍ਹਾਂ ਦੇ ਆਖਣ ’ਤੇ ਬਾਹਰ ਚਲਿਆ ਗਿਆ ਤੇ ਸਮਝੌਤਿਉਂ ਮੁੱਕਰ ਗਿਆ। ਅਰਦਾਸੇ ਵੇਲੇ ਇਹ ਆਖਿਆ ਗਿਆ ਸੀ ਕਿ ਜਿਹੜਾ ਇਸ ਸਮਝੌਤੇ ਤੋਂ ਮੁੱਕਰੂ, ਉਹ ਗੁਰੂ ਦਾ ਸਿੱਖ ਨਹੀਂ। ਸਰਬਸਮਤੀ ਨਾਲ ਮਤਾ ਪਾਸ ਹੋਇਆ ਕਿ ਮਹੰਤ ਨੂੰ ਅਰਦਾਸੇ ਤੋਂ ਮੁਕਰਨ ਬਦਲੇ ਤਨਖਾਹੀਆ ਕਰਾਰ ਦਿੱਤਾ ਜਾਂਦਾ ਹੈ, ਜਦ ਤੱਕ ਮਹੰਤ ਨੂੰ ਅਕਾਲ ਤਖਤ ਵੱਲੋਂ ਮਾਫ ਨਹੀ ਕੀਤਾ ਜਾਂਦਾ, ਉਦੋਂ ਤੱਕ ਉਹਨੂੰ ਗੁਰਦੁਆਰੇ ਨਾ ਵੜ੍ਹਨ ਦਿੱਤਾ ਜਾਵੇ। ਦਰਵਾਜ਼ੇ ’ਤੇ ਪਹਿਰੇਦਾਰਾਂ ਨੂੰ ਆਖਿਆ ਗਿਆ ਕਿ ਮਹੰਤ ਨੂੰ ਅੰਦਰ ਨਾ ਆਉਣ ਦਿੱਤਾ ਜਾਵੇ।

## ਹਿੰਦੂਆਂ ਦਾ ਗੁਰਦੁਆਰੇ ’ਤੇ ਧਾਵਾ

ਅਗਲੀ ਸਵੇਰ ਅਜੇ ਦੀਵਾਨ ਦਾ ਭੋਗ ਵੀ ਨਹੀਂ ਸੀ ਪਿਆ ਕਿ ਲਗਭਗ ਤਿੰਨ ਚਾਰ ਹਜ਼ਾਰ ਹਿੰਦੂਆਂ ਨੇ ਡਾਂਗਾਂ ਸੋਟੇ ਫੜ ਕੇ ਗੁਰਦੁਆਰੇ ਨੂੰ ਘੇਰਾ ਪਾ ਲਿਆ। ਝੱਬਰ ਸਾਹਿਬ ਨੇ ਪੁਲਿਸ ਕਪਤਾਨ ਨੂੰ ਖਬਰ ਕਰਕੇ ਕਿਹਾ ਕਿ ਇਨ੍ਹਾਂ ਹਜ਼ਾਰਾਂ ਦੇ ਹਜ਼ੂਮ ਵਾਸਤੇ ਮੇਰੇ ਬਾਜਾਂ ਵਰਗੇ 25 ਸਿੰਘ ਹੀ ਕਾਫੀ ਹਨ, ਜੇ ਕਹੋਂ ਤਾਂ ਛੱਡਾਂ? ਪੁਲਿਸ ਕਪਤਾਨ ਨੇ ਕਿਹਾ ਕਿ ਨਹੀਂ-ਨਹੀਂ ਇਨ੍ਹਾਂ ਦਾ ਇੰਤਜ਼ਾਮ ਮੈਂ ਖੁਦ ਕਰਦਾ ਹਾਂ। ਉਹ ਨੇ ਸੀਟੀ ਮਾਰ ਕੇ ਸਿਪਾਹੀਆਂ ਨੂੰ ਹਿੰਦੂ ਹਜ਼ੂਮ ਨੂੰ ਡਾਂਗਾਂ ਮਾਰ ਮਾਰ ਕੇ ਦਬੱਲਣ ਦਾ ਹੁਕਮ ਦਿੱਤਾ। ਹਜ਼ੂਮ ਵਿੱਚੋਂ ਜਿਹੜੇ ਬੰਦੇ ਗੁਰਦੁਆਰੇ ਦੇ ਅੰਦਰ ਵੜ ਗਏ ਸਨ, ਪੁਲਿਸ ਨੇ ਉਨ੍ਹਾਂ ਨੂੰ ਵੀ ਕੁੱਟ ਕੁੱਟ ਬਾਹਰ ਕੱਢਿਆ। ਮੁੜ ਅਜਿਹੀ ਕਾਰਵਾਈ ਦੀ ਪੇਸ਼ਬੰਦੀ ਸਤਹਿਤ ਸਾਰੇ ਰਾਹਾਂ ’ਤੇ ਪੁਲਿਸ ਪਹਿਰਾ ਬਿਠਾ ਦਿੱਤਾ।



■ 1930 ਦੌਰਾਨ ਖਿੱਚੀ ਗਈ ਗੁਰਦੁਆਰਾ ਪੰਜਾ ਸਾਹਿਬ ਦੀ ਤਸਵੀਰ

## ਫਿਰ ਹਿੰਦੂ ਔਰਤਾਂ ਗੁਰਦੁਆਰੇ ’ਚ ਭੇਜੀਆਂ

ਕੋਈ ਪੇਸ਼ ਨਾ ਜਾਂਦੀ ਵੇਖ ਕੇ ਸ਼ਹਿਰ ਦੇ ਹਿੰਦੂਆਂ ਨੇ ਅਗਲੀ ਰਾਤ ਆਪਣੀਆਂ ਲਗਭਗ ਦੋ-ਢਾਈ ਸੌ ਤੀਵੀਆਂ ਗੁਰਦੁਆਰੇ ਵਿੱਚ ਵਾੜ ਦਿੱਤੀਆਂ। ਇਸ ਸ਼ਰਾਰਤ ਦਾ ਮਕਸਦ ਇਹ ਸੀ ਕਿ ਤੀਵੀਆਂ ਸਿੰਘਾਂ ਨਾਲ ਹੱਥੋ-ਪਾਈ ਦਾ ਕੋਈ ਬਹਾਨਾ ਬਣਾਉਣਗੀਆਂ ਤੇ ਫੇਰ ਸਿੰਘਾਂ ’ਤੇ ਤੀਵੀਆਂ ਨੂੰ ਹੱਥ ਪਾਉਣ ਦਾ ਰੌਲਾ ਪਾਇਆ ਜਾਵੇਗਾ। ਸ. ਝੱਬਰ ਨੇ ਅਕਾਲੀਆਂ ਨੂੰ ਇਨ੍ਹਾਂ ਔਰਤਾਂ ਦਾ ਸਭ ਕੁਝ ਚੁੱਪਚਾਪ ਬਰਦਾਸ਼ਤ ਕਰਨ ਦਾ ਹੁਕਮ ਦੇ ਦਿੱਤਾ ਤੇ ਇੱਕ ਹੋਰ ਤਰਕੀਬ ਘੜੀ।

ਜਿਹੜੀ ਪੁਲਿਸ ਗਾਰਦ ਗੁਰਦੁਆਰੇ ਦੇ ਬਾਹਰ ਬੈਠੀ ਸੀ, ਉਨ੍ਹਾਂ ਵਿੱਚੋਂ ਇੱਕ ਨਿਵੇਕਲੀ ਜਿਹੀ ਮਦਦ ਮੰਗੀ। ਪੁਲਿਸ ਨੇ ਮਦਦ ਕਰਦਿਆਂ ਝੱਬਰ ਦੇ ਕਹੇ ਮੁਤਾਬਕ ਸ਼ਹਿਰ ਦੇ ਹਿੰਦੂਆਂ ਨੂੰ ਆਖਿਆ, “ਤੁਸੀਂ ਚੰਗੇ ਬੰਦੇ ਹੋ! ਤੁਹਾਡੀਆਂ ਜਨਾਨੀਆਂ ਗੁਰਦੁਆਰਾ ਸਾਹਿਬ ਇਕੱਲੀਆਂ ਬੈਠੀਆਂ ਹਨ। ਝੱਬਰ ਦੇ ਨਾਲ ਤਾਂ ਡਾਕੂ ਬਦਮਾਸ਼ ਬਾਰ ਦੇ ਜੱਟ ਆਏ ਹੋਏ ਹਨ। ਉਨ੍ਹਾਂ ਤੁਹਾਡੀਆਂ ਤੀਵੀਆਂ ਲੈ ਕੇ ਤੁਰ ਜਾਣਾ ਹੈ, ਫਿਰ ਵੇਖਦੇ ਰਹੋਗੇ। ਜਾਓ, ਆਪਣੀਆਂ ਤੀਵੀਆਂ ਉਠਾ ਲਿਆਓ। ਨਹੀਂ ਤਾਂ ਸਾਡੀ ਕੋਈ ਜ਼ਿੰਮੇਵਾਰੀ ਨਹੀਂ ਤੇ ਨਾ ਹੀ ਅਸੀਂ ਕੋਈ ਰਿਪੋਰਟ ਲਿਖਣੀ ਹੈ।”

ਲਾਲੇ ਫੌਰਨ ਆਏ ਤੇ ਆਪਣੀਆਂ ਤੀਵੀਆਂ ਨੂੰ ਉਠਾ ਕੇ ਲੈ ਗਏ।

(ਅਕਾਲੀ ਮੋਰਚੇ ਤੇ ਝੱਬਰ, ਸਫਾ 91, ਪ੍ਰਕਾਸ਼ਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)

ਬਾਅਦ ਵਿੱਚ ਪਤਾ ਲੱਗਾ ਕਿ ਇਨ੍ਹਾਂ ਲਾਲਿਆਂ ਦੀ ਬਾਹਰੋਂ ਕਮਾਨ ਰਾਵਲਪਿੰਡੀ ਦੇ ‘ਸ਼ਾਂਤੀ’ ਅਖਬਾਰ ਦਾ ਐਡੀਟਰ ਕਿਸ਼ਨ ਚੰਦ ਕਰ ਰਿਹਾ ਸੀ।

## ਹਕੂਮਤ ਨੇ ਮਹੰਤ ਦੀ ਇੱਕ ਨਾ ਸੁਣੀ

ਸਾਰੇ ਹਰਬੇ ਫੇਲ੍ਹ ਹੋ ਜਾਣ ਤੋਂ ਬਾਅਦ ਮਹੰਤ ਸੰਤ ਸਿੰਘ ਨੇ ਜਦੋਂ ਸਰਕਾਰੇ ਦਰਬਾਰੇ ਬਹੁਤਾ ਪਿੱਟ ਸਿਆਪਾ ਕੀਤਾ ਤਾਂ ਕੈਮਲਪੁਰ ਜ਼ਿਲ੍ਹੇ ਦਾ ਡੀ.ਸੀ. ਅਤੇ ਐੱਸ.ਪੀ. ਮਹੰਤ ਦੀ ਫਰਿਆਦ ਸੁਣਨ ਲਈ ਹਸਨ ਅਬਦਾਲ ਦੇ ਡਾਕ ਬੰਗਲੇ ਪੁੱਜੇ। ਐੱਸ.ਪੀ. ਅੰਗਰੇਜ਼ ਸੀ ਅਤੇ ਡੀ.ਸੀ. ਪੰਜਾਬ ਦੇ ਜ਼ਿਲ੍ਹਾ ਗੁਜਰਾਤ ਦੇ ਪਿੰਡ ਕੁੰਜਾਹ ਦਾ ਵੜੈਚ ਜੱਟ ਚੌਧਰੀ ਸੁਲਤਾਨ ਅਹਿਮਦ ਸੀ। ਦੋਵੇਂ ਧਿਰਾਂ ਉਨ੍ਹਾਂ ਸਾਹਮਣੇ ਪੇਸ਼ ਹੋਈਆਂ। ਮਹੰਤ ਸੰਤ ਸਿੰਘ ਅਤੇ ਕਰਤਾਰ ਸਿੰਘ ਝੱਬਰ ਦਾ ਪੱਖ ਸੁਣਨ ਤੋਂ ਬਾਅਦ ਡੀ.ਸੀ. ਨੇ ਮਹੰਤ ਸੰਤ ਸਿੰਘ ’ਤੇ ਗੁਰਦੁਆਰੇ ’ਚ ਵੜਨ ਦੀ ਪਾਬੰਦੀ ਦਾ ਹੁਕਮ ਸੁਣਾਇਆ। ਰੋਅਬ ਨਾਲ ਗੱਲ ਕਰਦਿਆਂ ਮਹੰਤ ਨੇ ਆਖਿਆ, “ਮੈਂ ਗੁਰਦੁਆਰੇ ਜਾਸਾਂ (ਜਾਉਂਗਾ)।” ਡੀ.ਸੀ. ਨੇ ਦੁਬਾਰੇ ਫੇਰ ਆਖਿਆ, “ਸੰਤ ਸਿੰਘ ਤੁਮ ਮਤ ਜਾਓ।” ਸੰਤ ਸਿੰਘ ਨੇ ਫੇਰ ਆਖਿਆ, “ਮੈਂ ਜਾਸਾਂ, ਜਾਸਾਂ।” ਮਹੰਤ ਦਾ ਇਨਕਾਰ ਸੁਣ ਕੇ ਡੀ.ਸੀ. ਨੇ ਪੁਲਿਸ ਨੂੰ ਆਖਿਆ, “ਮਹੰਤ ਸੰਤ ਸਿੰਘ ਨੂੰ ਹੁਣੇ ਹੱਥ ਕੜੀ ਲਾ ਦਿਓ।” ਮਹੰਤ ਨੇ ਜਦੇ ਪਲਟ ਕੇ ਆਖਿਆ, “ਹਜ਼ੂਰ ਮੈਂ ਗੁਰਦੁਆਰੇ ਨਹੀਂ ਜਾਸਾਂ।”

ਮਹੰਤ ਨੇ ਆਪਣੇ ਨਾਲ ਵਕੀਲ ਵੀ ਲਿਆਂਦਾ ਸੀ ਅਤੇ ਗੁਰਦੁਆਰੇ ਨੂੰ ਝਗੜੇ ਵਾਲੀ ਜਾਇਦਾਦ ਕਰਾਰ ਦੇ ਕੇ ਦਫਾ 145 ਤਹਿਤ ਸਰਕਾਰੀ ਕਬਜ਼ੇ ਹੇਠ ਲੈਣ ਲਈ ਇੱਕ ਦਰਖਾਸਤ ਡੀ.ਸੀ. ਨੂੰ ਦਿੱਤੀ। ਡੀ.ਸੀ. ਨੇ ਇਹ ਕਹਿ ਕੇ ਟਰਕਾਅ ਦਿੱਤਾ ਕਿ ਸਬੂਤ ਲੈ ਕੇ ਕੈਮਲਪੁਰ ਆਓ, ਉਥੇ ਤੁਹਾਡੀ ਦਰਖਾਸਤ ’ਤੇ ਗੌਰ ਕਰਾਂਗੇ। ਡੀ.ਸੀ. ਅਤੇ ਐੱਸ.ਪੀ. ਦੇ ਜਾਣ ਤੋਂ ਬਾਅਦ ਸਿੱਖਾਂ ਦੀ ਹਮਾਇਤ ਵਿੱਚ ਆਏ ਸਾਰੇ ਸੱਜਣ ਝੱਬਰ ਸਾਹਿਬ ਨਾਲ ਜੇਤੂ ਜਲੂਸ ਦੀ ਸ਼ਕਲ ਵਿੱਚ ਗੁਰਦੁਆਰਾ ਸਾਹਿਬ ਪੁੱਜੇ।

ਇਸ ਮੌਕੇ ਵੀ ਹਕੂਮਤ ਅਕਾਲੀਆਂ ਦੇ ਪੱਖ ਵਿੱਚ ਸ਼ੱਰੇਆਮ ਭੁਗਤ ਰਹੀ ਜਾਪਦੀ ਹੈ। ਕਾਨੂੰਨਨ ਗੁਰਦੁਆਰੇ ਵਿੱਚ ਬੈਠੇ ਮਹੰਤ ਨੂੰ ਗੁਰਦੁਆਰੇ ਵੜਨੋਂ ਰੋਕਣਾ, ਨਾ ਮੰਨਣ ’ਤੇ ਗ੍ਰਿਫਤਾਰ ਕਰਨ ਦਾ ਹੁਕਮ ਸੁਨਾਉਣਾ, ਉਸ ਵੱਲੋਂ ਦਿੱਤੀ ਦਫਾ 145 ਲਾਉਣ ਦੀ ਦਰਖਾਸਤ ’ਤੇ ਮੌਕੇ ’ਤੇ ਗੌਰ ਨਾ ਕਰਨਾ ਸਾਬਤ ਕਰਦਾ ਹੈ ਕਿ ਹਕੂਮਤ ਅਕਾਲੀਆਂ ਨੂੰ ਕਬਜ਼ਾ ਕਰਾਉਣਾ ਮਨੋਂ ਚਾਹੁੰਦੀ ਹੈ। ਨਹੀਂ ਤਾਂ ਕਬਜ਼ਾ ਕਰਨ ਆਏ ਅਕਾਲੀਆਂ ਨੂੰ ਕਿਹਾ ਜਾ ਸਕਦਾ ਸੀ ਕਿ ਜੇ ਮਹੰਤ ਦਾ ਕਬਜ਼ਾ ਗੈਰ-ਕਾਨੂੰਨੀ ਹੈ ਤਾਂ ਤੁਸੀਂ ਕਾਨੂੰਨੀ ਤੌਰ ’ਤੇ ਆਪਣੀ ਦਰਖਾਸਤ ਕਰੋ। ਇਸ ਦੇ ਉਲਟ ਮਹੰਤ ਦਾ ਕਬਜ਼ਾ ਛੁਡਾ ਕੇ ਉਸਨੂੰ ਆਪਦੀ ਅਰਜ਼ ਕਰਨ ਲਈ ਕਿਹਾ ਗਿਆ।

⇒ ਬਾਕੀ ਅਗਲੇ ਅੰਕ ਵਿੱਚ

# ਸ਼੍ਰੀ ਮਾਨ ਸ਼੍ਰੀ ਮਤੀ

ਸ਼ਬਦੋ ਵਣਜਾਰਿਓ

ਪਰਮਜੀਤ ਢੀਂਗਰਾ
ਫੋਨ:+91-9417358120



ਭਾਸ਼ਾ ਸਭਿਆਚਾਰ ਦਾ ਅੰਗ ਹੁੰਦੀ ਹੈ। ਸਭਿਆਚਾਰ ਭਾਸ਼ਾ ਦੀ ਤੋਰ ਨੂੰ ਜਿਵੇਂ ਨਿਸਚਿਤ ਕਰਦਾ ਹੈ, ਉਹ ਓਸੇ ਰੂਪ ਵਿੱਚ ਢਲ ਜਾਂਦੀ ਹੈ। ਸਾਡਾ ਸਮਾਜ ਹਜ਼ਾਰਾਂ ਸਾਲਾਂ ਤੋਂ ਪਿੱਤਰੀ ਸੱਤਾ ਵਿੱਚ ਢਲਿਆ ਹੋਇਆ ਹੈ। ਇਸ ਲਈ ਭਾਸ਼ਾ ਵਿੱਚ ਪਿੱਤਰੀ ਸੱਤਾ ਨੇ ਆਪਣੀ ਹੈਜਮਨੀ ਸਥਾਪਤ ਕਰਨ ਲਈ ਬਹੁਤ ਸਾਰੇ ਸ਼ਬਦਾਂ ਦਾ ਰਾਖਵਾਂਕਰਨ ਆਪਣੀ ਸੱਤਾ ਨੂੰ ਮਜਬੂਤ ਕਰਨ ਲਈ ਕਰ ਲਿਆ। ਸ਼੍ਰੀ ਮਾਨ ਤੇ ਸ਼੍ਰੀ ਮਤੀ ਦੋ ਅਜਿਹੇ ਸ਼ਬਦ ਹਨ, ਜਿਨ੍ਹਾਂ ਪਿਛੇ ਬੜੀ ਦਿਲਚਸਪ ਅਰਥ ਲੜੀ ਪਈ ਹੈ। ਇਹ ਦੋਵੇਂ ਸੰਬੋਧਨ ਭਾਰਤੀ ਭਾਸ਼ਾਵਾਂ ਵਿੱਚ ਵਿਸ਼ੇਸ਼ ਸਥਾਨ ਰੱਖਦੇ ਹਨ। ਆਮ ਤੌਰ ‘ਤੇ ਸ਼੍ਰੀ ਜਾਂ ਸ਼੍ਰੀ ਮਾਨ ਸ਼ਬਦ ਪੁਰਸ਼ਾਂ ਲਈ ਰਾਖਵਾਂ ਹੈ ਤੇ ਸ਼੍ਰੀ ਮਤੀ ਔਰਤਾਂ ਲਈ। ਇਨ੍ਹਾਂ ਵਿੱਚ ਇਕ ਘੁੰਡੀ ਵੀ ਹੈ ਕਿ ਸ਼੍ਰੀ ਜਾਂ ਸ਼੍ਰੀ ਮਾਨ ਸ਼ਬਦ ਵਿਸ਼ੇਸ਼ਣੀ ਤੌਰ ‘ਤੇ ਬਾਲਗਾਂ ਤੇ ਅਣਵਿਆਹਿਆਂ- ਦੋਹਾਂ ਲਈ ਵਰਤੇ ਜਾਂਦੇ ਹਨ, ਜਦ ਕਿ ਸ਼੍ਰੀ ਮਤੀ ਸ਼ਬਦ ਸਿਰਫ ਵਿਆਹੀਆਂ ਔਰਤਾਂ ਲਈ ਰਾਖਵਾਂ ਹੈ। ਅਣਵਿਆਹੀਆਂ ਲਈ ਸੁਸ਼੍ਰੀ ਜਾਂ ਕੁਮਾਰੀ ਸ਼ਬਦ ਵਰਤਿਆ ਜਾਂਦਾ ਹੈ। ਪੰਜਾਬੀ ਵਿੱਚ ਬੀਬਾ ਸ਼ਬਦ ਦੋਹਾਂ ਲਈ ਵਰਤ ਲਿਆ ਜਾਂਦਾ ਹੈ। ਹਾਲਾਂਕਿ ਇਹ ਸ਼ਬਦ ਕਿਸੇ ਵੀ ਤਰ੍ਹਾਂ ਜ਼ਾਹਰ ਨਹੀਂ ਕਰਦਾ ਕਿ ਔਰਤ ਵਿਆਹੀ ਹੈ ਜਾਂ ਕੁਆਰੀ। ਇਸੇ ਤਰ੍ਹਾਂ ਸ਼੍ਰੀ ਮਤੀ ਸ਼ਬਦ ਵਿੱਚ ਵੀ ਇਹੋ ਜਿਹਾ ਕੋਈ ਸੰਕੇਤ ਨਹੀਂ ਮਿਲਦਾ ਕਿ ਵਿਆਹੀ ਹੀ ਸ਼੍ਰੀ ਮਤੀ ਹੈ।

ਸੰਸਕ੍ਰਿਤ ਵਿੱਚ ‘ਸ਼੍ਰੀ’ ਸ਼ਬਦ ਬੜਾ ਵਿਰਾਟ ਹੈ, ਇਸ ਵਿੱਚ ਸਭ ਕੁਝ ਸਮਾਇਆ ਹੋਇਆ ਹੈ, ਪਰ ਪਿੱਤਰੀ ਸੱਤਾ ਨੇ ਸ਼੍ਰੀ ਮਤੀ ਦੀ ਨਾ ਸਿਰਫ ਕਾਢ ਕੱਢੀ, ਸਗੋਂ ਵਿਆਹੀਆਂ ਸਿਰ ਛੱਜ ਵਾਂਗ ਧਰ ਕੇ ਉਨ੍ਹਾਂ ਨੂੰ ਸ਼੍ਰੀ ਹੀਨ ਕਰ ਦਿੱਤਾ। ਸੰਸਕ੍ਰਿਤ ਵਿੱਚ ‘ਸ਼੍ਰੀ’ ਦਾ ਅਰਥ ਹੈ- ਲੱਛਮੀ, ਸਮਰਿਧੀ, ਸੰਪਤੀ, ਧਨ, ਐਸ਼ਵਰਿਆ। ਇਸਦੇ ਨਾਲ ਇਸ ਵਿੱਚ ਸੱਤਾ, ਰਾਜ, ਸਨਮਾਨ, ਗੌਰਵ, ਮਹਿਮਾ, ਸਦਗੁਣ, ਸ਼੍ਰੇਸ਼ਟਤਾ, ਬੁੱਧੀ ਦੇ ਭਾਵ ਵੀ ਮਿਲਦੇ ਹਨ। ਬਨਸਪਤੀ, ਜਗਤ, ਜੀਵ ਜਗਤ ਇਸ ਵਿੱਚ ਵਾਸ ਕਰਦੇ ਹਨ। ਅਰਥਾਤ ਸਮੁੱਚਾ ਬ੍ਰਹਿਮੰਡ ਇਸ ‘ਸ਼੍ਰੀਮਯ’ ਵਿੱਚ ਸਮਾਇਆ ਹੋਇਆ ਹੈ। ਭਗਵਾਨ ਵਿਸ਼ਨੂੰ ਨੂੰ ਸ਼੍ਰੀ ਮਾਨ ਜਾਂ ਸ਼੍ਰੀਮਤ੍ ਦੀ ਸੰਗਿਆ ਦਿੱਤੀ ਜਾਂਦੀ ਹੈ। ਇੱਥੇ ਧਿਆਨ ਜੋਗ ਹੈ ਕਿ ‘ਸ਼੍ਰੀ’ ਇ।ਵਾ। ਸ਼ਬਦ ਹੈ।

ਉਪਰੋਕਤ ਸਾਰੇ ਗੁਣਾਂ ਦੀ ਮਹਿਮਾ ‘ਸ਼੍ਰੀ’ ਵਿੱਚ ਹੈ, ਜਿਸ ਤੋਂ ਸਪਸ਼ਟ ਹੈ ਕਿ ਸਾਰੀ ਦੁਨੀਆ ਸ਼੍ਰੀ ਵਿੱਚ ਸਮਾਈ ਹੋਈ ਹੈ, ਭਾਵ ਸਾਰੇ ਸੰਸਾਰ ਨੂੰ ਸਮਾਉਣ ਵਾਲੀ ‘ਸ਼੍ਰੀ’ ਨਾਲ ਰਹਿਣ ਕਰਕੇ ਹੀ ਭਗਵਾਨ ਵਿਸ਼ਨੂੰ ਨੂੰ ਸ਼੍ਰੀ ਮਾਨ ਕਿਹਾ ਜਾਂਦਾ ਹੈ। ਇਸ ਲਈ ਉਹ ਸ਼੍ਰੀਪਤੀ ਹੋਏ, ਸ਼੍ਰੀਮਤ੍ ਹੋਏ। ਇੱਥੇ ਇਹ ਸੁਆਲ ਵੀ ਪੈਦਾ ਹੁੰਦਾ ਹੈ ਕਿ ‘ਸ਼੍ਰੀ’ ਹੋਣ ਕਰਕੇ ਵਿਸ਼ਨੂੰ ਸ਼੍ਰੀ ਮਾਨ ਜਾਂ ਸ਼੍ਰੀਮਤ੍ ਹੋਏ ਤਾਂ ਫਿਰ ਸ਼੍ਰੀ ਮਤੀ ਦੀ ਕੀ ਲੋੜ ਸੀ? ਸ਼੍ਰੀ ਤੋਂ ਬਣੇ ਸ਼੍ਰੀਮਤ੍ ਦਾ ਅਰਥ ਹੈ-



ਐਸ਼ਵਰਿਆਵਾਨ, ਧਨਵਾਨ, ਸੁੰਦਰ, ਪ੍ਰਤੀਸ਼ਿਸ਼ਟ, ਕੁਬੇਰ, ਸ਼ਿਵ। ਇਹ ਸਾਰੇ ਉਨ੍ਹਾਂ ਕੋਲ ਪਤਨੀ ਦੇ ਹੋਣ ਕਰਕੇ ਹੀ ਹਨ। ਪਿੱਤਰੀ ਸੱਤਾ ਨੇ ਸ਼੍ਰੀਮਤ੍ ਦਾ ਇਸਤਰੀ ਵਾਚੀ ਸ਼੍ਰੀ ਮਤੀ ਬਣਾ ਦਿੱਤਾ ਅਤੇ ਸ਼੍ਰੀ ਮਾਨ ਪਹਿਲੇ ਸਥਾਨ ’ਤੇ ਕਾਬਜ ਹੋ ਗਿਆ; ਤੇ ਸ਼੍ਰੀ ਮਤੀ ਜਿਸ ਕਰਕੇ ਸਭ ਕੁਝ ਸੀ, ਦੋਇਮ ਦਰਜੇ ’ਤੇ ਆ ਗਈ। ਇਹ ਪਿੱਤਰੀ ਸੱਤਾ ਦੀ ਸ਼ਰਾਰਤ ਸੀ, ਜਿਸ ਨੇ ਇਸਤਰੀ ਕੋਲੋਂ ਉਹ ਸਾਰੀ ਤਾਕਤ ਹਥਿਆ ਲਈ, ਜਿਸਦੀ ਉਹ ਕੇਂਦਰੀ ਬਿੰਦੂ ਸੀ। ਪਿੱਤਰੀ ਸਮਾਜ ਇਹ ਭੁਲ ਗਿਆ ਕਿ ‘ਸ਼੍ਰੀ’ ਕਰਕੇ ਹੀ ਵਿਸ਼ਨੂੰ ਨੂੰ ਸ਼੍ਰੀਮਤ੍ ਦਾ ਦਰਜਾ ਮਿਲਿਆ ਸੀ। ਸੰਸਕ੍ਰਿਤ ਦਾ ਇੱਕ ਪਿਛੇਤਰ ਹੈ-ਵਤ੍ ਜਿਸ ਵਿੱਚ ਸੁਆਮੀ ਦਾ ਭਾਵ ਹੈ। ਇਸ ਵਿੱਚ ਅਕਸਰ ਅਨੁਸਵਰ ਲਾਇਆ ਜਾਂਦਾ ਹੈ ਜਿਵੇਂ ਬਲ+ਵੰਤ ਭਾਵ ਤਾਕਤਵਰ। ਇਸੇ ਤਰ੍ਹਾਂ ਸ਼੍ਰੀਮਤ੍ ਵੀ ਸ਼੍ਰੀਮੰਤ ਹੋ ਜਾਂਦਾ ਹੈ। ਬਾਅਦ ਵਿੱਚ ਇਹ ‘ਵਾਨ’ ਵੀ ਬਣਦਾ ਹੈ ਜਿਵੇਂ ਬਲਵਾਨ, ਸੂਝਵਾਨ, ਸ਼ੀਲਵਾਨ, ਅਰਥਵਾਨ ਆਦਿ। ਸਪਸ਼ਟ ਹੈ ਕਿ ਵਿਸ਼ਨੂੰ ਸ਼੍ਰੀਵਾਨ ਹੈ, ਇਸ ਲਈ ਸ਼੍ਰੀ ਮਾਨ ਹੈ।

ਕਿਸੇ ਸਮੇਂ ਸਾਡਾ ਸਮਾਜ ਮਾਤਰੀ ਪ੍ਰਧਾਨ ਸੀ, ਜਿਸਦੇ ਅਵਸ਼ੇਸ਼ ਅੱਜ ਵੀ ਮਿਲ ਜਾਂਦੇ ਹਨ। ਇਸ ਸ਼੍ਰਿਸ਼ਟੀ ਅਥਵਾ ਪ੍ਰਕਿਰਤੀ ਜਾਂ ਕੁਦਰਤ ਨੂੰ ਭਾਸ਼ਾਈ ਰੂਪ ਵਿੱਚ ਇ.ਵਾ. ਮੰਨਿਆ ਗਿਆ ਹੈ, ਉਸਨੂੰ ਅਮੀਰੀ ਦਾ ਸ੍ਰੋਤ ਮੰਨਿਆ ਗਿਆ ਹੈ। ਇਸ ਲਈ ਲੱਛਮੀ ਦੇ ਯੋਗ ਬਿਨਾ ਵਿਸ਼ਨੂੰ ਸ਼੍ਰੀ ਮਾਨ ਨਹੀਂ ਹੋ ਸਕਦੇ, ਸ਼੍ਰੀਪਤੀ ਵੀ ਨਹੀਂ ਹੋ ਸਕਦੇ। ਇਸਤਰੀ, ਪੁਰਸ਼ ਇੱਕ ਦੂਜੇ ਦੇ ਪੂਰਕ ਹਨ। ‘ਸ਼੍ਰੀ’ ਤੇ ‘ਸ਼੍ਰੀ ਮਾਨ’ ਸ਼ਬਦ ਬੜੇ ਪ੍ਰਾਚੀਨ ਹਨ। ਇਨ੍ਹਾਂ ਵਿੱਚੋਂ ਮਾਤਰੀ ਸੱਤਾ ਦੀ ਝਲਕ ਮਿਲਦੀ ਹੈ। ਵਿਸ਼ਨੂੰ ਦੇ ਹਜ਼ਾਰ ਨਾਂ ਮੰਨੇ ਗਏ ਹਨ। ਵਿਦਵਾਨ ਸਾਰੀ ਸ਼੍ਰਿਸ਼ਟੀ ਵਿੱਚ ਇਸਤਰੀ ਤੇ ਪੁਰਸ਼ ਦਾ ਯੋਗ ਮੰਨਦੇ ਹਨ। ਸ਼੍ਰੀ ਮਾਨ ਨਾਂ ਵਿੱਚ ਪਰਾ-ਪ੍ਰਕਿਰਤੀ ਤੇ ਪਰਮਪੁਰਸ਼ ਦਾ ਯੋਗ ਹੈ; ਪਰ ਇਸ ਵਿੱਚ ਸ਼੍ਰੀ ਸ਼ਬਦ ਪਹਿਲਾਂ ਆਇਆ ਹੈ, ਇਸਨੂੰ ਪਛਾੜਿਆ ਨਹੀਂ ਜਾ ਸਕਿਆ। ਅੱਜ ਸ਼੍ਰੀ ਮਤੀ ਨੂੰ ਸਿਰਫ ਵਿਆਹੀ ਔਰਤ ਲਈ ਸੀਮਤ ਕਰਨ ਪਿਛੇ ਸੰਕੁਚਿਤ ਦ੍ਰਿਸ਼ਟੀ ਨਜ਼ਰ ਆਉਂਦੀ ਹੈ।

ਵਿਦਵਾਨਾਂ ਦਾ ਤਰਕ ਹੈ ਕਿ ਸ਼੍ਰੀ ਮਾਨ ਦੀ ਇ.ਲਿੰ. ਸ਼੍ਰੀਮਤੀ ਹੀ ਬਣੇਗੀ, ਪਰ ਉਹ ਇਹ ਭੁੱਲ ਜਾਂਦੇ ਹਨ ਕਿ ਖੁਦ ਸ਼੍ਰੀਯੁਤ ਹੋਣ ‘ਤੇ ਹੀ ਉਹ ਸ਼੍ਰੀ ਮਾਨ ਬਣ ਸਕਦੇ ਹਨ। ਸ਼੍ਰੀ ਤਾਂ ਸਰਬਸੁਆਮੀ ਹਨ। ‘ਸ਼੍ਰੀ’ ਦੀ ਵਿਓਤਪਤੀ ਸੰਸਕ੍ਰਿਤ ਦੀ ਧਾਤੂ ‘ਸ਼੍ਰਿ’ ਤੋਂ ਹੋਈ ਹੈ, ਜਿਸ ਵਿੱਚ ਧਾਰਨ ਕਰਨ ਅਥਵਾ ਸ਼ਰਨ ਲੈਣ ਵਰਗੇ ਭਾਵ ਪਏ ਹਨ। ਸਪਸ਼ਟ ਹੈ ਕਿ ਸਮੁੱਚੀ ਸ਼੍ਰਿਸ਼ਟੀ ਦੇ ਮੂਲ ਵਿੱਚ ਇਸਤਰੀ ਸ਼ਕਤੀ ਹੈ, ਜੋ ਸਭ ਕੁਝ ਨੂੰ ਧਾਰਨ ਕਰ ਰਹੀ ਹੈ। ਇਸ ਲਈ ਉਹਨੂੰ ‘ਸ਼੍ਰੀ’ ਕਿਹਾ ਗਿਆ ਹੈ ਅਰਥਾਤ ਜਿਸ ਵਿੱਚ ਸਾਰੇ ਸ਼ਰਨ ਲੈਣ, ਜਿਸਦੇ ਗਰਭ ਵਿੱਚੋਂ ਸਾਰੇ ਜਨਮ ਲੈਣ। ਹੁਣ ਅਜਿਹੀ ਸ਼੍ਰੀ ਦਾ ਸਾਥੀ ਸ਼੍ਰੀ ਮਾਨ ਬਣ ਜਾਵੇ ਤਾਂ ਸਮਝ ਵਿੱਚ ਆਉਂਦਾ ਹੈ, ਪਰ ਜਿਸ ‘ਸ਼੍ਰੀ’ ਤੋਂ ਉਹ ਬਣਿਆ ਹੈ, ਉਹ ਸ਼੍ਰੀ ਮਤੀ ਬਣ ਜਾਏ, ਇਹ ਸਮਝੋਂ ਬਾਹਰੀ ਹੈ। ਅਸਲ ਵਿੱਚ ਪਿੱਤਰੀ ਸੱਤਾ ਨੇ ‘ਸ਼੍ਰੀ’ ਦੀ ਤਾਕਤ ਪਛਾਣਦੇ ਹੋਏ ਹੀ ਇਸ ਵਿਸ਼ੇਸ਼ਣ ‘ਤੇ ਆਪਣੀ ਹੈਜਮਨੀ ਸਥਾਪਤ ਕਰ ਲਈ। ਵਿਦਵਾਨਾਂ ਦਾ ਮੱਤ ਹੈ ਕਿ ਇਹ ਸ਼੍ਰੀ ਮਾਨ ਦਾ ਸੰਖੇਪ ਰੂਪ ਹੈ ਤਾਂ ਫਿਰ ਸ਼੍ਰੀ ਮਤੀ ਦਾ ਸੰਖੇਪ ਸ਼੍ਰੀ ਹੋਇਆ। ਇਸ ਲਈ ਔਰਤਾਂ ਨੂੰ ਆਪਣੇ ਨਾਂ ਨਾਲ ‘ਸ਼੍ਰੀ’ ਲਾ ਲੈਣਾ ਚਾਹੀਦਾ ਹੈ।

ਦਿਲਗੀਰ ਕੋਸ਼ ਅਨੁਸਾਰ-ਸ਼੍ਰੀ ਲੱਛਮੀ (ਸੰਸਕ੍ਰਿਤ ਸ਼ਰੀ) ਧਨ ਦੌਲਤ ਦੀ (ਮਿਥਿਹਾਸਕ) ਦੇਵੀ, ਧਨ ਦੌਲਤ, ਖੁਸ਼ਹਾਲੀ, ਸਿਆਸੀ, ਠਾਠ-ਬਾਠ, ਉਚ ਪਦਵੀ, ਅਹੁਦਾ, ਗੌਰਵ ਵਡਿਆਈ, ਸ਼ੁਭ, ਫਖਰ, ਸ਼ੋਭਾ, ਸ਼੍ਰੇਸ਼ਠ, ਰੰਗ-ਰੂਪ, ਸਜਾਵਟ, ਗੁਣ, ਬੁੱਧੀ, ਵਿਕਾਸ, ਸਿਧੀ, ਅਲੌਕਿਕ ਸ਼ਕਤੀ, ਧਰਮ, ਅਰਥ, ਕਾਮ ਦਾ ਸਮੂਹ, ਸਰਲ ਨਾਂ ਦਾ ਰੁੱਖ, ਲੌਂਗ ਫਲ, ਬਿੱਲ ਦਾ ਰੁੱਖ, ਕੰਵਲ, ਵਡਿਆਈ ਦੱਸਣ ਵਾਲਾ ਇੱਕ ਸ਼ਬਦ, ਜੋ ਪ੍ਰਮਾਤਮਾ, ਮਾਨਯੋਗ ਦੇਵਤੇ ਜਾਂ ਵਿਅਕਤੀਆਂ ਦੇ ਨਾਂ ਅੱਗੇ ਲੱਗਦਾ ਹੈ। ‘ਸਤਿ ਸਾਚੁ ਸ੍ਰੀ ਨਿਵਾਸੁ, ਆਦਿ ਪੁਰਖੁ ਸਦਾ ਤੁਹੀ, ਸ੍ਰੀ ਸਤਿ ਨਾਮੁ ਕਰਤਾ ਪੁਰਖੁ ਗੁਰ ਰਾਮਦਾਸ ਚਿਤਹ ਬਸੈ।’

ਗੁਰੂ ਗ੍ਰੰਥ ਸਾਹਿਬ ਵਿੱਚ ਭਗਤਾਂ ਦੇ ਨਾਂ ਅੱਗੇ ਸ੍ਰੀ ਦੀ ਵਰਤੋਂ ਕੀਤੀ ਗਈ ਹੈ। ਸ੍ਰੀ ਗੁਰ..., ਸ੍ਰੀ ਸਤਿਗੁਰ..., ਸ੍ਰੀ ਰਾਮ ਰਮੋ..., ਸ੍ਰੀ ਰਾਮ ਨਾਮਾ..., ਆਦਿ ਵਿੱਚ ਇਸਦੀ ਵਰਤੋਂ ਹੋਈ ਹੈ। ਇਸ ਨਾਲ ਜੁੜੇ ਕਈ ਸ਼ਬਦ ਮਿਲਦੇ ਹਨ- ਸ਼੍ਰੀਸ਼-ਸ਼੍ਰੀ (ਲੱਛਮੀ) ਦਾ ਈਸ਼ (ਪਤੀ) ਵਿਸ਼ਨੂੰ, ਸ੍ਰੀ ਸਦਨ, ਸ੍ਰੀ ਸਾਹਿਬ, ਸ਼੍ਰੀਹਤ, ਸ੍ਰੀ ਹਰਗੋਬਿੰਦਪੁਰ, ਸ੍ਰੀ ਗੁਰੂ ਸਿੰਘ ਸਭਾ, ਸ੍ਰੀਖੰਡ, ਸ੍ਰੀਚੰਦ, ਸ੍ਰੀਧਰ, ਸ੍ਰੀਨਗਰ, ਸ਼੍ਰੀਨੰਦਨ, ਸ਼੍ਰੀਨਾਥ, ਸ੍ਰੀਨਿਵਾਸ, ਸ਼੍ਰੀਪੰਚਮੀ, ਸ਼੍ਰੀਪੁੱਤਰ, ਸ਼੍ਰੀਫਲ, ਸ਼੍ਰੀਬਰਣ, ਸ਼੍ਰੀਮੰਤ, ਸ੍ਰੀ ਮੁਖਬਾਕ, ਸ਼੍ਰੀਯੁਤ, ਸ੍ਰੀਰੰਗ, ਸ਼੍ਰੀ ਸਸਿ, ਸ਼੍ਰੀਪਤਿ, ਸ਼੍ਰੀਫਲਾ, ਸ੍ਰੀ ਰਾਗ, ਸ੍ਰੀ ਲੰਕਾ, ਸ੍ਰੀਵਤਸ, ਸ੍ਰੀਵਰਿਕਸ਼, ਸ੍ਰੀਵਲਭ, ਸ੍ਰੀਵਾਸ, ਆਦਿ। ਇਸ ਤਰ੍ਹਾਂ ਸਪਸ਼ਟ ਹੈ ਕਿ ਇਸ ਪ੍ਰਾਚੀਨ ਸ਼ਬਦ ਦਾ ਵੱਡਾ ਕੁਨਬਾ ਤੇ ਪਾਸਾਰਾ ਹੈ, ਜੋ ਜੁਗੋ ਜੁਗ ਵਧਦਾ ਜਾ ਰਿਹਾ ਹੈ।

## ਜੁਗ ਜੁਗ ਜੀਓ... (24)

# ਗੱਲਾਂ ਕੈਂਸਰ ਬਾਰੇ (3)

ਡਾ. ਹਰਬੰਸ ਕੌਰ ਦਿਓਲ

***ਪਿਛਲੇ ਦੋ ਅੰਕਾਂ ਵਿੱਚ ਪਾਠਕ ਕੈਂਸਰ ਨਾਲ ਜੁੜੀਆਂ ਗੱਲਾਂ ਬਾਰੇ ਪੜ੍ਹ ਚੁਕੇ ਹਨ ਅਤੇ ਹਥਲੇ ਲੇਖ ਵਿੱਚ ਵੀ ਡਾ. ਹਰਬੰਸ ਕੌਰ ਦਿਓਲ ਨੇ ਕੈਂਸਰ ਨਾਲ ਜੁੜੀਆਂ ਹੋਰ ਗੱਲਾਂ ਦਾ ਵੇਰਵਾ ਦਿੱਤਾ ਹੈ। ਇਸ ਲੇਖ ਵਿੱਚ ਉਨ੍ਹਾਂ ਕੈਂਸਰ ਦੇ ਕਾਰਨਾਂ/ਲੱਛਣਾਂ ਦਾ ਜ਼ਿਕਰ ਕਰਦਿਆਂ ਇਸ ਸਬੰਧੀ ਜ਼ਰੂਰੀ ਟੈਸਟ ਕਰਵਾਉਣ ਦੀ ਨਸੀਹਤ ਕੀਤੀ ਹੈ, ਤਾਂ ਜੋ ਮਰਜ ਨੂੰ ਵਧਣ ਤੋਂ ਰੋਕਿਆ ਜਾ ਸਕੇ ਜਾਂ ਇਸ ਦੇ ਇਲਾਜ ਲਈ ਸਮਾਂ ਰਹਿੰਦਿਆਂ ਹੀ ਚਾਰਾਜੋਈਆਂ ਕੀਤੀਆਂ ਜਾ ਸਕਣ। ਇਨ੍ਹਾਂ ਲੇਖਾਂ ਦਾ ਮਕਸਦ ਭਾਈਚਾਰੇ ਨੂੰ ਜਾਗਰੂਕ ਕਰਨਾ ਹੈ ਤਾਂ ਜੋ ਉਹ ਬਿਮਾਰੀਆਂ ਤੋਂ ਬਚੇ ਰਹਿਣ ਅਤੇ ਤੰਦਰੁਸਤੀ ਵਾਲਾ ਜੀਵਨ ਜਿਉਣ...***

"ਜਿਸ ਤਨ ਲੱਗੇ ਸੋਈ ਜਾਣੇ, ਕੌਣ ਜਾਣੇ ਪੀੜ ਪਰਾਈ। ਕਿੰਨਾ ਠੀਕ ਕਿਹੈ!"

"ਕਿਉਂ ਪ੍ਰੀਤ ਕੀ ਗੱਲ ਹੋ ਗਈ?"

"ਲੋਕ ਕਿੰਨੇ ਬੇਰਹਿਮ ਨੇ, ਪਾਲੀ ਕਹਿੰਦੀ ਸ਼ੰਨੋ ਨੂੰ, ਤੂੰ ਕੁਝ ਜ਼ਿਆਦਾ ਹੀ ਡਾਇਟਿੰਗ ਨ੍ਹੀਂ ਕਰੀ ਜਾਂਦੀ! ਉਸ ਬੇਚਾਰੀ ਦੇ ਸਿਰ 'ਤੇ ਤਾਂ ਮੁਸੀਬਤਾਂ ਦਾ ਪਹਾੜ ਟੁੱਟਿਆ ਹੋਇਐ ਅਤੇ ਇਸ ਨੂੰ ਗੱਲਾਂ ਆਉਂਦੀਆਂ ਨੇ।"

"ਛੱਡ ਪ੍ਰੀਤ, ਇੰਨੀ ਕੁ ਗੱਲ 'ਤੇ ਐਨਾ ਗੁੱਸਾ! ਹੋ ਸਕਦੈ ਉਸ ਨੂੰ ਸ਼ੰਨੋ ਦੇ ਕੈਂਸਰ ਦਾ ਪਤਾ ਨਾ ਹੋਵੇ ਅਤੇ ਅਨਜਾਣ ਵਿੱਚ ਉਸ ਨੇ ਇਹ ਕਹਿ ਦਿੱਤਾ ਹੋਵੇ। ਸ਼ਾਂਤੀ ਰੱਖ, ਆਪਾਂ ਨੇ ਬਾਕੀ ਦੇ ਜ਼ਿਆਦਾ ਹੋਣ ਵਾਲੇ ਕੈਂਸਰਜ਼ ਬਾਰੇ ਗੱਲਾਂ ਕਰਨੀਆਂ ਨੇ, ਤਿਆਰ ਹੋ ਜਾ।"

"ਚਲੋ ਦੱਸੋ।"

"ਜੇ ਆਪਾਂ ਚਮੜੀ ਦਾ ਕੈਂਸਰ ਛੱਡ ਦੇਈਏ ਤਾਂ ਫੇਫੜਿਆਂ ਦਾ ਕੈਂਸਰ ਦੂਜੇ ਥਾਂ 'ਤੇ ਹੈ, ਦੋਹਾਂ- ਮਰਦਾਂ ਅਤੇ ਜਨਾਨੀਆਂ ਵਿੱਚ; ਪਰ ਇਹ ਕੈਂਸਰ ਤੋਂ ਮਰਨ ਵਾਲਿਆਂ ਵਿੱਚ ਪਹਿਲੇ ਦਰਜੇ 'ਤੇ ਹੈ।

ਕਿਸੇ ਵੀ ਕੈਂਸਰ ਨੂੰ ਕਾਬੂ ਕਰਨ ਲਈ ਉਹਦੀ ਜਾਣਕਾਰੀ ਜਿੰਨੀ ਜਲਦੀ ਸ਼ੁਰੂਆਤ ਵਿੱਚ ਹੋ ਜਾਵੇ, ਉਨਾ ਹੀ ਚੰਗਾ ਹੈ ਅੱਛੇ ਨਤੀਜੇ ਲਈ ਅਤੇ ਜ਼ਿਆਦਾ ਮਰੀਜ਼ਾਂ ਲਈ ਬਿਮਾਰੀ ਨੂੰ ਜੜ੍ਹੋਂ ਪੁੱਟਣ ਲਈ। ਦੁੱਖ ਦੀ ਗੱਲ ਹੈ ਕਿ USPSTF ਦੇ ਅੰਕੜਿਆਂ ਮੁਤਾਬਿਕ ਫੇਫੜਿਆਂ ਦੇ ਕੈਂਸਰ ਦਾ ਸਕਰੀਨਿੰਗ ਟੈਸਟ LDCT (Low dose computed tomography) ਦਾ ਇਸਤੇਮਾਲ ਸਿਰਫ 10% ਲੋਕਾਂ (out of all people who are at increased risk) ਵਿੱਚ ਹੀ ਇਸਤੇਮਾਲ ਕੀਤਾ ਜਾਂਦੈ। ਬਾਕੀ ਤਾਂ ਇਸ ਸਕਰੀਨਿੰਗ ਟੈਸਟ ਤੋਂ ਵਾਂਝੇ ਰਹਿ ਜਾਂਦੇ ਨੇ। ਹੋ ਸਕਦੈ ਜਦੋਂ ਤੱਕ ਮਰੀਜ਼ ਆਉਂਦੇ ਨੇ, ਬਿਮਾਰੀ ਵਧ ਚੁੱਕੀ ਹੁੰਦੀ ਹੈ। ਝੂਠੇ, ਗਲਤ ਰਿਜ਼ਲਟ ਦਾ ਡਰ, ਰੇਡੀਏਸ਼ਨ ਦਾ ਡਰ ਅਤੇ ਕੁਝ ਭੁਲੇਖੇ (confusion) ਕਰਕੇ।"

"ਦੀਦੀ ਕਿਹੜੇ ਮਰੀਜ਼ਾਂ ਵਿੱਚ ਇਸ ਦਾ ਫਾਇਦਾ ਹੋ ਸਕਦੈ ਸ਼ੁਰੂਆਤ ਵਿੱਚ lung ਕੈਂਸਰ ਦਾ ਪਤਾ ਕਰਨ ਵਿੱਚ? ਫਿਰ ਦੱਸ ਦੇਵੋ।"

"ਇਹ ਟੈਸਟ 50-80 ਸਾਲ ਦੇ ਬੰਦਿਆਂ ਦਾ ਹਰ ਸਾਲ ਹੋਣਾ ਚਾਹੀਦੈ। ਇਹ ਦਰਦ ਤੋਂ ਰਹਿਤ ਨੋਨਇਨਵੇਸਿਵ (noninvasive) ਹੈ। ਇਸ ਨਾਲ ਕੈਂਸਰ ਸ਼ੁਰੂਆਤ ਵਿੱਚ ਹੀ ਜਦੋਂ ਕੁਰੇਵਲ (curable) ਹੁੰਦੈ, ਪਕੜਿਆ ਜਾ ਸਕਦੈ। ਇਸ ਦੀ ਕਮੀ ਹੈ ਕਿ ਇਹ ਸਕਰੀਨਿੰਗ ਟੈਸਟ ਹੀ ਹੈ, ਇਸ ਦਾ ਗਲਤ ਸਕਾਰਾਤਮਕ ਜਵਾਬ (false positive) ਅਤੇ ਗਲਤ ਨਕਾਰਾਤਮਕ (false negative) ਹੋ ਸਕਦੈ। ਜੇਕਰ false positive ਹੋਵੇ ਤਾਂ ਫਾਲਤੂ ਦਾ ਤਣਾਓ (anxiety) ਅਤੇ ਰੇਡੀਏਸ਼ਨ ਦਾ ਡਰ ਹੁੰਦੈ। ਇਸ ਕਰਕੇ ਆਪਣੇ ਡਾਕਟਰ ਨਾਲ ਸਲਾਹ ਮਸ਼ਵਰਾ ਕਰਨਾ ਬਹੁਤ ਜ਼ਰੂਰੀ ਹੈ।"

"ਦੀਦੀ, ਕਿਵੇਂ ਪਤਾ ਲੱਗੇ ਕਿਸ ਨੂੰ ਫੇਫੜਿਆਂ ਦੇ ਕੈਂਸਰ ਦਾ ਖਤਰਾ ਹੈ?"

"ਪ੍ਰੀਤ, ਤੇਰਾ ਸਵਾਲ ਮਹੱਤਵਪੂਰਨ ਹੈ। ਕਈ ਕਾਰਨ ਜਾਂ ਸਥਿਤੀਆਂ ਹਨ, ਜਿਨ੍ਹਾਂ ਕਰਕੇ ਕਿਸੇ ਦਾ ਇਸ ਤਰ੍ਹਾਂ ਦੇ ਕੈਂਸਰ ਹੋਣ ਦਾ ਖਤਰਾ ਵਧ ਸਕਦੈ, ਉਹ ਹਨ:

-ਸਮੋਕ ਕਰਨ ਵਾਲੇ ਜਿਹੜੇ 20 pack ਸਾਲ ਸਮੋਕ ਕਰਦੇ ਹੋਣ, ਮਤਲਬ ਉਹ ਹਰ ਰੋਜ਼ ਇੱਕ ਪੈਕ ਵੀਹ ਸਾਲ ਤੋਂ ਸਮੋਕ ਕਰ ਰਹੇ ਹਨ ਜਾਂ ਦੋ ਪੈਕ ਰੋਜ਼ 10 ਸਾਲ ਤੋਂ

-ਜਾਂ ਕੋਈ ਹੁਣ ਸਮੋਕ ਕਰ ਰਿਹਾ ਹੋਵੇ (current smoker)

-ਕਿਸੇ ਨੇ 15 ਸਾਲਾਂ ਤੋਂ ਘੱਟ ਪਹਿਲਾਂ ਸਮੋਕ ਕਰਨਾ ਬੰਦ ਕੀਤਾ ਹੋਵੇ

-ਤੁਹਾਡੇ ਆਲੇ-ਦੁਆਲੇ ਵਾਲੇ ਸਮੋਕ ਕਰਦੇ ਨੇ (second hand smoke)

-ਤੁਹਾਡੇ ਨਜ਼ਦੀਕੀ ਰਿਸ਼ਤੇਦਾਰ (first degree relative) ਨੂੰ ਫੇਫੜਿਆਂ ਦੇ ਕੈਂਸਰ ਦੀ ਸ਼ਿਕਾਇਤ ਹੋ ਚੁਕੀ ਹੋਵੇ

-ਕਿਸੇ ਨੂੰ COPD (chronic obstructive pulmonary disease) ਹੋਵੇ

-ਜੇ ਤੁਹਾਡੇ ਆਲੇ-ਦੁਆਲੇ (environmental) ਵਿੱਚ ਪੋਲਿਊਸ਼ਨ ਹੈ, Toxins, ਐਸਬੈਸਟੋਸ, ਡੀਜ਼ਲ ਫਿਊਮਜ਼ ਵਗੈਰਾ, ਇਨ੍ਹਾਂ ਨਾਲ ਵੀ ਇਸ ਕੈਂਸਰ ਦਾ ਖਤਰਾ ਵਧ ਜਾਂਦਾ ਹੈ।

-Radon ਗੈਸ ਨੂੰ ਐਕਸਪੋਜ਼ਰ ਹੋਵੇ, ਕੁਝ ਦੇਰ ਤੋਂ। ਆਪਣੇ ਡਾਕਟਰ ਨਾਲ ਮਸ਼ਵਰਾ ਕਰੋ (USPSTF ਨੇ ਇਸ ਕਾਰਨ ਸਕਰੀਨਿੰਗ ਬਾਰੇ ਕੁਝ ਨਹੀਂ ਕਿਹਾ ਅਜੇ ਤੱਕ)।

ਫੇਫੜਿਆਂ ਦੇ ਕੈਂਸਰ ਦੀਆਂ ਕੁਝ ਚੇਤਾਵਨੀ ਨਿਸ਼ਾਨੀਆਂ ਹਨ, ਪਰ ਕਈ ਲੋਕਾਂ ਵਿੱਚ ਕੋਈ ਨਿਸ਼ਾਨੀ ਵੀ ਨਹੀਂ ਹੁੰਦੀ ਜਾਂ ਇਹ ਨਿਸ਼ਾਨੀਆਂ ਦੇਰੀ ਨਾਲ ਸਾਹਮਣੇ ਆਉਂਦੀਆਂ ਨੇ, ਇਹ ਹਨ:

*ਪੁਰਾਣੀ ਕੁਝ ਅਰਸੇ ਤੋਂ ਖੰਘ ਜੋ ਜਾ ਨਹੀਂ ਰਹੀ (chronic cough)

*ਬਲਗਮ ਵਿੱਚ ਖੂਨ- ਜੋ ਲਾਲ, ਕਾਲਾ, ਗੁਲਾਬੀ ਜਾਂ ਖਾਕੀ ਰੰਗ ਵਿੱਚ ਹੋ ਸਕਦੈ।

*ਆਵਾਜ਼ ਵਿੱਚ ਤਬਦੀਲੀ- ਜਿਵੇਂ ਖੁਰਦਰਾਪਨ (hoarseness, raspy voice)

-ਖੁਰਾਕ ਪ੍ਰਣਾਲੀ ਦੀ ਸੋਜ਼ ਦੀ ਬਿਮਾਰੀ (inflammatory bowel disease)

-ਖੁਰਾਕ ਪ੍ਰਣਾਲੀ ਦੇ ਪੌਲਿਪਜ਼ (polyps – adenomatous)

-ਵਿਟਾਮਨ D ਦੀ ਘਾਟ ਵੀ ਸੋਚਿਆ ਜਾਂਦੈ ਇਸ ਦਾ ਕਾਰਨ ਹੋ ਸਕਦੀ ਏ।

-ਕਈ ਨਸਲਾਂ ਵਿੱਚ- ਜਿਵੇਂ ਐਸ਼ਕਨਾਜ਼ੀ ਜੀਊਜ਼ ਵਿੱਚ ਦੁਨੀਆਂ ਵਿੱਚ ਸਭ ਤੋਂ ਜ਼ਿਆਦਾ ਇਸ ਤਰ੍ਹਾਂ ਦਾ ਕੈਂਸਰ ਹੁੰਦੈ। ਉਸ ਤੋਂ ਬਾਅਦ ਹਨ ਅਮੈਰਿਕਨ-ਇੰਡੀਅਨਜ਼, ਅਲਾਸਕਾ ਨੇਟਿਵਜ਼ ਅਤੇ ਅਫਰੀਕਾ ਦੇ ਵਾਸੀ। ਆਮ ਤੌਰ 'ਤੇ ਇੱਕ ਤੋਂ ਵੱਧ ਰਿਸਕ ਫੈਕਟਜ਼ ਹੁੰਦੇ ਨੇ, ਜਦੋਂ ਕੈਂਸਰ ਹੁੰਦੈ ਕਿਸੇ ਨੂੰ।

-ਇਹ ਆਦਮੀਆਂ ਵਿੱਚ, ਜਨਾਨੀਆਂ ਨਾਲੋਂ ਜ਼ਿਆਦਾ ਹੁੰਦੈ।

ਇਸ ਤਰ੍ਹਾਂ ਦੇ ਕੈਂਸਰ ਦੀਆਂ ਚੇਤਾਵਨੀ ਵਾਲੀਆਂ ਨਿਸ਼ਾਨੀਆਂ ਹਨ:

-ਖੁਰਾਕ ਪ੍ਰਣਾਲੀ ਦੇ ਕੰਮ ਵਿੱਚ ਤਬਦੀਲੀਆਂ, ਕਬਜ਼ੀ, ਟੱਟੀਆਂ ਲੱਗਣੀਆਂ।


ਮਲ (stool) ਦਾ ਇੱਕ ਰਿਬਨ ਦੀ ਤਰ੍ਹਾਂ (narrow) ਹੋ ਜਾਣਾ।

ਜਾਂ ਟੱਟੀ ਜਾਣ ਤੋਂ ਬਾਅਦ ਲੱਗੇ ਕਿ ਹੋਰ ਜਾਣ ਦੀ ਜ਼ਰੂਰਤ ਹੈ।

-ਮਲ ਦੇ ਨਾਲ ਖੂਨ ਆਵੇ- ਲਾਲ ਰੰਗ ਦਾ ਜਾਂ ਮਲ (stool) ਦਾ ਰੰਗ ਖਾਕੀ, ਕਾਲਾ ਜਾਂ dark ਹੋਵੇ।

-ਪੇਟ ਦਰਦ, ਜਿਹੜਾ ਜਾਵੇ ਨਾ; ਪਿੱਠ ਵਿੱਚ ਜਾਂ ਲੱਤਾਂ ਵੱਲ ਜਾਣ ਵਾਲਾ ਦਰਦ।

-ਬਿਨਾ ਕਾਰਨ ਭਾਰ ਦਾ ਘਟਣਾ



*ਸਾਹ ਦੀ ਕਮੀ (short of breath)

*ਘਰਘਰਾਹਟ (wheezing)

*ਛਾਤੀ (chest) 'ਚ ਦਰਦ, ਜੋ ਠੀਕ ਨਹੀਂ ਹੋ ਰਿਹਾ

*ਥਕਾਵਟ ਬਿਨਾ ਕਿਸੇ ਕਾਰਨ ਦੇ

*ਭਾਰ ਦਾ ਘਟਣਾ, ਬਿਨਾ ਕਿਸੇ ਕਾਰਨ ਦੇ।

ਜੇ ਇਸ ਤਰ੍ਹਾਂ ਦੀ ਕੋਈ ਤਕਲੀਫ ਹੋਵੇ ਤਾਂ ਆਪਣੇ ਡਾਕਟਰ ਨਾਲ ਛੇਤੀ ਤੋਂ ਛੇਤੀ ਸੰਪਰਕ ਕਰੋ, ਤਾਂ ਕਿ ਜ਼ਰੂਰੀ ਟੈਸਟ ਕਰਕੇ ਪਤਾ ਕੀਤਾ ਜਾਵੇ ਇਸ ਦਾ ਕੀ ਕਾਰਨ ਹੈ ਅਤੇ ਉਸ ਦਾ ਇਲਾਜ ਕੀਤਾ ਜਾਵੇ। ਇਸ ਤਰ੍ਹਾਂ ਦੀਆਂ ਤਕਲੀਫਾਂ ਇਕੱਲੇ ਕੈਂਸਰ ਕਰਕੇ ਹੀ ਨਹੀਂ ਹੁੰਦੀਆਂ, ਕਈ ਹੋਰ ਕਾਰਨ ਵੀ ਹੋ ਸਕਦੇ ਨੇ।"

"ਦੀਦੀ, ਤੁਸੀਂ ਠੀਕ ਕਿਹੈ, ਇਨ੍ਹਾਂ ਵੱਲ ਧਿਆਨ ਦੇਣਾ ਕਿੰਨਾ ਜ਼ਰੂਰੀ ਹੈ। ਇਸ ਤੋਂ ਅਗਲੇ ਦਰਜੇ 'ਤੇ ਕਿਹੜਾ ਕੈਂਸਰ ਹੈ?"

"ਉਹ ਹੈ ਆਪਣੀ ਖੁਰਾਕ ਪ੍ਰਣਾਲੀ ਦਾ ਅਖੀਰਲਾ ਹਿੱਸਾ। ਜਿਸ ਨੂੰ ਕੋਲੋਰੈਕਟਲ (colorectal) ਕੈਂਸਰ ਕਹਿੰਦੇ ਹਨ। ਇਸ ਦੇ ਖਤਰੇ ਦੇ ਕਾਰਨ (risk factors) ਹਨ:

-ਗੈਰ ਸਿਹਤਮੰਦ ਖੁਰਾਕ (unhealthy diet) ਜਿਸ ਸਬੰਧੀ ਆਪਾਂ ਨੇ ਕੈਂਸਰ ਬਾਰੇ ਪਹਿਲੀ ਮੁਲਾਕਾਤ ਵਿੱਚ ਗੱਲਾਂ ਕੀਤੀਆਂ ਸਨ, ਪਹਿਲੇ ਭਾਗ ਵਿੱਚ। ਇਹ ਵਧਦੀ ਉਮਰ, ਜ਼ਿਆਦਾ ਤੌਰ 'ਤੇ 50 ਸਾਲਾਂ ਦੀ ਉਮਰ ਤੋਂ ਬਾਅਦ ਹੁੰਦਾ ਏ, ਪਰ ਅੱਜਕੱਲ੍ਹ ਘੱਟ ਉਮਰ ਵਾਲਿਆਂ ਵਿੱਚ ਵੀ ਹੋ ਰਿਹਾ ਹੈ।

-ਪਰਿਵਾਰਕ ਇਤਿਹਾਸ (family history)

-ਸ਼ੂਗਰ ਦੀ ਬਿਮਾਰੀ (diabetic type II)

-ਮੋਟਾਪਾ

-ਕਸਰਤ ਨਾ ਕਰਨੀ, ਫਿਜ਼ੀਕਲ ਐਕਟਿਵਿਟੀ ਘੱਟ

-ਨਸ਼ੇ, ਸ਼ਰਾਬ ਅਤੇ ਸਮੋਕ ਦਾ ਇਸਤੇਮਾਲ। ਤਕਰੀਬਨ 10-20% ਫੇਫੜਿਆਂ ਦੇ ਕੈਂਸਰ ਦੇ ਕੇਸ ਹੁੰਦੇ ਨੇ, ਜਿਨ੍ਹਾਂ ਨੇ ਕਦੇ ਵੀ ਸਮੋਕ ਨਹੀਂ ਕੀਤਾ ਹੁੰਦਾ। ਅਮਰੀਕਾ ਵਿੱਚ ਇਨ੍ਹਾਂ ਦੀ ਗਿਣਤੀ ਹੈ- 20,000 ਤੋਂ 40,000 ਹਰ ਸਾਲ।

-ਕਮਜ਼ੋਰੀ ਅਤੇ ਥਕਾਵਟ ਦਾ ਹੋਣਾ, ਬਿਨਾ ਕਿਸੇ ਹੋਰ ਕਾਰਨ ਦੇ।

-ਭੁੱਖ ਦਾ ਘਟ ਜਾਣਾ

-ਮਲਦੁਆਰ (anus) 'ਤੇ ਗੰਢ

- ਗਿਲਟੀਆਂ ਦਾ ਖਾਈ ਵਿੱਚ (groin) ਹੋਣਾ

-ਪੀਲੀਏ ਦੀ ਸ਼ਿਕਾਇਤ

-ਹੱਡੀਆਂ ਵਿੱਚ ਦਰਦ ਜਾਂ ਟੁੱਟ ਜਾਣਾ ਕਿਸੇ ਖਾਸ ਕਾਰਨ ਤੋਂ ਬਿਨਾ।

ਜੇ ਪਰਿਵਾਰਕ ਇਤਿਹਾਸ ਹੈ ਇਸ ਤਰ੍ਹਾਂ ਦੇ ਕੈਂਸਰ ਦਾ ਤਾਂ

(1) ਜਾਂਚ ਪ੍ਰੀਖਿਆ ਵਿਧੀਆਂ (screening tests) ਸ਼ੁਰੂ ਕੀਤੇ ਜਾਂਦੇ ਹਨ ਦਸ ਸਾਲ ਪਹਿਲਾਂ (ਕੈਂਸਰ ਵਾਲੇ ਦੀ ਉਮਰ ਤੋਂ, ਜਦੋਂ ਕੈਂਸਰ ਦਾ ਪਤਾ ਲੱਗਿਆ ਸੀ)

(2) ਜੈਨੇਟਿਕ ਕੌਂਸਲਿੰਗ ਦੀ ਵੀ ਸਲਾਹ ਦਿੱਤੀ ਜਾਂਦੀ ਹੈ।

ਜੇ ਪਰਿਵਾਰ ਵਿੱਚ ਇਸ ਕੈਂਸਰ ਦੀ ਹੋਂਦ ਨਹੀਂ ਤਾਂ ਇਹ ਪ੍ਰੀਖਿਆ ਵਿਧੀਆਂ 45 ਸਾਲ ਦੀ ਉਮਰ ਵਿੱਚ ਸ਼ੁਰੂ ਕਰਨੀਆਂ ਚਾਹੀਦੀਆਂ ਨੇ, ACS ਦੀ ਰਾਏ ਮੁਤਾਬਕ।

ਕਿਹੜੀਆਂ ਪ੍ਰੀਖਿਆ ਵਿਧੀਆਂ ਦੀ ਜ਼ਰੂਰਤ ਹੈ, ਉਸ ਦਾ ਫੈਸਲਾ ਡਾਕਟਰ ਪੂਰੀ ਜਾਂਚ ਪੜਤਾਲ ਕਰਨ ਤੋਂ ਬਾਅਦ ਹੀ ਨਿਰਣਾ ਕਰਦੇ ਹਨ। ਇਨ੍ਹਾਂ ਵਿੱਚ ਆ ਜਾਂਦੇ ਹਨ:

*ਖੂਨ ਦੀ ਜਾਣਕਾਰੀ

*ਮਲ (stool) ਦੀ ਜਾਂਚ

*ਅਲਟਰਾ ਸਾਊਂਡ

*ਐਮ.ਆਰ.ਆਈ. (MRI)

*ਕਲੋਨੋਸਕੋਪੀ, ਜੇ ਜ਼ਰੂਰਤ ਲੱਗੇ ਤਾਂ ਬਾਇਓਪਸੀ (biopsy) ਕਰੀ ਜਾਂਦੀ ਹੈ।

ਇਲਾਜ ਨਿਰਭਰ ਹੈ:

-ਕੈਂਸਰ ਹੈ ਜਾਂ ਨਹੀਂ, ਜੇ ਹੈ ਤਾਂ ਕਿੰਨਾ ਆਕਾਰ (size) ਹੈ? ਕਿੱਥੇ ਹੈ? ਕਿਹੜੀ ਸਟੇਜ ਹੈ ਮਤਲਬ ਕਿੰਨਾ ਕੁ ਫੈਲ ਚੁਕਿਆ ਹੈ। ਸ਼ੁਰੂਆਤ ਵਿੱਚ ਤਾਂ ਇਕੱਲੇ ਓਪਰੇਸ਼ਨ ਨਾਲ ਹੀ ਪੂਰਾ ਖਤਮ ਕੀਤਾ ਜਾ ਸਕਦੈ, ਨਹੀਂ ਤਾਂ ਬਾਕੀ ਤਰੀਕਿਆਂ ਦਾ ਇਸਤੇਮਾਲ ਵੀ ਕਰਨਾ ਪੈਂਦਾ ਹੈ। ਜਿਵੇਂ ਕੀਮੋ, ਰੇਡੀਏਸ਼ਨ ਅਤੇ ਇਮਿਊਨੋਥੈਰੇਪੀ (immunotherapy); ਇਮਿਊਨੋਥੈਰੇਪੀ ਅਜੇ ਕਾਫੀ ਮਹਿੰਗੀ ਹੈ, ਪਰ ਕੰਮ ਕਮਾਲ ਦਾ ਕਰਦੀ ਹੈ।"

"ਦੀਦੀ, ਲੱਗਦੇ ਹੱਥ ਹੁਣ ਸਰਵੀਕਲ ਕੈਂਸਰ (cervical- ਜਿਹੜਾ ਬੱਚੇਦਾਨੀ ਦੇ ਮੂੰਹ ਦਾ ਕੈਂਸਰ ਹੈ) ਬਾਰੇ ਵੀ ਨਜ਼ਰਸਾਨੀ (review) ਕਰ ਲਈਏ!"

"ਇਹ ਸਾਰੀ ਦੁਨੀਆਂ ਵਿੱਚ ਚੌਥੇ ਦਰਜੇ 'ਤੇ ਹੈ ਜਨਾਨੀਆਂ ਵਿੱਚ। ਅਮੈਰਿਕਾ ਵਿੱਚ ਹਰ ਸਾਲ 11500 ਤੋਂ ਜ਼ਿਆਦਾ ਕੇਸ ਹੁੰਦੇ ਨੇ, ਪਰ ਅਫਰੀਕਾ ਦੇ ਕਈ ਹਿੱਸਿਆਂ ਵਿੱਚ, ਸੈਂਟਰਲ ਅਮਰੀਕਾ ਅਤੇ ਸਾਊਥ ਈਸਟ ਏਸ਼ੀਆ ਵਿੱਚ ਸਭ ਤੋਂ ਜ਼ਿਆਦਾ ਕੇਸ ਹੁੰਦੇ ਹਨ।

ਇਹ ਕੈਂਸਰ 100% ਰੋਕਣਯੋਗ (preventaste) ਹੈ।

*ਇਸ ਦਾ ਕਾਰਨ 90% ਤੋਂ ਵੀ ਜ਼ਿਆਦਾ ਹੈ ਹਿਊਮਨ ਪੈਪੀਲੋਮਾ ਵਾਈਰਸ (human papilloma virus)

*ਪਰਾਏ ਰਿਸ਼ਤੇ ਦੀਆਂ (STD) ਬਿਮਾਰੀਆਂ- ਕਲੇਮਿਡੀਆ ਅਤੇ ਗਨੋਰੀਆ ਵੀ ਕੁਝ ਹੱਦ ਤੱਕ ਜ਼ਿੰਮੇਵਾਰ ਹਨ।

*ਗੁਪਤ, ਨਿੱਜੀ ਰਿਸ਼ਤਿਆਂ ਦਾ ਇਤਿਹਾਸ ਛੋਟੀ ਉਮਰ ਵਿੱਚ।

*ਗਰਭ ਨਿਰੋਧਕ ਗੋਲੀਆਂ ਲੰਮੇ ਅਰਸੇ ਲਈ (birth control pills)

*ਕਾਫੀ ਸਾਰੇ ਬੱਚੇ (multiple pregnancies)

*ਸੁਰੱਖਿਆ ਪ੍ਰਣਾਲੀ ਦੀ ਕਮਜ਼ੋਰੀ ਵਗੈਰਾ (immune deficiency)

ਅੱਛੇ ਤਰੀਕੇ ਨਾਲ ਛਾਣਬੀਣ ਕਰਨ ਅਤੇ HPV ਦੀ ਵੈਕਸੀਨ ਵਰਤਣ ਦੇ ਨਾਲ 100% ਇਸ ਬਿਮਾਰੀ ਤੋਂ ਬਚਾਅ ਹੋ ਸਕਦੈ।

ACS (American Cancer Society) ਦੇ ਹਿਸਾਬ ਨਾਲ ਸਕਰੀਨਿੰਗ ਛਾਣਬੀਣ 25 ਸਾਲ ਦੀ ਉਮਰ ਤੋਂ ਸ਼ੁਰੂ ਕਰਨੀ ਚਾਹਿਦੀ ਹੈ। HPV ਅਤੇ Pap smear ਹਰ 5ਵੇਂ ਸਾਲ, 65 ਸਾਲ ਦੀ ਉਮਰ ਤੱਕ। ਜੇ ਸਾਰੇ ਟੈਸਟ ਠੀਕ ਰਹਿਣ ਤਾਂ ਉਸ ਤੋਂ ਬਾਅਦ ਡਾਕਟਰ ਦੀ ਸਲਾਹ ਲੈ ਕੇ ਦੇਖੋ ਕਿ ਅੱਗੋਂ ਟੈਸਟ ਕਰਵਾਉਣ ਦੀ ਜ਼ਰੂਰਤ ਹੈ ਜਾਂ ਨਹੀਂ।

ਇਹ ਸਲਾਹ ਥੋੜ੍ਹੀ ਫਰਕ ਹੈ USPSTF ਦੀ ਸਲਾਹ ਨਾਲੋਂ। USPSTF ਦੇ ਮੁਤਾਬਕ ਇਹ ਪ੍ਰੀਖਿਆ ਵਿਧੀ 21-29 ਸਾਲ ਦੀ ਉਮਰ ਤੋਂ ਹਰ ਤੀਸਰੇ ਸਾਲ ਕੀਤੀ ਜਾਵੇ। 30-65 ਸਾਲ ਦੀ ਉਮਰ ਵਿੱਚ HPV ਟੈਸਟ ਹਰ 5 ਸਾਲੀਂ ਜਾਂ Pap smear ਹਰ 3 ਸਾਲੀਂ ਕੀਤਾ ਜਾਵੇ।

ਜੇ ਟੈਸਟ ਪਾਜ਼ੇਟਿਵ ਆਵੇ ਤਾਂ ਅੱਗੋਂ ਟੈਸਟ ਜਿਵੇਂ- ਕੋਲਪੋ ਅਤੇ ਬਾਇਓਪਸੀ ਦੀ ਜ਼ਰੂਰਤ ਪਏਗੀ।

ਪਰ ਕੁਝ ਅਪਵਾਦ (exception) ਹਨ, ਜਿਵੇਂ:

1. ਜੇ ਕਿਸੇ ਨੂੰ HIV ਹੈ

2. ਸੁਰੱਖਿਆ ਪ੍ਰਣਾਲੀ ਕਿਸੇ ਕਾਰਨ ਕਮਜ਼ੋਰ ਹੈ

3. ਪੈਦਾਇਸ਼ ਤੋਂ ਪਹਿਲਾਂ DES ਨੂੰ exposure ਦਾ ਇਤਿਹਾਸ ਹੈ, ਜੋ 1970 'ਚ ਗਰਭ ਅਵਸਥਾ ਵਿੱਚ ਦਿੱਤੀ ਜਾਂਦੀ ਸੀ।

4. ਕਿਸੇ ਦਾ ਪਹਿਲਾ Pap smear ਖਰਾਬ (abnormal) ਦੀ ਹਿਸਟਰੀ ਹੈ

5. ਪਿਛਲੀ ਸਰਵਿਕਸ (cervix) ਦੇ ਕੈਂਸਰ ਦੀ ਹਿਸਟਰੀ ਹੈ ਤਾਂ ਇਨ੍ਹਾਂ ਹਾਲਤਾਂ ਵਿੱਚ Pap smear ਅਤੇ HPV ਜ਼ਿਆਦਾ ਵਾਰੀ ਕਰਵਾਉਣਾ ਪਵੇਗਾ ਡਾਕਟਰ ਦੀ ਸਲਾਹ ਮੁਤਾਬਕ।

**ਕੁਝ ਚੇਤਾਵਨੀ ਨਿਸ਼ਾਨੀਆਂ ਵੱਲ ਧਿਆਨ ਦੇਣਾ ਚਾਹੀਦੈ:**

-ਮਹਾਵਾਰੀ ਵੇਲੇ ਜ਼ਿਆਦਾ ਖੂਨ ਵਗਣਾ ਜਾਂ ਜ਼ਿਆਦਾ ਵਕਤ ਲਈ ਜਾਂ ਅੱਗੇ-ਪਿੱਛੇ (acyclic) ਖੂਨ ਦਾ ਆਉਣਾ

-ਖੂਨ ਦਾ ਆਉਣਾ ਮੀਨੋਪਾਊਜ਼ ਤੋਂ ਬਾਅਦ

-ਹੋਰ ਤਰ੍ਹਾਂ ਦੇ ਤਰਲ (liquid) ਦਾ ਆਉਣਾ

ਪ੍ਰੀਖਿਆ ਵਿਧੀਆਂ ਦਾ ਇਸਤੇਮਾਲ ਕੀਤਾ ਜਾਂਦੈ ਸਰੀਰ ਦੇ ਅੰਗਾਂ ਦੇ ਕੈਂਸਰ ਦੇ ਸ਼ੱਕ ਦੇ ਹਿਸਾਬ ਨਾਲ, ਪਰ ਇੱਕ ਨਵਾਂ ਟੈਸਟ develop ਕੀਤਾ ਜਾ ਰਿਹੈ, ਜਿਸ ਨਾਲ ਕਈ ਤਰ੍ਹਾਂ ਦੇ ਕੈਂਸਰ ਦਾ ਪਤਾ ਲੱਗ ਸਕਦੈ ਇੱਕੋ ਪ੍ਰੀਖਿਆ ਵਿਧੀ ਨਾਲ। ਇਸ ਨੂੰ ਕਹਿੰਦੇ ਨੇ MCED (multiple cancer early detection test) ਇਹ ਅਜੇ FDA ਨੇ approve ਨਹੀਂ ਕੀਤਾ ਅਤੇ ਬੀਮਾ ਕੰਪਨੀਆਂ ਅਜੇ ਇਸ ਦੇ ਲਈ ਭੁਗਤਾਨ ਨਹੀਂ ਕਰਦੀਆਂ।"

"ਦੀਦੀ ਸਾਰੇ ਤਰ੍ਹਾਂ ਦੇ ਕੈਂਸਰ ਤੋਂ ਡਰ ਲੱਗਦੈ, ਪਰ ਕਿਹੜੇ ਸਭ ਤੋਂ ਜ਼ਿਆਦਾ ਖਤਰਨਾਕ ਹਨ?"

"ਫੇਫੜਿਆਂ (lung) ਦਾ ਕੈਂਸਰ ਸਭ ਤੋਂ ਜ਼ਿਆਦਾ ਲੋਕਾਂ ਦੀ ਜਾਨ ਲੈਂਦੈ, ਦੂਜੇ ਥਾਂ 'ਤੇ ਹੈ ਕੋਲੋਰੈਕਟਲ, ਤੀਜੇ ਥਾਂ 'ਤੇ ਪੈਨਕਰੀਆਜ ਅਤੇ ਚੌਥੇ ਥਾਂ 'ਤੇ ਸਰਵੀਕਲ (cervical) ਔਰਤਾਂ ਵਿੱਚ, ਜਿਸ ਤੋਂ 100% ਬਚਾਅ ਹੋ ਸਕਦੈ- ਜੇ ਸਹੀ ਤਰੀਕੇ ਨਾਲ ਵਕਤ ਸਿਰ ਸਕਰੀਨਿੰਗ ਨਾਲ ਖਰਾਬ ਸੈੱਲ ਫੜੇ ਜਾਣ ਅਤੇ HPV ਵੈਕਸੀਨ ਦਾ ਇਸਤੇਮਾਲ ਕੀਤਾ ਜਾਵੇ।"

"ਦੀਦੀ ਕੈਂਸਰ ਦੇ ਇਲਾਜ ਬਾਰੇ ਤਾਂ ਹੁਣ ਅਗਲੀ ਵਾਰੀ ਗੱਲ ਕਰਨੀ ਪੈਣੀ ਆ।"

"ਚੱਲ ਫਿਰ ਮਿਲਦੇ ਆਂ ਅਗਲੀ ਵਾਰ।

ਖੁਸ਼ ਰਹੋ, ਤੰਦਰੁਸਤ ਰਹੋ।"

# ਖੁਸ਼ਕ ਜ਼ਮੀਨਾਂ ਮਨੁੱਖੀ ਸੰਕਟ



ਗੰਭੀਰ ਮਸਲੇ

ਮੁਕੁਲ ਵਿਆਸ

ਪਿਛਲੇ ਦਹਾਕਿਆਂ ਵਿੱਚ ਧਰਤੀ ਦੀ ਤਿੰਨ ਚੌਥਾਈ ਤੋਂ ਵੱਧ ਜ਼ਮੀਨ ਸਥਾਈ ਤੌਰ 'ਤੇ ਖੁਸ਼ਕ ਯਾਨੀ ਕਿ ਸੁੱਕੀ ਹੋ ਗਈ ਹੈ। ਖੁਸ਼ਕ ਜ਼ਮੀਨਾਂ ਦਾ ਵਿਸਤਾਰ ਜਲਵਾਯੂ ਸੰਕਟ ਦੇ ਪ੍ਰਭਾਵਾਂ ਨਾਲ ਜੂਝ ਰਹੇ ਸੰਸਾਰ ਲਈ ਨਵੀਆਂ ਚਿੰਤਾਵਾਂ ਪੈਦਾ ਕਰਦਾ ਹੈ। ਸੰਯੁਕਤ ਰਾਸ਼ਟਰ ਕਨਵੈਨਸ਼ਨ ਟੂ ਕੰਬੈਟ ਡੈਜ਼ਰਟੀਫਿਕੇਸ਼ਨ ਦੁਆਰਾ ਜਾਰੀ ਕੀਤੀ ਗਈ ਰਿਪੋਰਟ ਦਰਸਾਉਂਦੀ ਹੈ ਕਿ 2020 ਤੋਂ ਤਿੰਨ ਦਹਾਕਿਆਂ ਵਿੱਚ ਧਰਤੀ ਦੀ ਲਗਭਗ 77.6 ਪ੍ਰਤੀਸ਼ਤ ਜ਼ਮੀਨ ਨੇ ਪਿਛਲੇ 30 ਸਾਲਾਂ ਦੀ ਮਿਆਦ ਦੇ ਮੁਕਾਬਲੇ ਖੁਸ਼ਕ ਸਥਿਤੀਆਂ ਦਾ ਅਨੁਭਵ ਕੀਤਾ ਹੈ। ਉਸੇ ਤਿੰਨ ਦਹਾਕਿਆਂ ਵਿੱਚ ਸੁੱਕੀ ਜ਼ਮੀਨ ਦਾ ਲਗਭਗ 4.3 ਮਿਲੀਅਨ ਵਰਗ ਕਿਲੋਮੀਟਰ ਦਾ ਵਿਸਤਾਰ ਹੋਇਆ, ਜੋ ਕਿ ਅੰਟਾਰਕਟਿਕਾ ਨੂੰ ਛੱਡ ਕੇ ਸਾਰੀ ਧਰਤੀ ਦੀ ਜ਼ਮੀਨ ਦਾ 40.6 ਪ੍ਰਤੀਸ਼ਤ ਹੈ। ਇਸ ਸਮਾਂ ਸੀਮਾ ਦੇ ਅੰਦਰ, ਗਲੋਬਲ ਭੂਮੀ ਖੇਤਰ ਦਾ ਲਗਭਗ 7.6 ਪ੍ਰਤੀਸ਼ਤ ਖੁਸ਼ਕਤਾ ਦੀ ਹੱਦ ਨੂੰ ਪਾਰ ਕਰ ਗਿਆ ਹੈ। ਜ਼ਿਆਦਾਤਰ ਨਮੀ ਵਾਲੀਆਂ ਜ਼ਮੀਨਾਂ, ਖੁਸ਼ਕ ਜ਼ਮੀਨਾਂ ਵਿੱਚ ਤਬਦੀਲ ਹੋ ਗਈਆਂ ਸਨ, ਜਿਸ ਨੇ ਖੇਤੀਬਾੜੀ, ਵਾਤਾਵਰਣ ਪ੍ਰਣਾਲੀ ਅਤੇ ਉਨ੍ਹਾਂ 'ਤੇ ਨਿਰਭਰ ਲੋਕਾਂ 'ਤੇ ਡੂੰਘਾ ਪ੍ਰਭਾਵ ਪਾਇਆ ਹੈ।

ਵਿਗਿਆਨੀਆਂ ਦਾ ਕਹਿਣਾ ਹੈ ਕਿ ਜੇਕਰ ਦੁਨੀਆ ਨੇ ਗ੍ਰੀਨਹਾਊਸ ਗੈਸਾਂ ਦੇ ਨਿਕਾਸ 'ਤੇ ਰੋਕ ਨਾ ਲਗਾਈ, ਤਾਂ ਇਸ ਸਦੀ ਦੇ ਅੰਤ ਤੱਕ 3 ਫੀਸਦੀ ਜਲਗਾਹਾਂ ਖੁਸ਼ਕ ਜ਼ਮੀਨ 'ਚ ਤਬਦੀਲ ਹੋ ਜਾਣਗੀਆਂ। ਵਿਗਿਆਨੀਆਂ ਦੀ ਨਵੀਂ ਰਿਪੋਰਟ ਰਿਆਦ, ਸਾਊਦੀ ਅਰਬ ਵਿੱਚ ਆਲਮੀ ਖੁਸ਼ਕਤਾ ਦੇ ਰੁਝਾਨਾਂ ਅਤੇ ਭਵਿੱਖ ਦੇ ਅਨੁਮਾਨਾਂ 'ਤੇ ਆਯੋਜਿਤ ਸੰਯੁਕਤ ਰਾਸ਼ਟਰ ਸੰਮੇਲਨ ਵਿੱਚ ਪੇਸ਼ ਕੀਤੀ ਗਈ। ਇਹ ਸੰਯੁਕਤ ਰਾਸ਼ਟਰ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਜ਼ਮੀਨੀ ਕਾਨਫਰੰਸ ਸੀ। ਪੱਛਮੀ ਏਸ਼ੀਆ ਵਿੱਚ ਇਹ ਪਹਿਲੀ ਮੀਟਿੰਗ ਸੀ। ਇਹ ਇੱਕ ਅਜਿਹਾ ਖੇਤਰ ਹੈ, ਜੋ ਖੁਸ਼ਕਤਾ ਦੇ ਪ੍ਰਭਾਵਾਂ ਤੋਂ ਵਿਆਪਕ ਤੌਰ 'ਤੇ ਪ੍ਰਭਾਵਿਤ ਹੁੰਦਾ ਹੈ। ਪਹਿਲੀ ਵਾਰ ਰਿਆਦ ਦੀ ਮੀਟਿੰਗ ਵਿੱਚ ਔੜ ਦੇ ਸੰਕਟ ਨੂੰ ਵਿਗਿਆਨਕ ਸਪੱਸ਼ਟਤਾ ਨਾਲ ਪੇਸ਼ ਕੀਤਾ ਗਿਆ ਸੀ। ਮਨੁੱਖੀ ਕਾਰਨ ਜਲਵਾਯੂ ਪਰਿਵਰਤਨ ਇਸ ਸੰਕਟ ਦਾ ਮੁਢਲਾ ਚਾਲਕ ਹੈ। ਬਿਜਲੀ ਉਤਪਾਦਨ, ਆਵਾਜਾਈ, ਉਦਯੋਗ ਅਤੇ ਭੂਮੀ-ਵਰਤੋਂ ਦੀਆਂ ਤਬਦੀਲੀਆਂ ਤੋਂ ਨਿਕਲਣ ਵਾਲੇ ਨਿਕਾਸ, ਗ੍ਰਹਿ ਨੂੰ ਗਰਮ ਕਰ ਰਹੇ ਹਨ ਅਤੇ ਵਰਖਾ ਦੇ ਪੈਟਰਨ, ਵਾਸ਼ਪੀਕਰਨ ਦਰਾਂ ਅਤੇ ਪੌਦਿਆਂ ਦੇ ਜੀਵਨ ਨੂੰ ਬਦਲ ਰਹੇ ਹਨ। ਇਹ ਸਥਿਤੀਆਂ ਵਧਦੀ ਖੁਸ਼ਕਤਾ ਨੂੰ ਦਰਸਾਉਂਦੀਆਂ ਹਨ।

ਕੁੱਲ ਮਿਲਾ ਕੇ ਸੁੱਕੀ ਜ਼ਮੀਨ ਵਿਸ਼ਵ ਪੱਧਰ 'ਤੇ ਫੈਲ ਰਹੀ ਹੈ। 2020 ਤੱਕ 2.3 ਬਿਲੀਅਨ ਲੋਕ, ਜਾਂ ਵਿਸ਼ਵ ਦੀ ਆਬਾਦੀ ਦੇ ਇੱਕ ਚੌਥਾਈ ਤੋਂ ਵੱਧ, ਫੈਲੀਆਂ ਖੁਸ਼ਕ ਜ਼ਮੀਨਾਂ ਵਿੱਚ ਰਹਿ ਰਹੇ ਸਨ। ਖੁਸ਼ਕਤਾ-ਸਬੰਧਤ ਜ਼ਮੀਨ ਦੀ ਗਿਰਾਵਟ, ਜਿਸਨੂੰ ਮਾਰੂਥਲੀਕਰਨ ਵਜੋਂ ਜਾਣਿਆ ਜਾਂਦਾ ਹੈ, ਮਨੁੱਖੀ ਭਲਾਈ ਅਤੇ ਵਾਤਾਵਰਣ ਦੀ ਸਥਿਰਤਾ ਲਈ ਇੱਕ ਗੰਭੀਰ ਖਤਰਾ ਹੈ। ਇਸ ਦਿਸ਼ਾ ਵਿੱਚ ਠੋਸ ਕਦਮ ਨਾ ਚੁੱਕੇ ਤਾਂ ਭਵਿੱਖ ਹੋਰ ਵੀ ਨਿਰਾਸ਼ਾਜਨਕ ਹੋ ਸਕਦਾ ਹੈ। ਸਭ ਤੋਂ ਮਾੜੇ ਨਿਕਾਸੀ ਦ੍ਰਿਸ਼ਾਂ ਦੇ ਤਹਿਤ ਸਦੀ ਦੇ ਅੰਤ ਤੱਕ ਪੰਜ ਅਰਬ ਲੋਕ ਸੁੱਕੀ ਜ਼ਮੀਨ 'ਤੇ ਰਹਿ ਸਕਦੇ ਹਨ। ਅਜਿਹੀ ਸਥਿਤੀ ਦਾ ਅਰਥ ਹੈ, ਮਿੱਟੀ ਦੀ ਕਟੌਤੀ, ਪਾਣੀ ਦੇ ਸਰੋਤਾਂ ਦੀ ਕਮੀ ਅਤੇ ਮਨੁੱਖਤਾ ਦੇ ਵੱਡੇ ਹਿੱਸਿਆਂ ਲਈ ਵਾਤਾਵਰਣ ਪ੍ਰਣਾਲੀ ਦਾ ਢਹਿ ਜਾਣਾ।

ਜ਼ਬਰਦਸਤੀ ਪਰਵਾਸ ਅੱਜ ਦੁਨੀਆ ਦੇ ਕੁਝ ਖੁਸ਼ਕ ਖੇਤਰਾਂ ਵਿੱਚ ਪਹਿਲਾਂ ਹੀ ਦਿਖਾਈ ਦੇ ਰਿਹਾ ਹੈ। ਜਿਵੇਂ ਕਿ ਜ਼ਮੀਨ ਬੇਕਾਰ ਹੋ ਜਾਂਦੀ ਹੈ ਅਤੇ ਖੇਤੀ ਅਸਫਲ ਹੋ ਜਾਂਦੀ ਹੈ, ਪਰਿਵਾਰਾਂ ਅਤੇ ਭਾਈਚਾਰਿਆਂ ਕੋਲ ਅਕਸਰ ਜਾਣ ਤੋਂ ਇਲਾਵਾ ਕੋਈ ਵਿਕਲਪ ਨਹੀਂ ਹੁੰਦਾ। ਇਸ ਕਾਰਨ ਵਿਸ਼ਵ ਪੱਧਰ 'ਤੇ ਸਮਾਜਿਕ ਅਤੇ ਸਿਆਸੀ ਚੁਣੌਤੀਆਂ ਵਧਦੀਆਂ ਹਨ। ਵਿਗਿਆਨੀਆਂ ਨੇ ਚੇਤਾਵਨੀ ਦਿੱਤੀ ਹੈ ਕਿ ਸਾਰੀ ਜ਼ਮੀਨ ਦਾ ਪੰਜਵਾਂ ਹਿੱਸਾ ਅਚਾਨਕ ਈਕੋਸਿਸਟਮ ਵਿੱਚ ਤਬਦੀਲੀਆਂ ਕਰ ਸਕਦਾ ਹੈ। ਇਨ੍ਹਾਂ ਦੇ ਪ੍ਰਭਾਵਾਂ ਕਾਰਨ ਜੰਗਲ ਘਾਹ ਦੇ ਮੈਦਾਨਾਂ ਵਿੱਚ ਬਦਲ ਸਕਦੇ ਹਨ। ਦੁਨੀਆ ਦੇ ਕਈ ਪੌਦਿਆਂ ਅਤੇ ਜਾਨਵਰਾਂ ਦੀਆਂ ਕਿਸਮਾਂ ਅਲੋਪ ਹੋ ਸਕਦੀਆਂ ਹਨ।

ਇੱਕ ਹੋਰ ਅਧਿਐਨ ਗਲੋਬਲ ਵਾਰਮਿੰਗ ਦੇ ਪ੍ਰਭਾਵਾਂ ਤੋਂ ਦੁਨੀਆ ਦੇ ਗਲੇਸ਼ੀਅਰਾਂ ਦਾ ਸਾਹਮਣਾ ਕਰ ਰਹੇ ਆਉਣ ਵਾਲੇ ਸੰਕਟ ਨੂੰ ਉਜਾਗਰ ਕਰਦਾ ਹੈ। ਦੁਨੀਆਂ ਦੇ ਬਹੁਤ ਸਾਰੇ ਗਲੇਸ਼ੀਅਰ ਪਿਛਲੇ ਬਰਫ਼ ਯੁੱਗ ਦੌਰਾਨ ਬਣੇ ਸਨ। ਇਹ ਗਲੇਸ਼ੀਅਰ ਹਜ਼ਾਰਾਂ ਸਾਲਾਂ ਤੋਂ ਉਚਾਈ ਵਾਲੇ ਖੇਤਰਾਂ ਅਤੇ ਧਰੁਵੀ ਖੇਤਰਾਂ ਵਿੱਚ ਮੌਜੂਦ ਹਨ, ਪਰ ਆਉਣ ਵਾਲੇ ਸਮੇਂ ਵਿੱਚ ਇਸ ਸਥਿਤੀ ਵਿੱਚ ਵੱਡੀ ਤਬਦੀਲੀ ਆ ਸਕਦੀ ਹੈ। ਇੱਕ ਤਾਜ਼ਾ ਅਧਿਐਨ ਸੁਝਾਅ ਦਿੰਦਾ ਹੈ ਕਿ ਇਸ ਸਦੀ ਦੇ ਅੰਤ ਤੱਕ ਦੁਨੀਆ ਦੇ ਅੱਧੇ ਤੋਂ ਵੱਧ ਗਲੇਸ਼ੀਅਰ ਅਲੋਪ ਹੋ ਸਕਦੇ ਹਨ। ਸਵਿਟਜ਼ਰਲੈਂਡ ਅਤੇ ਬੈਲਜੀਅਮ ਦੇ ਵਿਗਿਆਨੀਆਂ ਨੇ ਕਾਰਬਨ ਨਿਕਾਸ ਦੇ ਵੱਖ-ਵੱਖ ਦ੍ਰਿਸ਼ਾਂ ਤਹਿਤ ਗਲੇਸ਼ੀਅਰਾਂ ਦੇ ਸੰਭਾਵੀ ਨੁਕਸਾਨ ਦਾ ਅਨੁਮਾਨ ਲਗਾਇਆ ਹੈ। ਉਨ੍ਹਾਂ ਨੇ ਧਰਤੀ ਦੇ ਸਾਰੇ ਗਲੇਸ਼ੀਅਰਾਂ ਨੂੰ ਧਿਆਨ ਵਿਚ ਰੱਖਿਆ, ਜਿਨ੍ਹਾਂ ਦੀ ਗਿਣਤੀ ਦੋ ਲੱਖ ਹੈ। ਅਧਿਐਨ ਤੋਂ ਪ੍ਰਾਪਤ ਅੰਕੜੇ ਡਰਾਉਣੇ ਹਨ। ਜੇਕਰ ਕਾਰਬਨ ਨਿਕਾਸ ਉਚ ਪੱਧਰ 'ਤੇ ਰਹਿੰਦਾ ਹੈ, ਤਾਂ ਸਾਰੇ ਗਲੇਸ਼ੀਅਰਾਂ ਦਾ 54 ਪ੍ਰਤੀਸ਼ਤ ਤੱਕ ਅਲੋਪ ਹੋ ਸਕਦਾ ਹੈ। ਐਲਪਸ ਵਿੱਚ ਇਹ ਸੰਖਿਆ 75 ਪ੍ਰਤੀਸ਼ਤ ਤੱਕ ਪਹੁੰਚ ਸਕਦੀ ਹੈ। ਪਿਛਲੇ ਸਾਲ ਕੀਤੇ ਗਏ ਇੱਕ ਅਧਿਐਨ ਨੇ ਦਿਖਾਇਆ ਕਿ ਹਿਮਾਲਿਆ ਦੇ ਗਲੇਸ਼ੀਅਰ ਵੀ ਤੇਜ਼ੀ ਨਾਲ ਪਿਘਲ ਰਹੇ ਹਨ ਅਤੇ ਜੇਕਰ ਗਲੋਬਲ ਵਾਰਮਿੰਗ ਜਾਰੀ ਰਹੀ ਤਾਂ ਸਦੀ ਦੇ ਅੰਤ ਤੱਕ ਆਪਣੇ ਪੁੰਜ ਦਾ 80 ਪ੍ਰਤੀਸ਼ਤ ਤੱਕ ਗੁਆ ਸਕਦਾ ਹੈ।

ਨਵੇਂ ਅਧਿਐਨ ਦੇ ਮੁੱਖ ਲੇਖਕ, ਗਲੇਸ਼ੀਅਰ ਵਿਗਿਆਨੀ ਹੈਰੀ ਜ਼ੇਕੋਲਾਰੀ ਨੇ ਕਿਹਾ ਕਿ ਗਲੇਸ਼ੀਅਰ ਦੁਨੀਆ ਦੇ ਕਈ ਹਿੱਸਿਆਂ ਵਿੱਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਗਲੇਸ਼ੀਅਰਾਂ ਵਿੱਚ ਤਬਦੀਲੀਆਂ ਸਾਡੇ ਸਮਾਜ ਅਤੇ ਕੁਦਰਤੀ ਵਾਤਾਵਰਣ ਨੂੰ ਸਿੱਧਾ ਪ੍ਰਭਾਵਿਤ ਕਰਦੀਆਂ ਹਨ। ਗਲੇਸ਼ੀਅਰ ਸਥਾਨਕ ਪੱਧਰ 'ਤੇ ਕੁਦਰਤੀ ਖ਼ਤਰਿਆਂ ਦਾ ਕਾਰਨ ਬਣ ਸਕਦੇ ਹਨ। ਗਲੇਸ਼ੀਅਰ ਸਥਾਨਕ ਪਾਣੀ ਦੀ ਸਪਲਾਈ ਨੂੰ ਨਿਰਧਾਰਤ ਕਰਦੇ ਹਨ ਅਤੇ ਸੈਰ-ਸਪਾਟੇ ਦੇ ਦ੍ਰਿਸ਼ਟੀਕੋਣ ਤੋਂ ਬਹੁਤ ਮਹੱਤਵਪੂਰਨ ਹਨ। ਗਲੇਸ਼ੀਅਰਾਂ ਦੇ ਪਿਘਲਣ ਦੇ ਨਤੀਜੇ ਦੂਰਗਾਮੀ ਹੋਣਗੇ। ਗਲੇਸ਼ੀਅਰਾਂ ਦੇ ਪਿਘਲਣ ਨਾਲ ਸਮੁੰਦਰੀ ਪੱਧਰ ਵਧਦੇ ਹਨ, ਜੋ ਕਿ ਤੱਟਵਰਤੀ ਕਸਬਿਆਂ ਅਤੇ ਸ਼ਹਿਰਾਂ ਵਿੱਚ ਹੜ੍ਹਾਂ ਦੇ ਜੋਖਮ ਨੂੰ ਵਧਾਉਂਦੇ ਹਨ।

ਇਸ ਤੋਂ ਇਲਾਵਾ ਗਲੇਸ਼ੀਅਰ ਦਾ ਨੁਕਸਾਨ ਤਾਜ਼ੇ ਪਾਣੀ ਦੇ ਸਰੋਤਾਂ ਨੂੰ ਘਟਾਉਂਦਾ ਹੈ, ਜਿਸ 'ਤੇ ਕਰੋੜਾਂ ਲੋਕ ਪੀਣ ਵਾਲੇ ਪਾਣੀ ਲਈ ਨਿਰਭਰ ਕਰਦੇ ਹਨ। ਗਲੇਸ਼ੀਅਰਾਂ ਤੋਂ ਪਾਣੀ ਦੀ ਸਪਲਾਈ ਵਿੱਚ ਬਦਲਾਅ ਜੈਵ ਵਿਭਿੰਨਤਾ, ਉਦਯੋਗ, ਖੇਤੀਬਾੜੀ ਅਤੇ ਘਰਾਂ ਲਈ ਪਾਣੀ ਦੀ ਉਪਲਬਧਤਾ ਨੂੰ ਪ੍ਰਭਾਵਤ ਕਰੇਗਾ। ਗ੍ਰੀਨਹਾਊਸ ਪ੍ਰਭਾਵ ਸੰਕਟ ਨੂੰ ਹੋਰ ਵਧਾ ਦੇਵੇਗਾ। ਜਿਵੇਂ ਕਿ ਸੂਰਜ ਦੀ ਰੋਸ਼ਨੀ ਨੂੰ ਪ੍ਰਤੀਬਿੰਬਤ ਕਰਨ ਦੀ ਧਰਤੀ ਦੀ ਸਮਰੱਥਾ ਘਟਦੀ ਹੈ, ਸੂਰਜ ਤੋਂ ਵੱਧ ਊਰਜਾ ਪ੍ਰਤੀਬਿੰਬਤ ਹੋਣ ਦੀ ਬਜਾਏ ਲੀਨ ਹੋ ਜਾਂਦੀ ਹੈ। ਇਹ ਗਲੋਬਲ ਵਾਰਮਿੰਗ ਦੇ ਜੋਖਮ ਨੂੰ ਵਧਾਉਂਦਾ ਹੈ ਅਤੇ ਜਲਵਾਯੂ ਤਬਦੀਲੀ ਨੂੰ ਹੋਰ ਵੀ ਗੰਭੀਰ ਬਣਾਉਂਦਾ ਹੈ।

ਖੋਜ ਟੀਮ ਨੇ ਭਵਿੱਖੀ ਗਲੇਸ਼ੀਅਰ ਦੇ ਨੁਕਸਾਨ ਦੀ ਭਵਿੱਖਬਾਣੀ ਕਰਨ ਲਈ ਇਤਿਹਾਸਕ ਗਲੇਸ਼ੀਅਰ ਪੁੰਜ, ਕਾਰਬਨ ਨਿਕਾਸ ਅਤੇ ਤਾਪਮਾਨ ਦੇ ਅੰਕੜਿਆਂ ਦਾ ਅਧਿਐਨ ਕੀਤਾ। ਇਸ ਜਾਣਕਾਰੀ ਅਤੇ ਕੰਪਿਊਟਰ ਮਾਡਲਿੰਗ ਦੀ ਮਦਦ ਨਾਲ ਖੋਜਕਰਤਾ ਗਲੇਸ਼ੀਅਰ ਪੁੰਜ ਦੇ ਭਵਿੱਖ ਦੇ ਨੁਕਸਾਨ ਬਾਰੇ ਭਵਿੱਖਵਾਣੀ ਕਰਨ ਦੇ ਯੋਗ ਸਨ। ਵੱਖ-ਵੱਖ ਜਲਵਾਯੂ ਦ੍ਰਿਸ਼ਾਂ ਤਹਿਤ 21ਵੀਂ ਸਦੀ ਵਿੱਚ ਗਲੇਸ਼ੀਅਰ ਦੇ ਵਾਧੇ ਨੂੰ ਮਾਡਲਿੰਗ ਕਰਕੇ, ਖੋਜਕਰਤਾਵਾਂ ਨੇ ਭਵਿੱਖ ਦੇ ਨਿਕਾਸ ਦੇ ਪੱਧਰਾਂ ਦੇ ਆਧਾਰ 'ਤੇ ਨਤੀਜਿਆਂ ਵਿੱਚ ਬਹੁਤ ਅੰਤਰ ਪਾਇਆ। ਘੱਟ ਕਾਰਬਨ ਨਿਕਾਸੀ ਤਹਿਤ 2100 ਤੱਕ ਗਲੇਸ਼ੀਅਰ ਆਪਣੇ ਪੁੰਜ ਦਾ 25 ਤੋਂ 29 ਪ੍ਰਤੀਸ਼ਤ ਗੁਆ ਸਕਦੇ ਹਨ। ਇਹ ਅੰਕੜਾ ਇੱਕ ਉੱਚ-ਨਿਕਾਸ ਦ੍ਰਿਸ਼ ਦੇ ਤਹਿਤ 46 ਤੇ 54 ਪ੍ਰਤੀਸ਼ਤ ਦੇ ਵਿਚਕਾਰ ਵਧ ਸਕਦਾ ਹੈ। ਇਨ੍ਹਾਂ ਚਿੰਤਾਜਨਕ ਖੁਲਾਸਿਆਂ ਦੇ ਬਾਵਜੂਦ ਖੋਜਕਰਤਾਵਾਂ ਨੇ ਅਨੁਮਾਨਿਤ ਗਲੇਸ਼ੀਅਰ ਵਿਕਾਸ ਵਿੱਚ ਅਨਿਸ਼ਚਿਤਤਾਵਾਂ ਨੂੰ ਸਵੀਕਾਰ ਕੀਤਾ ਹੈ। ਉਹ ਇਸ ਗੱਲ 'ਤੇ ਜ਼ੋਰ ਦਿੰਦਾ ਹੈ ਕਿ ਖੋਜ ਨੇ ਖਾਸ ਤੌਰ 'ਤੇ ਗਲੇਸ਼ੀਅਰਾਂ ਦੀ ਜਾਂਚ ਕੀਤੀ, ਨਾ ਕਿ ਬਰਫ਼ ਦੀ ਚਾਦਰਾਂ ਦੀ। ਗ੍ਰੀਨਲੈਂਡ ਅਤੇ ਅੰਟਾਰਕਟਿਕਾ 'ਤੇ ਪਾਈਆਂ ਗਈਆਂ ਬਰਫ਼ ਦੀਆਂ ਚਾਦਰਾਂ ਵਿਚ 99 ਪ੍ਰਤੀਸ਼ਤ ਭੂਮੀ ਬਰਫ਼ ਅਤੇ 68 ਪ੍ਰਤੀਸ਼ਤ ਤੋਂ ਵੱਧ ਧਰਤੀ ਦੇ ਤਾਜ਼ੇ ਪਾਣੀ ਹਨ।

# ਅਰਬ ਨੇਤਾਵਾਂ ਨੇ ਗਾਜ਼ਾ ਦੇ ਮੁੜ ਵਸੇਬੇ ਲਈ ਸਿਰ ਜੋੜੇ


ਪੰਜਾਬੀ ਪਰਵਾਜ਼ ਬਿਊਰੋ

ਅਰਬ ਨੇਤਾਵਾਂ ਨੇ ਪਿਛਲੇ ਦਿਨੀਂ ਰਿਆਦ ਵਿੱਚ ਮੁਲਾਕਾਤ ਕੀਤੀ ਤਾਂ ਜੋ ਗਾਜ਼ਾ ਦੇ ਯੁੱਧ ਤੋਂ ਬਾਅਦ ਦੇ ਪੁਨਰ ਨਿਰਮਾਣ ਲਈ ਇੱਕ ਯੋਜਨਾ ਤਿਆਰ ਕੀਤੀ ਜਾ ਸਕੇ ਤਾਂ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸੰਯੁਕਤ ਰਾਜ ਨੂੰ ਇਸਦੇ ਫਲਿਸਤੀਨੀ ਨਿਵਾਸੀਆਂ ਤੋਂ ਬਿਨਾਂ ਖੇਤਰ ਨੂੰ ਆਪਣੇ ਕਬਜ਼ੇ ਵਿੱਚ ਲੈਣ ਦੇ ਪ੍ਰਸਤਾਵ ਦਾ ਮੁਕਾਬਲਾ ਕੀਤਾ ਜਾ ਸਕੇ। ਟਰੰਪ ਦੀ ਯੋਜਨਾ ਨੇ ਇਸ ਦੇ ਵਿਰੋਧ ਵਿੱਚ ਅਰਬ ਰਾਜਾਂ ਨੂੰ ਇੱਕਜੁੱਟ ਕਰ ਦਿੱਤਾ ਹੈ, ਪਰ ਗਾਜ਼ਾ ਦਾ ਸ਼ਾਸਨ ਕਿਸ ਨੂੰ ਕਰਨਾ ਚਾਹੀਦਾ ਹੈ ਅਤੇ ਇਸਦੇ ਪੁਨਰ ਨਿਰਮਾਣ ਲਈ ਫੰਡ ਕਿਵੇਂ ਦਿੱਤਾ ਜਾ ਸਕਦਾ ਹੈ? ਇਸ ਬਾਰੇ ਅਸਹਿਮਤੀ ਬਣੀ ਹੋਈ ਹੈ।

ਸਾਊਦੀ ਦੇ ਸਰਕਾਰੀ ਟੈਲੀਵਿਜ਼ਨ 'ਤੇ ਪ੍ਰਕਾਸ਼ਿਤ ਇੱਕ ਤਸਵੀਰ ਵਿੱਚ ਰਾਜ ਦੇ ਡੀ ਫੈਕਟੋ ਨੇਤਾ ਕ੍ਰਾਊਨ ਪ੍ਰਿੰਸ ਮੁਹੰਮਦ ਬਿਨ ਸਲਮਾਨ ਨੂੰ ਹੋਰ ਖਾੜੀ ਅਰਬ ਰਾਜਾਂ, ਮਿਸਰ ਅਤੇ ਜਾਰਡਨ ਦੇ ਨੇਤਾਵਾਂ ਨਾਲ ਦਿਖਾਇਆ ਗਿਆ ਹੈ। ਸਾਊਦੀ ਸਰਕਾਰ ਦੇ ਇੱਕ ਨਜ਼ਦੀਕੀ ਸੂਤਰ ਅਨੁਸਾਰ ਮੀਟਿੰਗ ਉਪਰੰਤ ਮੇਜ਼ਬਾਨਾਂ ਨੇ ਤੁਰੰਤ ਕੋਈ ਅੰਤਿਮ ਬਿਆਨ ਪ੍ਰਕਾਸ਼ਿਤ ਨਹੀਂ ਕੀਤਾ। ਮਿਸਰ ਦੇ ਰਾਸ਼ਟਰਪਤੀ ਅਬਦੇਲ ਫਤਾਹ ਅਲ-ਸੀਸੀ ਦੇ ਦਫਤਰ ਨੇ ਕਿਹਾ ਕਿ ਉਹ ਬਹਿਰੀਨ, ਜਾਰਡਨ, ਕੁਵੈਤ, ਕਤਰ, ਸਾਊਦੀ ਅਰਬ ਅਤੇ ਸੰਯੁਕਤ ਅਰਬ ਅਮੀਰਾਤ ਦੇ ਨੇਤਾਵਾਂ ਨਾਲ ਬੈਠਕ ਤੋਂ ਬਾਅਦ ਸਾਊਦੀ ਰਾਜਧਾਨੀ ਛੱਡ ਗਏ ਹਨ। ਇੱਕ ਸਾਊਦੀ ਸੂਤਰ ਨੇ ਪਹਿਲਾਂ ਏ.ਐਫ.ਪੀ. ਨੂੰ ਦੱਸਿਆ ਸੀ ਕਿ ਫਲਿਸਤੀਨੀ ਅਥਾਰਟੀ ਦੇ ਵੀ ਗੱਲਬਾਤ ਵਿੱਚ ਹਿੱਸਾ ਲੈਣ ਦੀ ਉਮੀਦ ਸੀ।

ਮੀਟਿੰਗ ਵਿੱਚ ਚਰਚਾ ਹੋਈ ਕਿ ਡੋਨਾਲਡ ਟਰੰਪ ਨੇ ਵਿਸ਼ਵ-ਵਿਆਪੀ ਗੁੱਸੇ ਨੂੰ ਭੜਕਾਇਆ ਜਦੋਂ ਉਸਨੇ ਸੰਯੁਕਤ ਰਾਜ ਨੂੰ ਗਾਜ਼ਾ ਪੱਟੀ 'ਤੇ ਕਬਜ਼ਾ ਕਰਨ ਅਤੇ ਇਸਦੇ 20 ਲੱਖ ਤੋਂ ਵੱਧ ਵਸਨੀਕਾਂ ਨੂੰ ਮਿਸਰ ਅਤੇ ਜਾਰਡਨ ਵਿੱਚ ਤਬਦੀਲ ਕਰਨ ਦਾ ਪ੍ਰਸਤਾਵ ਦਿੱਤਾ। ਕਿੰਗਜ਼ ਕਾਲਜ ਲੰਡਨ ਦੇ ਐਂਡਰੀਅਸ ਕ੍ਰੀਗ ਨੇ ਮੀਟਿੰਗ ਤੋਂ ਪਹਿਲਾਂ ਕਿਹਾ, "ਅਸੀਂ ਅਰਬ-ਇਜ਼ਰਾਈਲੀ ਜਾਂ ਇਜ਼ਰਾਈਲੀ-ਫਲਿਸਤੀਨੀ ਸੰਘਰਸ਼ ਦੇ ਇੱਕ ਬਹੁਤ ਹੀ ਮਹੱਤਵਪੂਰਨ ਇਤਿਹਾਸਕ ਮੋੜ 'ਤੇ ਹਾਂ... ਜਿੱਥੇ ਸੰਭਾਵਤ ਤੌਰ 'ਤੇ ਟਰੰਪ ਦੀ ਅਗਵਾਈ ਵਿੱਚ ਸੰਯੁਕਤ ਰਾਜ ਜ਼ਮੀਨ 'ਤੇ ਨਵੇਂ ਤੱਥ ਪੈਦਾ ਕਰ ਸਕਦਾ ਹੈ, ਜੋ ਬਦਲੇ ਨਹੀਂ ਜਾ ਸਕਦੇ।"

ਇਜ਼ਰਾਈਲ ਅਤੇ ਹਮਾਸ ਦਰਮਿਆਨ 15 ਮਹੀਨਿਆਂ ਤੋਂ ਵੱਧ ਦੀ ਲੜਾਈ ਤੋਂ ਬਾਅਦ ਗਾਜ਼ਾ ਪੱਟੀ ਵੱਡੇ ਪੱਧਰ 'ਤੇ ਖੰਡਰ ਬਣੀ ਹੋਈ ਹੈ। ਸੰਯੁਕਤ ਰਾਸ਼ਟਰ ਨੇ ਹਾਲ ਹੀ ਵਿੱਚ ਅੰਦਾਜ਼ਾ ਲਗਾਇਆ ਹੈ ਕਿ ਪੁਨਰ ਨਿਰਮਾਣ ਲਈ 53 ਬਿਲੀਅਨ ਡਾਲਰ ਤੋਂ ਵੱਧ ਦੀ ਲਾਗਤ ਆਵੇਗੀ। ਵਾਸ਼ਿੰਗਟਨ ਵਿੱਚ ਪਿਛਲੇ ਦਿਨੀਂ ਟਰੰਪ ਨਾਲ ਮੁਲਾਕਾਤ ਦੌਰਾਨ ਜਾਰਡਨ ਦੇ ਕਿੰਗ ਅਬਦੁੱਲਾ ਨੇ ਕਿਹਾ ਕਿ ਮਿਸਰ ਅੱਗੇ ਵਧਣ ਲਈ ਇੱਕ ਯੋਜਨਾ ਪੇਸ਼ ਕਰੇਗਾ। ਅਧਿਕਾਰਤ ਸਾਊਦੀ ਪ੍ਰੈਸ ਏਜੰਸੀ ਅਨੁਸਾਰ, ਅਨਅਧਿਕਾਰਤ ਭਾਈਚਾਰਕ ਮੀਟਿੰਗ ਵਿੱਚ ਲਏ ਗਏ ਫੈਸਲੇ 4 ਮਾਰਚ ਨੂੰ ਮਿਸਰ ਵਿੱਚ ਹੋਣ ਵਾਲੇ ਐਮਰਜੈਂਸੀ ਅਰਬ ਲੀਗ ਸੰਮੇਲਨ ਦੇ ਏਜੰਡੇ ਵਿੱਚ ਰੱਖੇ ਜਾਣਗੇ। ਅਰਬ ਨੇਤਾ ਗਾਜ਼ਾ ਦੇ ਪੁਨਰ ਨਿਰਮਾਣ ਲਈ ਇੱਕ ਵਿਕਲਪਿਕ ਯੋਜਨਾ ਨੂੰ ਜ਼ਰੂਰੀ ਸਮਝਦੇ ਹਨ, ਜਦੋਂ ਟਰੰਪ ਨੇ ਇਸ ਦੇ ਫਲਿਸਤੀਨੀ ਨਿਵਾਸੀਆਂ ਨੂੰ ਤਬਦੀਲ ਕਰਨ ਲਈ ਜਾਇਜ਼ ਠਹਿਰਾਉਣ ਲਈ ਕੰਮ ਦੇ ਪੈਮਾਨੇ ਵੱਲ ਇਸ਼ਾਰਾ ਕੀਤਾ ਸੀ।



ਕਾਹਿਰਾ ਨੇ ਅਜੇ ਆਪਣੇ ਪ੍ਰਸਤਾਵ ਦੇ ਵੇਰਵੇ ਜਾਰੀ ਕਰਨੇ ਹਨ, ਪਰ ਮਿਸਰ ਦੇ ਸਾਬਕਾ ਡਿਪਲੋਮੈਟ ਮੁਹੰਮਦ ਹੇਗਾਜ਼ੀ ਨੇ 'ਤਿੰਨ ਤੋਂ ਪੰਜ ਸਾਲਾਂ ਦੀ ਮਿਆਦ ਵਿੱਚ ਤਿੰਨ ਤਕਨੀਕੀ ਪੜਾਵਾਂ ਵਿੱਚ' ਇੱਕ ਯੋਜਨਾ ਦੀ ਰੂਪਰੇਖਾ ਦਿੱਤੀ। ਪਹਿਲਾ ਪੜਾਅ, ਛੇ ਮਹੀਨਿਆਂ ਤੱਕ ਚੱਲਣ ਵਾਲਾ 'ਜਲਦੀ ਰਿਕਵਰੀ' ਅਤੇ ਮਲਬੇ ਨੂੰ ਹਟਾਉਣ 'ਤੇ ਧਿਆਨ ਕੇਂਦਰਿਤ ਕਰੇਗਾ। ਦੂਜੇ ਨੂੰ ਪੁਨਰ ਨਿਰਮਾਣ ਅਤੇ ਬੁਨਿਆਦੀ ਢਾਂਚੇ ਨੂੰ ਬਹਾਲ ਕਰਨ ਲਈ ਵਿਸਤ੍ਰਿਤ ਯੋਜਨਾਵਾਂ ਨਿਰਧਾਰਤ ਕਰਨ ਲਈ ਇੱਕ ਅੰਤਰਰਾਸ਼ਟਰੀ ਕਾਨਫਰੰਸ ਦੀ ਲੋੜ ਹੋਵੇਗੀ। ਆਖ਼ਰੀ ਪੜਾਅ ਵਿੱਚ ਰਿਹਾਇਸ਼ ਅਤੇ ਸੇਵਾਵਾਂ ਦੀ ਵਿਵਸਥਾ ਤੇ ਇਜ਼ਰਾਈਲ ਦੇ ਨਾਲ ਇੱਕ ਸੁਤੰਤਰ ਫਲਿਸਤੀਨ, ਦੋ-ਰਾਜ ਹੱਲ ਨੂੰ ਲਾਗੂ ਕਰਨ ਲਈ ਇੱਕ 'ਰਾਜਨੀਤਿਕ ਟ੍ਰੈਕ' ਦੀ ਸਥਾਪਨਾ ਨੂੰ ਦੇਖਿਆ ਜਾਵੇਗਾ।

ਖਾੜੀ ਮਾਮਲਿਆਂ ਤੋਂ ਜਾਣੂ ਇੱਕ ਅਰਬ ਡਿਪਲੋਮੈਟ ਅਨੁਸਾਰ, "ਮਿਸਰ ਦੀ ਯੋਜਨਾ ਦਾ ਸਾਹਮਣਾ ਕਰਨ ਵਾਲੀ ਸਭ ਤੋਂ ਵੱਡੀ ਚੁਣੌਤੀ ਇਹ ਹੈ ਕਿ ਇਸ ਨੂੰ ਕਿਵੇਂ ਵਿੱਤ ਦੇਣਾ ਹੈ। ਅਰਬ ਨੇਤਾਵਾਂ ਲਈ ਇੱਕ ਸਾਂਝੇ ਦ੍ਰਿਸ਼ਟੀਕੋਣ ਤੱਕ ਪਹੁੰਚ ਕੀਤੇ ਬਿਨਾ ਮਿਲਣਾ ਅਸੰਭਵ ਹੋਵੇਗਾ, ਪਰ ਮੁੱਖ ਗੱਲ ਇਸ ਦ੍ਰਿਸ਼ਟੀ ਦੀ ਸਮੱਗਰੀ ਅਤੇ ਇਸਨੂੰ ਲਾਗੂ ਕਰਨ ਦੀ ਯੋਗਤਾ ਵਿੱਚ ਹੈ।"

ਸੰਯੁਕਤ ਰਾਸ਼ਟਰ, ਯੂਰਪੀਅਨ ਯੂਨੀਅਨ ਅਤੇ ਵਿਸ਼ਵ ਬੈਂਕ ਦੁਆਰਾ ਹਾਲ ਹੀ ਵਿੱਚ ਕੀਤੇ ਗਏ ਮੁਲਾਂਕਣ ਅਨੁਸਾਰ, ਗਾਜ਼ਾ ਅਤੇ ਪੱਛਮੀ ਬੈਂਕ ਦੇ ਮੁੜ ਨਿਰਮਾਣ ਲਈ 50 ਬਿਲੀਅਨ ਡਾਲਰ ਤੋਂ ਵੱਧ ਦੀ ਲੋੜ ਹੋਵੇਗੀ। ਅੰਤ੍ਰਿਮ ਰੈਪਿਡ ਡੈਮੇਜ ਐਂਡ ਨੀਡਜ਼ ਅਸੈਸਮੈਂਟ ਅਨੁਸਾਰ ਅਗਲੇ ਦਸ ਸਾਲਾਂ ਵਿੱਚ ਰਿਕਵਰੀ ਅਤੇ ਪੁਨਰ ਨਿਰਮਾਣ ਲਈ 53.2 ਬਿਲੀਅਨ ਡਾਲਰ ਦੀ ਲੋੜ ਹੈ, ਪਹਿਲੇ ਤਿੰਨ ਵਿੱਚ 20 ਬਿਲੀਅਨ ਡਾਲਰ ਦੀ ਲੋੜ ਹੈ। ਇਜ਼ਰਾਈਲ ਦੇ ਵਿਦੇਸ਼ ਮੰਤਰੀ ਗਿਡੀਅਨ ਸਾਰ ਨੇ ਕਿਹਾ ਕਿ ਇਜ਼ਰਾਈਲ ਇਸ ਯੋਜਨਾ ਦਾ ਮੁਲਾਂਕਣ ਕਰਨ ਦੀ ਉਡੀਕ ਕਰ ਰਿਹਾ ਹੈ।

ਸ਼ਰਧਾਂਜਲੀ

ਮਨਮੋਹਨ ਸਿੰਘ ਦਾਊਂ
ਫੋਨ: +91-9815123900



# ਸਭਿਆਚਾਰ ਅਤੇ ਇਤਿਹਾਸ ਦਾ ਉੱਘਾ ਚਿੱਤਰਕਾਰ ਜਰਨੈਲ ਸਿੰਘ



ਆਪਣੀ ਇੱਕ ਕਲਾਕ੍ਰਿਤ ਨਾਲ ਚਿੱਤਰਕਾਰ ਜਰਨੈਲ ਸਿੰਘ

ਨਿਰਛਲ ਮੁਸਕਣੀ, ਸਿੱਖੀ ਦਿੱਖ, ਮਿਹਨਤ ਦੀ ਘਾਲਣਾ ਵਰਗਾ ਚਿਹਰੇ ਦਾ ਸੁਰਮਈ-ਰੰਗ, ਅੱਖਾਂ ਵਿੱਚ ਫੁਰਤੀ ਵਾਲੀ ਤੱਕਣੀ ਤੇ ਮੋਹ ਭਰੇ ਬੋਲਾਂ ਵਾਲਾ ਜਰਨੈਲ ਸਿੰਘ ਪੰਜਾਬੀ ਸਭਿਆਚਾਰ ਨੂੰ ਪੁਨਰ-ਸੁਰਜੀਤੀ ਦੇਣ ਵਾਲਾ ਚਰਚਿਤ ਚਿੱਤਰਕਾਰ ਸੀ। ਉਸ ਦੀ ਦੋਸਤੀ 'ਚ ਨਿੱਘ ਸੀ। ਉਹ ਗੱਲ-ਗੱਲ 'ਤੇ ਖਿੜਦਾ ਸੀ ਤੇ ਅੰਦਰੋਂ ਖਾਮੋਸ਼ੀ ਵਰਗੀ ਗੰਭੀਰਤਾ ਹੰਢਾਉਂਦਾ ਸੀ। ਉਹ ਕਲਾ ਦੇ ਗਹਿਰੇ ਆਲਮ ਨੂੰ ਪਕੜਨਾ ਜਾਣਦਾ ਸੀ। ਉਹ ਰੰਗ, ਬੁਰਸ਼ ਤੇ ਪੈਨਸਿਲ ਦੀਆਂ ਰੇਖਾਵਾਂ ਨਾਲ ਇਤਿਹਾਸ ਅਤੇ ਸਭਿਆਚਾਰ ਨੂੰ ਸਥਾਈ ਬਿੰਬਾਂ ਰਾਹੀਂ ਸਾਰਥਿਕ ਰੂਪ ਪ੍ਰਦਾਨ ਕਰਨ ਦੀ ਕੋਸ਼ਿਸ਼ 'ਚ ਲੱਗਿਆ ਰਹਿੰਦਾ ਸੀ। ਉਸ ਦੀ ਮੰਜ਼ਿਲ ਦਾ ਪੈਂਡਾ ਮੁਢਲੇ ਪੜਾਅ ਕਰਕੇ, ਅਨੰਤਤਾ ਦੀ ਸੀਮਾ ਪਾਰ ਕਰਨ 'ਚ ਕਾਰਜਸ਼ੀਲ ਰਿਹਾ, ਇਸੇ ਕਰਕੇ ਉਸ ਦੀ ਕਲਾ ਦੀ ਪ੍ਰਸਿੱਧੀ ਪੰਜਾਬ ਤੋਂ ਤੁਰ ਕੇ ਅੰਤਰ-ਰਾਸ਼ਟਰੀ ਉਸਤਤ ਬਣ ਗਈ। ਚਿੱਤਰ-ਕਲਾ ਰਾਹੀਂ ਫੁਲਕਾਰੀ ਵਿਰਸੇ ਨੂੰ ਸੰਭਾਲਣਾ, ਉਸ ਦੀ ਚੇਟਕ ਰਹੀ ਤੇ ਸਿੱਖ ਇਤਿਹਾਸ ਨੂੰ ਵਰਤਮਾਨ ਤੋਂ ਗੁਆਹੀ ਭਰਾਉਣੀ ਉਸ ਦਾ ਸਿਰੜ ਸੀ। ਉਹ ਅਲੋਪ ਹੋ ਰਹੇ ਪੇਂਡੂ ਸਭਿਆਚਾਰ ਨੂੰ ਇੰਝ ਚਿੱਤਰਦਾ ਸੀ ਕਿ ਉਸ ਦੀਆਂ ਪੇਂਟਿੰਗਾਂ 'ਚੋਂ ਪੰਜਾਬ ਦੀ ਮਿੱਟੀ ਦੀ ਮਹਿਕ ਆਉਂਦੀ ਸੀ।


ਜਰਨੈਲ ਸਿੰਘ ਦੇ ਪਿਤਾ ਸ਼੍ਰੋਮਣੀ ਚਿੱਤਰਕਾਰ ਸ. ਕਿਰਪਾਲ ਸਿੰਘ ਨੇ ਸਿੱਖ ਇਤਿਹਾਸ ਨੂੰ ਵੱਡੇ-ਵੱਡੇ ਕੈਨਵਸਾਂ ਰਾਹੀਂ ਚਿੱਤਰ ਕੇ ਸਾਂਭਿਆ, ਜਿਸ ਤੋਂ ਪ੍ਰਭਾਵਿਤ ਹੋ ਕੇ ਉਸ ਨੇ ਆਪਣੇ ਪਿਤਾ ਦੀ ਕਲਾ-ਵਿਰਾਸਤ ਨੂੰ ਬੁਲੰਦੀਆਂ 'ਤੇ ਲੈ ਜਾ ਕੇ ਜੱਗ-ਜਾਹਰ ਮਹਿਮਾ ਖੱਟੀ। ਵਡੇਰੀ ਖੁਸ਼ਕਿਸਮਤੀ ਇਹ ਕਿ ਉਸ ਦੀ ਜੀਵਨ-ਸਾਥਣ ਬਲਜੀਤ ਕੌਰ ਫੁਲਕਾਰੀ ਦੀ ਸੰਜੋਗਣ ਉਸ ਦੀ ਰੰਗ-ਕਲਾ ਦਾ ਮਨ-ਪਸੰਦ ਸੁਮੇਲ ਬਣ ਗਈ। ਉਸ ਦੇ ਨਕਸ਼ਾਂ ਦੀ ਨੁਹਾਰ ਅਛੋਪਲੇ ਹੀ ਉਸ ਦੇ ਚਿੱਤਰਾਂ 'ਚ ਸਮਾਈ ਹੁੰਦੀ ਹੈ। ਜਰਨੈਲ ਸਿੰਘ ਦਾ ਜਨਮ ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ 'ਚ ਹੋਇਆ ਸੀ। ਸ. ਕਿਰਪਾਲ ਸਿੰਘ ਨੂੰ ਡਾ. ਐਮ.ਐਸ. ਰੰਧਾਵਾ ਨੇ ਚੰਡੀਗੜ੍ਹ ਵੱਡੀ ਥਾਂ ਦੇ ਕੇ ਚੰਡੀਗੜ੍ਹ ਸਟੂਡੀਓ ਸਥਾਪਤ ਕਰਵਾਇਆ। ਵਿਦਿਆਰਥੀ ਜੀਵਨ ਜਰਨੈਲ ਸਿੰਘ ਨੇ ਚੰਡੀਗੜ੍ਹ ਰਹਿੰਦਿਆਂ ਗੁਜ਼ਾਰਿਆ ਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਵਿਦਿਆਰਥੀ ਰਿਹਾ। ਚੰਡੀਗੜ੍ਹ ਰਹਿੰਦਿਆਂ, ਉਸ ਦੀ ਕਲਾ ਖੂਬ ਚਮਕੀ। ਪ੍ਰਦਰਸ਼ਨੀਆਂ ਲੱਗਣ ਲੱਗੀਆਂ ਤੇ ਫੁਲਕਾਰੀ ਵਾਲਾ ਜਰਨੈਲ ਸਿੰਘ ਬਣ ਗਿਆ। ਉਸ ਦੀ ਚਿੱਤਰਕਾਰੀ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ:

**(ੳ) ਪੰਜਾਬੀ ਸਭਿਆਚਾਰ:** ਜਿਸ 'ਚ ਦੁੱਧ ਰਿੜਕਦੀ ਸੁਆਣੀ, ਘੁੰਡ ਚੁਕਾਈ, ਵਿਆਹੁਲੀ ਦਾ ਸਵਾਗਤ, ਵਾਲ ਕੰਘੀ ਕਰਦੀਆਂ ਮੁਟਿਆਰਾਂ, ਚਰਖਾ ਕੱਤਦੀ, ਤ੍ਰਿੰਝਣ, ਭੱਤਾ ਲੈ ਕੇ ਜਾਂਦੀ ਨੱਢੀ, ਕਪਾਹ ਚੁਗਦੀਆਂ ਤ੍ਰੀਮਤਾਂ, ਭਠਿਆਰਨ, ਢਾਡੀ ਜੱਥਾ, ਖੂਹ 'ਤੇ ਪਾਣੀ ਭਰਦੀਆਂ, ਗਿੱਧਾ ਪਾਉਂਦੀਆਂ, ਪੀਂਘ ਝੂਟਦੀਆਂ ਮੁਟਿਆਰਾਂ, ਅਲਗੋਜ਼ੇ ਵਜਾਉਂਦੇ ਗੱਭਰੂ ਆਦਿ ਜ਼ਿਕਰਯੋਗ ਚਿੱਤਰ ਹਨ। ਉਸ ਦੀ ਕਲਾ ਦਾ ਸੁਹੱਪਣ ਤੇ ਸ਼ਿੰਗਾਰ-ਰੰਗ ਉਸ ਦੇ ਫੁਲਕਾਰੀ ਚਿੱਤਰਾਂ 'ਚੋਂ ਮਾਣਿਆ ਜਾ ਸਕਦਾ ਹੈ। ਪੇਂਡੂ ਸਭਿਆਚਾਰ ਦੀ ਮਿਠਾਸ ਨੂੰ ਯਾਦ ਕਰਾਉਂਦੇ ਹਨ ਜਿਵੇਂ ਕੰਧਾਂ ਦੇ ਆਲੇ, ਆਲੀਆਂ, ਓਟੀਏ, ਪੌੜੀਆਂ, ਬੋਹੀਏ, ਪਾਂਡੂ ਰੰਗੀਆਂ ਕੰਧਾਂ ਖਿੜਕੀਆਂ ਬੂਹੇ ਆਦਿ ਵੇਖ ਕੇ ਦਰਸ਼ਕ ਪੇਂਡੂ ਸਭਿਆਚਾਰ 'ਚ ਗੁਆਚ ਜਾਂਦਾ। ਉਸ ਦਾ ਕਥਨ ਸੀ, "ਕਲਾਕਾਰ ਨੂੰ ਸੋਚ ਕੇ ਤੇ ਸੰਕੋਚ ਕੇ ਕੰਮ ਕਰਨ ਦੀ ਲੋੜ ਹੁੰਦੀ ਤਾਂ ਜੋ ਉਸ ਦੇ ਸਿਰਜੇ ਪਾਤਰ ਲੋਕਾਂ ਨੂੰ ਸਹੀ ਪ੍ਰਭਾਵ ਦੇ ਸਕਣ। ਇਹ ਨਾ ਹੋਵੇ ਕਿ ਸਾਡਾ ਸਭਿਆਚਾਰ ਗ਼ਲਤ ਧਾਰਨਾਵਾਂ ਦਾ ਮੁਥਾਜ ਬਣ ਕੇ ਰਹਿ ਜਾਵੇ।"

**(ਅ) ਦੂਜੀ ਸ਼੍ਰੇਣੀ ਵਿੱਚ ਉਸ ਦੇ ਸਿੱਖ-ਇਤਿਹਾਸ ਨਾਲ ਸਬੰਧਿਤ ਚਿੱਤਰ ਆਉਂਦੇ ਹਨ,** ਜਿਨ੍ਹਾਂ 'ਚ ਉਸ ਦੇ ਚਿੱਤਰਕਾਰ ਪਿਤਾ ਦਾ ਪ੍ਰਭਾਵ ਵਿਦਮਾਨ ਹੋਇਆ ਨਜ਼ਰ ਆਉਂਦਾ ਹੈ। ਇਹ ਚਿੱਤਰ ਉਸ ਦੀ ਘਾਲਣਾ ਦੀ ਸਿਖਰ ਦਾ ਪ੍ਰਮਾਣ ਦਿੰਦੇ ਹਨ, ਜਿਨ੍ਹਾਂ 'ਚ ਮਹਾਰਾਜਾ ਰਣਜੀਤ ਸਿੰਘ ਦਾ ਹਾਥੀ 'ਤੇ ਸ਼ਹਿਨਸ਼ਾਹੀ ਜਲੌਅ, ਸਿੱਖਾਂ ਦਾ ਸਰਹਿੰਦ ਉੱਤੇ ਹਮਲਾ, ਮਹਾਰਾਜਾ ਰਣਜੀਤ ਸਿੰਘ ਦੀ ਲਾਰਡ ਵਿਲੀਅਮ ਬੈਂਟਿੰਗ ਨਾਲ 1831 'ਚ ਇਤਿਹਾਸਕ ਮਿਲਣੀ, ਗੁਰੂ ਗੋਬਿੰਦ ਸਿੰਘ ਜੀ ਦਾ ਬਾਦਸ਼ਾਹੀ ਦਰਵੇਸ਼ੀ ਰੂਪ, ਚਮਕੌਰ ਦੀ ਲੜਾਈ 'ਚ ਬਾਬਾ ਅਜੀਤ ਸਿੰਘ ਦਾ ਬਰਛਾਧਾਰੀ ਦ੍ਰਿਸ਼, ਗੁਰੂ ਹਰਗੋਬਿੰਦ ਜੀ ਦਾ ਪੈਂਧੇ ਖਾਂ ਦਾ ਹੰਕਾਰ ਤੋੜਨਾ, ਮਹਾਰਾਣੀ ਜਿੰਦਾਂ ਤੇ ਕੰਵਰ ਦਲੀਪ ਸਿੰਘ ਦਾ ਮੇਲ, ਘੋੜੇ 'ਤੇ ਹਰੀ ਸਿੰਘ ਨਲੂਆ, ਗੁਰੂ ਗੋਬਿੰਦ ਸਿੰਘ ਦਾ ਮੁਕਤਸਰ ਰਣ-ਖੇਤਰ 'ਚ ਬੇਦਾਵਾ ਪਾੜਨਾ ਆਦਿ ਸਲਾਹੁਣਯੋਗ ਹਨ। ਇਨ੍ਹਾਂ ਚਿੱਤਰਾਂ 'ਚ ਜਰਨੈਲ ਸਿੰਘ ਨੇ ਸਿੱਖ-ਇਤਿਹਾਸ ਦੇ ਭਿੰਨ-ਭਿੰਨ ਦ੍ਰਿਸ਼ਾਂ ਨੂੰ ਵੱਖਰੇ-ਵੱਖਰੇ ਚਿੱਤਰਾਂ 'ਚ ਸਮੋ ਕੇ ਤੇ ਸੀਮਾ ਦੀਆਂ ਪਾਬੰਦੀਆਂ 'ਚ ਰਹਿ ਕੇ ਕਠਿਨ ਵਿਸ਼ਿਆਂ ਨੂੰ ਚੁਣਿਆ ਹੈ। ਸੱਚ-ਮੁੱਚ ਇਹ ਕੰਮ ਉਸ ਦੇ ਲਹੂ ਦੀ ਅਣਖ ਦਾ ਸੁਭਾਅ ਪੇਸ਼ ਕਰਦੇ ਹਨ।

**(ੲ) ਤੀਜੀ ਸ਼੍ਰੇਣੀ 'ਚ ਉਸ ਦੀ ਪੋਟ੍ਰੇਟ-ਕਲਾ ਹੈ,** ਜਿਸ ਵਿੱਚ ਪ੍ਰੋ. ਮੋਹਨ ਸਿੰਘ, ਪ੍ਰਿੰ. ਸੰਤ ਸਿੰਘ ਸੇਖੋਂ, ਕੰਵਰ ਦਲੀਪ ਸਿੰਘ, ਬਾਬਾ ਖੇਮ ਸਿੰਘ ਬੇਦੀ, ਬਾਬਾ ਸੋਹਨ ਸਿੰਘ ਭਕਨਾ, ਜੱਸਾ ਸਿੰਘ ਰਾਮਗੜ੍ਹੀਆ, ਅਕਾਲੀ ਫੂਲਾ ਸਿੰਘ ਆਦਿ ਬਹੁਤ ਮਾਰਮਿਕ ਨਮੂਨੇ ਹਨ। ਫੋਟੋਗਰਾਫੀ ਨਾਲੋ ਪੋਟ੍ਰੇਟ ਨੂੰ ਜਿਉਂਦੀ ਧੜਕਣ ਦਾ ਅਹਿਸਾਸ ਦੇਣਾ ਤੇ ਰੰਗਾਂ 'ਚ ਬੋਲ ਪਾਉਣ ਦੇ ਹੁਨਰ 'ਚ ਉਹ ਬਹੁਤ ਨੇੜੇ ਗਿਆ ਜਾਪਦਾ ਹੈ। ਬਚਪਨ 'ਚ ਜਦੋਂ ਉਹ ਸੱਤਵੀਂ 'ਚ ਪੜ੍ਹਦਾ ਸੀ ਤਾਂ ਮਾਡਰਨ ਸਾਹਿਤ ਅਕਾਦਮੀ ਅੰਮ੍ਰਿਤਸਰ ਨੇ ਉਸ ਦੀ ਬਾਲ-ਕ੍ਰਿਤ ਨੂੰ ਇਨਾਮ ਦਿੱਤਾ ਸੀ। 1964-65 'ਚ ਜਦੋਂ ਚਿੱਤਰਕਾਰ ਸੋਭਾ ਸਿੰਘ ਉਨ੍ਹਾਂ ਦੇ ਪਿਤਾ ਨੂੰ ਮਿਲਣ ਆਇਆ ਤਾਂ ਬਾਲ-ਮਨ ਦੀਆਂ ਚਿੱਤਰ-ਰੇਖਾਵਾਂ ਨੂੰ ਵੇਖ ਕੇ ਜਰਨੈਲ ਸਿੰਘ ਦੀ ਤਲੀ 'ਤੇ ਪੰਜਾਹ ਪੈਸੇ ਦਾ ਸਿੱਕਾ ਰੱਖ ਕੇ ਕਲਾ ਦੀ ਗੁੜ੍ਹਤੀ ਨੂੰ ਹੁਨਰੀ ਅਸੀਸ ਪ੍ਰਦਾਨ ਕੀਤੀ। ਉਦੋਂ ਉਸ ਦੀ ਇੱਕ ਪੇਂਟਿੰਗ ਦਸ ਰੁਪਏ 'ਚ ਖਰੀਦੀ ਗਈ ਸੀ।

ਪਿਛਲੇ ਕੁਝ ਸਾਲਾਂ ਤੋਂ ਜਰਨੈਲ ਸਿੰਘ ਪਰਿਵਾਰ ਸਮੇਤ ਵਿਦੇਸ਼ ਚਲਾ ਗਿਆ ਤੇ ਆਪਣੀ ਕਲਾ ਦੇ ਅਗੇਰੇ ਪੰਧ 'ਤੇ ਤੁਰਦਿਆਂ ਹੱਦਾਂ-ਸਰਹੱਦਾਂ ਨੂੰ ਪਾਰ ਕਰ ਗਿਆ। ਸਾਲ 2000 'ਚ ਕੈਨੇਡਾ ਦੇ ਸਰੀ ਸ਼ਹਿਰ ਉਸ ਨੇ ਵਾਸਾ ਕਰ ਲਿਆ। ਉਹ ਪੰਜਾਬੀ ਪ੍ਰੈੱਸ ਕਲੱਬ ਆਫ ਬੀ.ਸੀ. ਦੇ ਮੁੱਢਲੇ ਮੈਂਬਰਾਂ ਵਿੱਚੋਂ ਸੀ ਅਤੇ ਇਸ ਦਾ ਪ੍ਰਧਾਨ ਵੀ ਰਿਹਾ। ਅੱਜ ਕੱਲ੍ਹ ਉਹ ਇਸ ਕਲੱਬ ਦਾ ਜਨਰਲ ਸਕੱਤਰ ਵੀ ਸੀ। ਇਸ ਤੋਂ ਬਿਨਾਂ ਉਹ ਪੰਜਾਬੀ ਲੇਖਕ ਮੰਚ ਵੈਨਕੂਵਰ ਵਿਚਾਰ-ਮੰਚ ਸਮੇਤ ਕਈ-ਸਾਹਿਤਕ ਸੰਸਥਾਵਾਂ ਦੀ ਵੀ ਅਗਵਾਈ ਕਰਦਾ ਰਿਹਾ।



ਜਰਨੈਲ ਸਿੰਘ ਦੀ ਇੱਕ ਹੋਰ ਕ੍ਰਿਤ

ਚਿੱਤਰਕਾਰ ਜਰਨੈਲ ਸਿੰਘ ਨੇ ਸਿੱਖ-ਇਤਿਹਾਸ ਤੇ ਪੰਜਾਬੀ ਸਭਿਆਚਾਰ ਨਾਲ ਸਬੰਧਿਤ ਅਨੇਕਾਂ ਚਿੱਤਰ ਬਣਾਏ। ਉਸ ਨੇ ਸਰੀ ਦੇ ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰੇ ਵਿਖੇ ਗਦਰੀ ਬਾਬਿਆਂ ਦੀਆਂ ਯਾਦਗਾਰੀ ਤਸਵੀਰਾਂ ਵੀ ਬਣਾਈਆਂ, ਜੋ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਥਿਤ ਅਜਾਇਬ ਘਰ 'ਚ ਸਸ਼ੋਭਿਤ ਹਨ। ਉਸ ਦੀਆਂ ਕਾਮਾਗਾਟਾ ਮਾਰੂ ਜਹਾਜ਼ ਸਬੰਧੀ ਬਣਾਈਆਂ ਪੇਂਟਿੰਗਾਂ ਦੀ ਕੈਨੇਡਾ ਵਿੱਚ ਥਾਂ-ਥਾਂ ਪ੍ਰਦਰਸ਼ਨੀ ਲੱਗੀ ਤੇ ਹੱਦੋਂ ਵੱਧ ਸਤਿਕਾਰ ਤੇ ਸਨਮਾਨ ਮਿਲਿਆ। ਇਸ ਤੋਂ ਬਿਨਾ ਉਸ ਨੇ 'ਏ ਜਰਨੀ ਵਿੱਦ ਦਾ ਐਂਡਲੈੱਸ ਆਈ', 'ਵਿਸ਼ਵ ਦੇ ਪ੍ਰਸਿੱਧ ਚਿੱਤਰਕਾਰ: ਸ਼ਾਹਕਾਰ' ਅਤੇ 'ਪੰਜਾਬੀ ਪੇਂਟਿੰਗਜ਼' ਆਦਿ ਪੁਸਤਕਾਂ ਵੀ ਲਿਖੀਆਂ। ਉਸ ਨੂੰ ਕੈਨੇਡਾ ਸਰਕਾਰ ਵੱਲੋਂ 'ਕੁਈਨ ਅਲੈਜ਼ਾਬਿਥ ਡਾਇਮੰਡ ਜੁਬਲੀ ਮੈਡਲ' ਨਾਲ ਵੀ ਸਨਮਾਨਿਤ ਕੀਤਾ ਗਿਆ।

ਪਿਛਲੇ ਕੁਝ ਸਮੇਂ ਤੋਂ ਜਰਨੈਲ ਸਿੰਘ ਚੰਡੀਗੜ੍ਹ ਵਿਖੇ ਪ੍ਰਾਈਵੇਟ ਹਸਪਤਾਲ 'ਚ ਜੇਰੇ ਇਲਾਜ ਸੀ। ਦਸ ਫਰਵਰੀ 2025 ਨੂੰ ਉਹ ਦਿਲ ਦੇ ਮਾਰੂ ਦੌਰੇ ਕਾਰਨ ਇਸ ਫਾਨੀ ਦੁਨੀਆ ਨੂੰ ਅਲਵਿਦਾ ਕਹਿ ਗਿਆ। ਉਹ ਆਪਣੇ ਅਦੁੱਤੀ ਚਿੱਤਰਾਂ ਰਾਹੀਂ ਲੋਕਾਂ ਦੇ ਦਿਲਾਂ 'ਚ ਵਸਦਾ ਰਹੇਗਾ। ਚਿੱਤਰ-ਕਲਾ ਦੇ ਖੇਤਰ ਵਿੱਚ ਉਸ ਦਾ ਘਾਟਾ ਅਪੂਰਨ ਰਹੇਗਾ।

## ਅਵਾਰਡ ਅਤੇ ਸਨਮਾਨ

*ਸਿਟੀ ਆਫ਼ ਸਰੀ 2008 ਕਲਚਰਲ ਕੈਪੀਟਲ ਆਫ਼ ਕੈਨੇਡਾ ਪ੍ਰੋਜੈਕਟ ਦੁਆਰਾ 'ਸਰੀ ਸਿਵਿਕ ਟ੍ਰੇਜ਼ਰ' ਅਵਾਰਡ
*ਪਰਵਾਸੀ ਮੀਡੀਆ ਗਰੁੱਪ ਟੋਰਾਂਟੋ ਕੈਨੇਡਾ ਵੱਲੋਂ 2008 ਵਿੱਚ ਉੱਤਮ ਕਲਾਕਾਰ ਅਵਾਰਡ ਆਫ਼ ਆਨਰ
*ਫਰੇਜ਼ਰ ਡਾਊਨ ਰੇਸ ਟ੍ਰੈਕ ਆਰਟ ਸ਼ੋਅ ਸਰੀ ਬੀ.ਸੀ. 2006 ਵਿੱਚ ਦੂਜਾ ਇਨਾਮ ਜਿੱਤਿਆ
*ਸਰੀ ਸਿਟੀ ਕੌਂਸਲ 2003 ਦਾ 10ਵਾਂ ਜਨਮਦਿਨ ਬੈਨਰ ਡਿਜ਼ਾਈਨ ਮੁਕਾਬਲਾ ਜਿੱਤਿਆ
*ਕੈਨੇਡੀਅਨ ਇੰਸਟੀਚਿਊਟ ਆਫ਼ ਪੋਰਟ੍ਰੇਟ ਆਰਟਿਸਟਸ 2002 ਵਿੱਚ ਪਹਿਲੀ ਸਲਾਈਡ ਮੁਕਾਬਲੇ ਵਿੱਚ ਡੈਨੀਅਲ ਪੀ ਇਜ਼ਾਰਡ ਮੈਡਲ
*ਸਰੀ ਬੋਰਡ ਆਫ਼ ਟ੍ਰੇਡ ਬੀ.ਸੀ. ਕੈਨੇਡਾ ਵੱਲੋਂ ਸਰਬੋਤਮ ਨਵੇਂ ਉੱਦਮੀ ਸ਼੍ਰੇਣੀ ਬਿਜ਼ਨਸ ਐਕਸੀਲੈਂਸ ਅਵਾਰਡ 2002 ਅਤੇ 2003 ਲਈ ਫਾਈਨਲਿਸਟ
*ਮੇਲਾ ਗ਼ਦਰੀ ਬਾਬੀਆਂ ਦਾ, ਸਰੀ ਬੀ.ਸੀ., ਕੈਨੇਡਾ 2002 ਦੁਆਰਾ ਸਨਮਾਨਿਤ
*ਅਚੀਵਰ ਅਵਾਰਡ ਇਨ ਦ ਆਰਟਸ, ਇੰਟਰਨੈਸ਼ਨਲ ਪੰਜਾਬੀ ਚੈਂਬਰ ਆਫ ਕਾਮਰਸ, ਟੋਰਾਂਟੋ, 2001
*1998 ਵਿੱਚ ਮਹਾਰਾਜਾ ਦਲੀਪ ਸਿੰਘ ਟਰੱਸਟ ਯੂ.ਕੇ. ਵੱਲੋਂ ਸਨਮਾਨਿਤ ਕੀਤਾ ਗਿਆ
*ਇੰਡੋ-ਕੈਨੇਡੀਅਨ ਕਲਚਰਲ ਐਸੋਸੀਏਸ਼ਨ, ਕੈਨੇਡਾ ਵੱਲੋਂ ਸਾਲ 1998 ਦਾ ਕਲਾਕਾਰ ਅਵਾਰਡ
*ਸੈਂਟਰਲ ਐਸੋਸੀਏਸ਼ਨ ਆਫ ਪੰਜਾਬੀ ਰਾਈਟਰਸ ਆਫ ਨਾਰਥ ਅਮਰੀਕਾ ਦੁਆਰਾ ਸਨਮਾਨ ਦਾ ਪੁਰਸਕਾਰ (1995)
*ਪੰਜਾਬੀ ਸੱਥ ਲਾਂਬੜਾਂ ਜਲੰਧਰ, ਪੰਜਾਬ ਵੱਲੋਂ ਡਾ. ਐਮ.ਐਸ. ਰੰਧਾਵਾ ਅਵਾਰਡ (1995)
*ਡਾ. ਰਵਿੰਦਰ ਰਵੀ ਮੈਮੋਰੀਅਲ ਅਵਾਰਡ (ਭਾਰਤ, 1993)
*ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਇੰਡੀਆ ਵੱਲੋਂ ਸਰਦਾਰ ਸੋਭਾ ਸਿੰਘ ਯਾਦਗਾਰੀ ਪੁਰਸਕਾਰ (1991)
*ਅੰਤਰਰਾਸ਼ਟਰੀ ਪੰਜਾਬੀ ਸਾਹਿਤ ਸਭਾ ਲੰਡਨ ਵੱਲੋਂ 1992 ਵਿੱਚ ਸਨਮਾਨਿਤ ਕੀਤਾ ਗਿਆ
*ਸਭਿਆਚਾਰਕ ਮੰਚ (ਭਾਰਤ, 1989) ਦੁਆਰਾ ਸਨਮਾਨ ਦਾ ਪੁਰਸਕਾਰ
*ਸੋਭਾ ਸਿੰਘ ਮੈਮੋਰੀਅਲ ਫਾਊਂਡੇਸ਼ਨ ਇੰਡੀਆ ਵੱਲੋਂ ਸਰਦਾਰ ਸੋਭਾ ਸਿੰਘ ਐਵਾਰਡ
*ਪੰਜਾਬ ਲਲਿਤ ਕਲਾ ਅਕੈਡਮੀ ਅਵਾਰਡ (1979 ਅਤੇ 1980)
*ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪੁਸਤਕਾਂ 'ਚ ਜੀਵਨੀ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਲਈ ਪੰਜਾਬੀ ਦਾ ਬੈਚਲਰ ਆਫ਼ ਆਰਟਸ ਪਾਠਕ੍ਰਮ

# ਜਾਰਜੀਆ ਵਿਖੇ ਅਨੇਕਾਂ ਦੁਸ਼ਵਾਰੀਆਂ ਦੇ ਰੂਬਰੂ ਹਨ ਪੰਜਾਬੀ

ਬੋਲਦੇ ਪੰਨੇ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ
ਫੋਨ:+91-9781646008



*ਪੰਜਾਬੀਆਂ ਨੇ ਦੇਸ਼-ਵਿਦੇਸ਼ ਵਿੱਚ ਮੱਲਾਂ ਮਾਰ ਕੇ ਪੰਜਾਬੀਅਤ ਦਾ ਲੋਹਾ ਸੰਸਾਰ ਭਰ 'ਚ ਮੰਨਵਾਇਆ ਹੈ। ਜਿੱਥੇ ਵੀ ਗਏ, ਉੱਥੇ ਹੀ ਸਾਂਝ ਸਥਾਪਤ ਕੀਤੀ; ਪਰ ਜਾਰਜੀਆ ਵਿੱਚ ਸਥਾਨਕ ਬੋਲੀ ਸਮਝਣ ਦੀ ਘਾਟ ਅਤੇ ਆਪਣੇ ਪੰਜਾਬੀ ਵੇਸ, ਖ਼ਾਸ ਕਰਕੇ ਖੁੱਲ੍ਹੇ ਦਾਹੜੇ ਤੇ ਸਿਰ 'ਤੇ ਸਜਾਈ ਦਸਤਾਰ ਕਰਕੇ ਕਈ ਤਰ੍ਹਾਂ ਦੀਆਂ ਦੁਸ਼ਵਾਰੀਆਂ ਦਾ ਅਕਸਰ ਹੀ ਸਾਹਮਣਾ ਕਰਨਾ ਪਿਆ ਹੈ। ਉਂਜ ਜਾਰਜੀਆ ਵੱਸਣ ਵਾਲੇ ਪੰਜਾਬੀ ਦੋ ਗੱਲਾਂ ਤੋਂ ਬਹੁਤ ਖੁਸ਼ ਵੀ ਹਨ- ਪਹਿਲੀ, ਜਾਰਜੀਆ 'ਜੁਰਮ ਮੁਕਤ' ਮੁਲਕ ਹੈ; ਤੇ ਦੂਜੀ, ਇੱਥੇ ਸਾਰੀਆਂ ਜ਼ਮੀਨਾਂ ਦਾ ਰਿਕਾਰਡ 'ਆਨਲਾਈਨ' ਹੈ, ਜਿਸ ਕਰਕੇ ਜ਼ਮੀਨ ਦੀ ਮਾਲਕੀ ਸਬੰਧੀ ਝਗੜਿਆਂ ਦੀ ਕੋਈ ਗੁੰਜਾਇਸ਼ ਨਹੀਂ ਹੈ। ਪੇਸ਼ ਹੈ, ਜਾਰਜੀਆ ਦੇ ਪੰਜਾਬੀਆਂ ਦਾ ਸੰਖੇਪ ਵੇਰਵਾ...*

ਵੱਖ-ਵੱਖ ਵਿਦੇਸ਼ੀ ਮੁਲਕਾਂ ਦੀ ਧਰਤ 'ਤੇ ਜਾ ਕੇ ਵੱਸਣ ਵਾਲੇ ਬਹੁਤੇ ਪੰਜਾਬੀਆਂ ਨੂੰ ਸਬੰਧਿਤ ਮੁਲਕ ਦੀ ਸਥਾਨਕ ਬੋਲੀ ਸਮਝਣ ਦੀ ਘਾਟ ਅਤੇ ਆਪਣੇ ਪੰਜਾਬੀ ਵੇਸ, ਖ਼ਾਸ ਕਰਕੇ ਖੁੱਲ੍ਹੇ ਦਾਹੜੇ ਤੇ ਸਿਰ 'ਤੇ ਸਜਾਈ ਦਸਤਾਰ ਕਰਕੇ ਕਈ ਤਰ੍ਹਾਂ ਦੀਆਂ ਦੁਸ਼ਵਾਰੀਆਂ ਦਾ ਅਕਸਰ ਹੀ ਸਾਹਮਣਾ ਕਰਨਾ ਪਿਆ ਹੈ। ਜਾਰਜੀਆ ਵੀ ਅਜਿਹਾ ਹੀ ਇੱਕ ਮੁਲਕ ਹੈ, ਜਿੱਥੇ ਜਾਣ ਵਾਲੇ ਪੰਜਾਬੀਆਂ ਨੂੰ ਉਕਤ ਦੋਵਾਂ ਹੀ ਸਮੱਸਿਆਵਾਂ ਨਾਲ ਦੋ-ਚਾਰ ਹੋਣਾ ਪਿਆ ਹੈ ਤੇ ਭਾਰੀ ਪ੍ਰੇਸ਼ਾਨੀ ਸਹਿਣ ਕਰਨੀ ਪਈ ਹੈ।

ਪੂਰਬੀ ਯੂਰਪ ਅਤੇ ਪੱਛਮੀ ਏਸ਼ੀਆਈ ਖਿੱਤੇ ਵਿੱਚ ਸਥਿਤ ਮੁਲਕ 'ਜਾਰਜੀਆ' ਦਾ ਕੁੱਲ ਰਕਬਾ 69,700 ਵਰਗ ਕਿਲੋਮੀਟਰ ਹੈ ਤੇ ਇੱਥੋਂ ਦੀ ਕੁੱਲ ਜਨਸੰਖਿਆ 31 ਲੱਖ ਦੇ ਕਰੀਬ ਹੈ। ਇਸਦੀ ਰਾਜਧਾਨੀ ਦਾ ਨਾਂ ਤਬਿਲੀਸੀ ਹੈ, ਜੋ ਕਿ ਇਸ ਮੁਲਕ ਦਾ ਸਭ ਤੋਂ ਵੱਡਾ ਸ਼ਹਿਰ ਹੈ ਤੇ ਜਿੱਥੇ ਇਸ ਸਮੁੱਚੇ ਮੁਲਕ ਦੀ ਇੱਕ ਤਿਹਾਈ ਆਬਾਦੀ ਸਮਾਈ ਹੋਈ ਹੈ। ਇਹ ਸ਼ਹਿਰ 12ਵੀਂ ਸਦੀ ਨਾਲ ਜੁੜੀਆਂ ਇਤਿਹਾਸਕ ਗੁਫ਼ਾਵਾਂ ਦੀ ਵਿਰਾਸਤ ਨੂੰ ਸਾਂਭ ਕੇ ਰੱਖਣ ਵਾਲਾ ਇੱਕ ਵਿਰਾਸਤੀ ਸ਼ਹਿਰ ਹੈ, ਜਿਸਦੇ ਪੁਰਾਣੇ ਭਾਗ ਵਿੱਚ ਅੱਜ ਵੀ ਪ੍ਰਾਚੀਨ ਪੱਥਰ ਦੀਆਂ ਬਣੀਆਂ ਗਲੀਆਂ ਮੌਜੂਦ ਹਨ। ਭੂਗੋਲਿਕ ਪੱਖੋਂ ਇਸ ਦੇਸ਼ ਨੂੰ ਉੱਤਰ ਵਿੱਚ ਰੂਸ, ਦੱਖਣ-ਪੱਛਮ ਵਿੱਚ ਤੁਰਕੀ, ਦੱਖਣ ਵਿੱਚ ਆਰਮੀਨੀਆ ਅਤੇ ਦੱਖਣ-ਪੂਰਬ ਵਿੱਚ ਅਜ਼ਰਾਬਾਈਜਾਨ ਦੀਆਂ ਸਰਹੱਦਾਂ ਛੂੰਹਦੀਆਂ ਹਨ। ਇਤਿਹਾਸਕ ਪੱਖੋਂ ਇਹ ਮੁਲਕ ਕਿਸੇ ਵਕਤ ਸੋਵੀਅਤ ਸੰਘ ਦਾ ਹਿੱਸਾ ਵੀ ਰਿਹਾ ਸੀ। ਜਾਰਜੀਆ ਦੀ ਸਰਕਾਰ ਦੇ ਵਰਤਮਾਨ ਮੁਖੀ ਉਥੋਂ ਦੇ ਪ੍ਰਧਾਨ ਮੰਤਰੀ ਇਰਾਕਲੀ ਕੋਬਾਖ਼ਿਜ਼ੇ ਹਨ।

ਜਾਰਜੀਆ ਦੇ ਭਾਰਤ ਨਾਲ ਕਾਫ਼ੀ ਮਿੱਤਰਤਾਪੂਰਨ ਸਬੰਧ ਰਹੇ ਹਨ ਤੇ ਮੰਨਿਆ ਜਾਂਦਾ ਹੈ ਕਿ ਭਾਰਤ ਦੇ ਮਸ਼ਹੂਰ ਗ੍ਰੰਥ 'ਪੰਚਤੰਤਰ' ਵਿਚਲੀਆਂ ਗਿਆਨ ਕਥਾਵਾਂ ਨੇ ਜਾਰਜੀਆ ਦੀਆਂ ਲੋਕ ਕਥਾਵਾਂ 'ਤੇ ਡੂੰਘਾ ਪ੍ਰਭਾਵ ਪਾਇਆ ਸੀ। ਮੱਧ ਕਾਲ ਦੌਰਾਨ ਜਾਰਜੀਆ ਤੋਂ ਬਹੁਤ ਸਾਰੇ ਮਿਸ਼ਨਰੀ, ਯਾਤਰੀ ਅਤੇ ਵਪਾਰੀ ਭਾਰਤ ਆਉਂਦੇ ਰਹੇ ਸਨ। ਜਾਰਜੀਆ ਤੋਂ ਆਏ ਕੁਝ ਇੱਕ ਨਾਗਰਿਕਾਂ ਨੇ ਤਾਂ ਮੁਗਲ ਬਾਦਸ਼ਾਹਾਂ ਦੇ ਦਰਬਾਰ ਵਿੱਚ ਨੌਕਰੀ ਵੀ ਕੀਤੀ ਸੀ। ਇਤਿਹਾਸਕ ਹਵਾਲਿਆਂ ਅਨੁਸਾਰ 'ਉਦੇਪੁਰੀ ਬੇਗ਼ਮ' ਜੋ ਕਿ ਬਾਦਸ਼ਾਹ ਔਰੰਗਜ਼ੇਬ ਦੀ ਪਤਨੀ ਸੀ, ਦਾ ਪਿਛੋਕੜ ਵੀ ਜਾਰਜੀਆ ਨਾਲ ਸਬੰਧ ਰੱਖਦਾ ਸੀ। ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਨੇ ਸੰਨ 1955 ਵਿੱਚ ਜਾਰਜੀਆ ਦੀ ਰਾਜਧਾਨੀ ਦਾ ਦੌਰਾ ਕੀਤਾ ਸੀ ਤੇ ਜਾਰਜੀਆ ਦੀਆਂ ਕਈ ਉੱਘੀਆਂ ਹਸਤੀਆਂ ਨਾਲ ਮੁਲਾਕਾਤ ਕੀਤੀ ਸੀ, ਜਿਨ੍ਹਾਂ ਵਿੱਚ ਜਾਰਜੀਆ ਦੇ ਨਾਗਰਿਕ ਪਰ ਸੰਸਕ੍ਰਿਤ ਭਾਸ਼ਾ ਦੇ ਵਿਦਵਾਨ ਜਾਰਜੀ ਅਖਵਲੇਦਿਆਨੀ ਵੀ ਸ਼ਾਮਿਲ ਸਨ। ਉਨ੍ਹਾਂ ਤੋਂ ਬਾਅਦ ਸੰਨ 1976 ਵਿੱਚ ਭਾਰਤੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਅਤੇ ਸੰਨ 1978 ਵਿੱਚ ਕੇਂਦਰੀ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਵੀ ਜਾਰਜੀਆ ਵਿਖੇ ਸ਼ਿਰਕਤ ਕੀਤੀ ਸੀ। ਸੰਨ 1991 ਵਿੱਚ ਸੋਵੀਅਤ ਸੰਘ ਤੋਂ ਵੱਖ ਹੋਣ ਉਪਰੰਤ ਸੁਤੰਤਰ ਮੁਲਕ ਵਜੋਂ ਤਸਲੀਮ ਭਾਵ ਪ੍ਰਵਾਨ ਕਰਨ ਵਾਲੇ ਮੁਲਕਾਂ ਵਿੱਚ ਭਾਰਤ ਵੀ ਸ਼ਾਮਿਲ ਸੀ। ਜਾਰਜੀਆ ਵਾਸੀਆਂ ਦੀ ਹਿੰਦੀ ਭਾਸ਼ਾ, ਭਾਰਤੀ ਫ਼ਿਲਮਾਂ ਅਤੇ ਭਾਰਤੀ ਪਕਵਾਨਾਂ ਵਿੱਚ ਗਹਿਰੀ ਦਿਲਚਸਪੀ ਰਹੀ ਹੈ, ਜਿਸਦਾ ਪ੍ਰਤੱਖ ਪ੍ਰਮਾਣ ਇਹ ਹੈ ਕਿ ਜਾਰਜੀਆ ਦੀ ਰਾਜਧਾਨੀ ਤਬਿਲੀਸੀ ਵਿਖੇ ਪੰਜ ਭਾਰਤੀ ਰੈਸਟੋਰੈਂਟ ਉਪਲਬਧ ਹਨ। ਜਾਰਜੀਆ ਦੀ ਅੰਬੈਸੀ ਭਾਰਤੀ ਰਾਜਧਾਨੀ ਨਵੀਂ ਦਿੱਲੀ ਵਿਖੇ ਮੌਜੂਦ ਹੈ ਤੇ ਲਗਪਗ ਅੱਠ ਹਜ਼ਾਰ ਦੇ ਕਰੀਬ ਭਾਰਤੀ ਵਿਦਿਆਰਥੀ ਜਾਰਜੀਆ ਵਿਖੇ ਪੜ੍ਹਾਈ ਲਈ ਵੱਸ ਰਹੇ ਹਨ। ਸਾਲ 2021 ਵਿੱਚ ਭਾਰਤ ਦੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੇ ਜਾਰਜੀਆ ਦਾ ਦੌਰਾ ਕੀਤਾ ਸੀ, ਇੱਥੇ ਵੱਸਦੇ ਭਾਰਤੀਆਂ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਸੀ।

ਜਾਰਜੀਆ ਅਤੇ ਭਾਰਤ ਦਰਮਿਆਨ ਸੁਖਾਵੇਂ ਸਬੰਧ ਹੋਣ ਦੇ ਬਾਵਜੂਦ ਪੰਜਾਬੀਆਂ ਨੂੰ ਜਾਰਜੀਆ ਵਿੱਚ ਕੋਈ ਬਹੁਤ ਹੀ ਸੁਖਾਵਾਂ ਮਾਹੌਲ ਨਹੀਂ ਮਿਲਿਆ। ਦਰਅਸਲ ਇਸ ਪਿੱਛੇ ਜਾਰਜੀਆ ਵਾਸੀਆਂ ਦੀ ਕੋਈ ਮੰਦਭਾਵਨਾ ਨਹੀਂ ਹੈ, ਸਗੋਂ ਕੁਝ ਸਥਾਨਿਕ ਨਿਯਮ-ਕਾਨੂੰਨ ਅਤੇ ਪੰਜਾਬੀ ਸਿੱਖਾਂ ਦੀ ਦਿੱਖ ਦਾ ਮੁਸਲਮਾਨਾਂ ਨਾਲ ਮੇਲ ਖਾਣਾ ਹੈ, ਜਿਨ੍ਹਾਂ ਨੂੰ ਜ਼ਿਆਦਾਤਰ ਜਾਰਜੀਆ ਵਾਸੀ 'ਅਤਿਵਾਦੀ' ਹੀ ਸਮਝਦੇ ਹਨ। ਬੀਤੇ 25-30 ਸਾਲ ਤੋਂ ਪੰਜਾਬੀਆਂ ਨੇ ਜਾਰਜੀਆ ਦਾ ਰੁਖ਼ ਕੀਤਾ ਸੀ, ਕਿਉਂਕਿ ਜਾਰਜੀਆ ਦੀ ਸਰਕਾਰ ਨੂੰ ਮਿਹਨਤੀ ਕਿਸਾਨਾਂ ਦੀ ਲੋੜ ਸੀ ਤੇ ਉਸ



■ ਜਾਰਜੀਆ ਵੱਸਦੇ ਪੰਜਾਬੀ ਦੋ ਗੱਲਾਂ ਤੋਂ ਬਹੁਤ ਖੁਸ਼ ਵੀ ਹਨ: ਪਹਿਲੀ, ਜਾਰਜੀਆ 'ਜੁਰਮ ਮੁਕਤ' ਮੁਲਕ ਹੈ; ਤੇ ਦੂਜੀ, ਇੱਥੇ ਸਾਰੀਆਂ ਜ਼ਮੀਨਾਂ ਦਾ ਰਿਕਾਰਡ 'ਆਨਲਾਈਨ' ਹੈ, ਜਿਸ ਕਰਕੇ ਜ਼ਮੀਨ ਦੀ ਮਾਲਕੀ ਸਬੰਧੀ ਝਗੜਿਆਂ ਦੀ ਕੋਈ ਗੁੰਜਾਇਸ਼ ਨਹੀਂ ਹੈ।

ਸਰਕਾਰ ਨੇ ਵੀਜ਼ਾ ਦੀਆਂ ਸ਼ਰਤਾਂ ਅਤੇ ਖੇਤੀਯੋਗ ਜ਼ਮੀਨਾਂ ਦੀਆਂ ਕੀਮਤਾਂ ਵਿੱਚ ਕਾਫੀ ਨਰਮੀ ਲਿਆਂਦੀ ਸੀ, ਜਿਸ ਕਰਕੇ ਪੰਜਾਬ ਵਿੱਚ ਬੈਠੇ ਟਰੈਵਲ ਏਜੰਟਾਂ ਨੇ ਪੰਜਾਬੀ ਨੌਜਵਾਨਾਂ ਤੇ ਕਿਸਾਨਾਂ ਨੂੰ ਜਾਰਜੀਆ ਵੱਲ ਤੋਰਨਾ ਸ਼ੁਰੂ ਕਰ ਦਿੱਤਾ ਸੀ। ਟਰੈਵਲ ਏਜੰਟਾਂ ਅਤੇ ਜਾਰਜੀਆ ਵੱਲ ਨੂੰ ਜਾਣ ਵਾਲੇ ਪੰਜਾਬੀਆਂ ਨੂੰ ਉਮੀਦ ਸੀ ਕਿ ਜਾਰਜੀਆ ਇੱਕ ਦਿਨ 'ਯੂਰਪੀਅਨ ਯੂਨੀਅਨ' ਦਾ ਮੈਂਬਰ ਬਣ ਜਾਵੇਗਾ, ਜਿਸ ਕਰਕੇ ਪੰਜਾਬੀਆਂ ਦਾ ਉਥੋਂ ਕੈਨੇਡਾ ਅਤੇ ਅਮਰੀਕਾ ਜਾਣਾ ਆਸਾਨ ਹੋ ਜਾਵੇਗਾ। ਸੰਨ 2000 ਤੋਂ ਬਾਅਦ ਤਕਰੀਬਨ ਤਿੰਨ ਹਜ਼ਾਰ ਦੇ ਕਰੀਬ ਪੰਜਾਬੀ ਸਿੱਖ ਇੱਥੇ ਪੁੱਜੇ ਸਨ, ਪਰ ਜਦੋਂ ਸਾਲ 2012 ਵਿੱਚ ਜਾਰਜੀਆ ਦੀ ਸਰਕਾਰ ਨੇ 'ਪੀ.ਆਰ.' ਲੈਣ ਦੇ ਨਿਯਮਾਂ ਵਿਚ ਸਖ਼ਤੀ ਲਿਆਂਦੀ ਤਾਂ ਬਹੁਤ ਸਾਰੇ ਪੰਜਾਬੀ ਨੌਜਵਾਨ ਹੋਰਨਾਂ ਮੁਲਕਾਂ ਵੱਲ ਨੂੰ ਖਿਸਕ ਗਏ ਜਾਂ ਭਾਰਤ ਪਰਤ ਗਏ। ਸੰਨ 2013 ਦੇ ਸ਼ੁਰੂ ਹੋਣ ਤੱਕ ਉਥੇ ਵੱਸਣ ਵਾਲੇ ਪੰਜਾਬੀਆਂ ਦੀ ਸੰਖਿਆ ਕੇਵਲ 200 ਤੋਂ ਲੈ ਕੇ 300 ਦੇ ਦਰਮਿਆਨ ਰਹਿ ਗਈ ਸੀ, ਜਿਨ੍ਹਾਂ ਵਿੱਚੋਂ 100 ਦੇ ਕਰੀਬ ਪੰਜਾਬੀ ਨੌਜਵਾਨ ਰਾਜਧਾਨੀ ਤਬਿਲੀਸੀ ਵਿਖੇ ਰਹਿ ਰਹੇ ਸਨ।

ਜਾਰਜੀਆ ਦੀ ਸਥਾਨਕ ਬੋਲੀ ਦਾ ਨਾਂ 'ਕਰਤੁਲੀ' ਹੈ, ਜਿਸ 'ਤੇ ਮੁਹਾਰਤ ਹਾਸਿਲ ਕਰਨਾ ਤਾਂ ਕਿਸੇ ਲਈ ਵੀ ਪਹਾੜ ਤੀ ਚੋਟੀ 'ਤੇ ਚੜ੍ਹਨ ਦੇ ਬਰਾਬਰ ਹੈ। ਸੰਨ 2013 ਵਿੱਚ ਜਾਰਜੀਆ ਵਿਖੇ 950 ਅਮਰੀਕੀ ਡਾਲਰ ਪ੍ਰਤੀ ਹੈਕਟੇਅਰ ਦੇ ਹਿਸਾਬ ਨਾਲ ਖੇਤੀਯੋਗ ਜ਼ਮੀਨ ਪੰਜਾਬੀਆਂ ਨੇ 99 ਸਾਲ ਦੀ ਲੀਜ਼ 'ਤੇ ਲਈ ਸੀ। ਪੰਜਾਬ ਵਿੱਚ ਬੈਠੇ ਟਰੈਵਲ ਏਜੰਟਾਂ ਨੇ ਉਨ੍ਹਾਂ ਸਾਲਾਂ ਵਿੱਚ ਪੰਜਾਬੀ ਕਿਸਾਨਾਂ ਨੂੰ ਜਾਰਜੀਆ ਵਿਖੇ ਜਾ ਕੇ ਜ਼ਮੀਨਾਂ ਖਰੀਦਣ ਅਤੇ ਖੇਤੀ ਕਰਨ ਦੇ ਸੁਪਨੇ ਵਿਖਾ ਕੇ ਉਨ੍ਹਾਂ ਦੇ ਵੀਜ਼ੇ ਲਗਵਾ ਦਿੱਤੇ ਸਨ। ਇਹ ਸੱਚ ਤਾਂ ਸੀ ਕਿ ਜਾਰਜੀਆ ਵਿਖੇ ਭਾਰਤੀ ਕਰੰਸੀ ਦੇ ਹਿਸਾਬ ਨਾਲ 25 ਲੱਖ ਰੁਪਏ ਵਿੱਚ ਖੇਤੀਯੋਗ 87 ਏਕੜ ਜ਼ਮੀਨ ਹਾਸਿਲ ਹੋ ਜਾਂਦੀ ਸੀ, ਪਰ ਏਜੰਟਾਂ ਨੇ ਇਹ ਨਹੀਂ ਦੱਸਿਆ ਸੀ ਕਿ ਉਸ ਜ਼ਮੀਨ 'ਤੇ ਖੇਤੀ ਕਰਨ ਲਈ ਲੋੜੀਂਦਾ ਪਾਣੀ ਲੈਣ ਲਈ ਟਿਊਬਵੈੱਲ ਜਾਂ ਨਹਿਰੀ ਪਾਣੀ ਉਪਲਬਧ ਨਹੀਂ ਸੀ। ਖੇਤੀਬਾੜੀ ਲਈ ਲੋੜੀਂਦੀ ਮਸ਼ੀਨਰੀ ਵੀ ਉਪਲਬਧ ਨਹੀਂ ਸੀ ਤੇ ਜ਼ਮੀਨ ਦੀ ਉਪਜਾਊ ਸ਼ਕਤੀ ਵੀ ਘੱਟ ਸੀ। ਸਥਾਨਕ ਭਾਸ਼ਾ ਨਾ ਆਉਣ ਕਰਕੇ ਆਮ ਲੋਕਾਂ ਨਾਲ ਗੱਲਬਾਤ ਕਰਨ ਜਾਂ ਖੇਤੀ ਸਬੰਧੀ ਮਦਦ ਲੈਣ ਵਿੱਚ ਭਾਰੀ ਮੁਸ਼ਕਿਲ ਪੇਸ਼ ਆਉਂਦੀ ਸੀ। ਨਤੀਜਾ ਇਹ ਨਿਕਲਿਆ ਸੀ ਕਿ ਸਾਲ 2013 ਵਿੱਚ ਪਹਿਲੀ ਹੀ ਫ਼ਸਲ ਵੱਢਣ ਪਿੱਛੋਂ 1800 ਦੇ ਕਰੀਬ ਪੰਜਾਬੀ ਥੱਕ-ਹਾਰ ਕੇ ਵਾਪਸ ਪਰਤ ਆਏ ਸਨ। ਉਥੇ ਪਿੱਛੇ ਰਹਿ ਗਏ 200 ਦੇ ਕਰੀਬ ਪੰਜਾਬੀਆਂ ਵਿੱਚ ਪੰਜਾਬ ਦੇ ਜਗਰਾਉਂ ਨਾਲ ਸਬੰਧਿਤ ਕੁਲਵਿੰਦਰ ਸਿੰਘ ਝੱਜ ਵੀ ਸ਼ਾਮਿਲ ਸਨ, ਜਿਸਨੇ ਹਾਲਾਤ ਨਾਲ ਟੱਕਰ ਲੈਣ ਦਾ ਫ਼ੈਸਲਾ ਕੀਤਾ ਅਤੇ ਉਸਨੇ ਟਰੈਕਟਰ ਤੇ ਹੋਰ ਖੇਤੀਬਾੜੀ ਸਬੰਧੀ ਮਸ਼ੀਨਰੀ ਵਪਾਰ ਸ਼ੁਰੂ ਕਰ ਦਿੱਤਾ। ਉਸਨੇ ਭਾਰਤ ਤੋਂ ਖੇਤੀ ਮਸ਼ੀਨਰੀ ਜਾਰਜੀਆ ਵਿਖੇ ਲਿਜਾ ਕੇ ਉਥੇ ਖੇਤੀ ਕਰਦੇ ਪੰਜਾਬੀਆਂ ਦਾ ਸਾਹ ਸੌਖਾ ਕੀਤਾ ਸੀ। ਇਸੇ ਤਰ੍ਹਾਂ ਲੁਧਿਆਣਾ ਜ਼ਿਲ੍ਹੇ ਨਾਲ ਸਬੰਧਿਤ ਤਰਲੋਕ ਸਿੰਘ ਖਹਿਰਾ ਕੋਲ ਵੀ ਜਾਰਜੀਆ ਵਿਖੇ 125 ਏਕੜ ਖੇਤੀਯੋਗ ਜ਼ਮੀਨ ਹੈ ਤੇ ਉਹ ਵੀ ਸਾਲ 2012 ਵਿੱਚ ਜਾਰਜੀਆ ਵਿਖੇ ਪੱਜੇ ਸਨ। ਉਨ੍ਹਾਂ ਦੀ ਜ਼ਮੀਨ ਕਾਫੀ ਉਪਜਾਊ ਹੈ ਤੇ ਉਹ ਇਹ ਮੰਨਦੇ ਹਨ ਕਿ ਇੱਥੇ ਪੰਜਾਬ ਦੇ ਮੁਕਾਬਲੇ ਕਾਫੀ ਸਸਤੀ ਕੀਮਤ 'ਤੇ ਵਾਹੀਯੋਗ ਜ਼ਮੀਨ ਮਿਲ ਜਾਂਦੀ ਹੈ। ਉਂਜ ਪੰਜਾਬ ਤੋਂ ਜਾਰਜੀਆ ਵਿਖੇ ਜਾ ਕੇ ਵੱਸਣ ਵਾਲੇ ਪੰਜਾਬੀ ਦੋ ਗੱਲਾਂ ਤੋਂ ਬਹੁਤ ਖੁਸ਼ ਵੀ ਹਨ। ਪਹਿਲੀ ਗੱਲ ਤਾਂ ਇਹ ਹੈ ਕਿ ਜਾਰਜੀਆ 'ਜੁਰਮ ਮੁਕਤ' ਮੁਲਕ ਹੈ ਤੇ ਦੂਜਾ ਇਹ ਕਿ ਇੱਥੇ ਸਾਰੀਆਂ ਜ਼ਮੀਨਾਂ ਦਾ ਰਿਕਾਰਡ 'ਆਨਲਾਈਨ' ਹੈ, ਜਿਸ ਕਰਕੇ ਜ਼ਮੀਨ ਦੀ ਮਾਲਕੀ ਸਬੰਧੀ ਝਗੜਿਆਂ ਦੀ ਕੋਈ ਗੁੰਜਾਇਸ਼ ਨਹੀਂ ਹੈ।

ਪੰਜਾਬੀਆਂ ਨੂੰ ਜਾਰਜੀਆ ਵਿਖੇ ਜਿਨ੍ਹਾਂ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉਨ੍ਹਾਂ ਵਿੱਚ ਇੱਕ ਵੱਡੀ ਦਿੱਕਤ ਇਹ ਹੈ ਕਿ ਇੱਥੋਂ ਦੇ ਲੋਕ ਭਾਰਤੀ ਤੇ ਖ਼ਾਸ ਕਰਕੇ ਪੰਜਾਬੀ ਤਿਉਹਾਰਾਂ ਸਬੰਧੀ ਜਾਣੂ ਨਹੀਂ ਹਨ, ਜਿਸ ਕਰਕੇ ਇੱਥੇ ਕੋਈ ਵੀ ਦਿਨ-ਤਿਉਹਾਰ ਜਾਂ ਗੁਰਪੁਰਬ ਆਦਿ ਮਨਾਉਣ ਸਮੇਂ ਮੁਸ਼ਕਿਲ ਪੇਸ਼ ਆਉਂਦੀ ਹੈ। ਦੂਜੀ ਦਿੱਕਤ ਇਹ ਹੈ, ਕਿਉਂਕਿ ਜਾਰਜੀਆ ਦੇ ਲੋਕਾਂ ਨੇ ਬੀਤੇ ਸਮੇਂ ਵਿਚ ਮੁਸਲਿਮ ਫ਼ੌਜਾਂ ਨਾਲ ਕਈ ਲੜਾਈਆਂ ਲੜੀਆਂ ਹਨ, ਇਸ ਕਰਕੇ ਮੁਹਾਂਦਰੇ ਪੱਖੋਂ ਉਹ ਪੰਜਾਬੀ ਸਿੱਖਾਂ ਨੂੰ ਮੁਸਲਿਮ ਮੰਨ ਬੈਠਦੇ ਹਨ ਤੇ 'ਖ਼ਤਰਨਾਕ' ਸਮਝ ਕੇ ਚੰਗਾ ਵਤੀਰਾ ਨਹੀਂ ਕਰਦੇ ਹਨ। ਤੀਜੀ ਦਿੱਕਤ ਇਹ ਹੈ ਕਿ ਇੱਥੇ ਜ਼ਮੀਨ ਸਸਤੀ ਤਾਂ ਹੈ, ਪਰ ਖੇਤੀ ਕਰਨੀ ਬਹੁਤ ਔਖੀ ਹੈ। ਚੌਥੀ ਦਿੱਕਤ ਇਹ ਹੈ ਕਿ ਫ਼ਸਲਾਂ ਨੂੰ ਸੰਭਾਲਣ ਲਈ ਇੱਥੇ ਗੁਦਾਮਾਂ ਦੀ ਘਾਟ ਹੈ, ਜਿਸ ਕਰਕੇ ਅਣਵਿਕੀ ਫ਼ਸਲ ਨੂੰ ਖ਼ਰਾਬ ਹੋਣ ਤੋਂ ਬਚਾਉਣ ਲਈ ਸਸਤੇ ਭਾਅ ਹੀ ਵੇਚ ਦੇਣਾ ਪੈਂਦਾ ਹੈ। ਪੰਜਵੀਂ ਦਿੱਕਤ ਇਹ ਹੈ ਕਿ ਸਥਾਨਕ ਭਾਸ਼ਾ ਨਾ ਆਉਣ ਕਰਕੇ ਅਤੇ ਖੇਤੀ ਤੋਂ ਇਲਾਵਾ ਹੋਰ ਕੋਈ ਕੰਮ ਨਾ ਮਿਲਣ ਕਰਕੇ ਪੰਜਾਬੀ ਔਰਤਾਂ ਨੂੰ ਜ਼ਿਆਦਾਤਰ ਸਮਾਂ ਘਰ ਵਿੱਚ ਹੀ ਬਤੀਤ ਕਰਨਾ ਪੈਂਦਾ ਹੈ। ਛੇਵੀਂ ਦਿੱਕਤ ਇਹ ਹੈ ਕਿ ਬਾਜ਼ਾਰ ਵਿਚ ਭਾਰਤੀ ਮਸਾਲਿਆਂ ਅਤੇ ਹੋਰ ਖ਼ੁਰਾਕੀ ਪਦਾਰਥਾਂ ਦੀ ਘਾਟ ਹੋਣ ਕਰਕੇ ਪੰਜਾਬੀਆਂ ਨੂੰ ਆਪਣੀ ਵਰਤੋਂ ਲਈ ਲੋੜੀਂਦੀਆਂ ਸਬਜ਼ੀਆਂ, ਮਸਾਲੇ ਅਤੇ ਹੋਰ ਚੀਜ਼ਾਂ ਆਪ ਹੀ ਆਪਣੇ ਖੇਤਾਂ ਤੇ ਘਰਾਂ ਵਿੱਚ ਉਗਾਉਣੀਆਂ ਪੈਂਦੀਆਂ ਹਨ। ਹੁਣ ਬੀਤੇ ਕੁਝ ਸਾਲਾਂ ਵਿੱਚ ਜਾਰਜੀਆ ਜਾਣ ਵਾਲੇ ਭਾਰਤੀਆਂ ਤੇ ਪੰਜਾਬੀਆਂ ਵਿੱਚ ਉਨ੍ਹਾਂ ਵਿਦਿਆਰਥੀਆਂ ਦੀ ਗਿਣਤੀ ਕਾਫੀ ਵਧੀ ਹੈ, ਜੋ ਦਵਾਈਆਂ ਅਤੇ ਡੈਂਟਿਸਟਰੀ ਨਾਲ ਸਬੰਧਿਤ ਉੱਚ-ਸਿੱਖਿਆ ਹਾਸਿਲ ਕਰਨ ਦੇ ਚਾਹਵਾਨ ਹਨ। ਇੱਥੇ ਇਨ੍ਹਾਂ ਵਿਸ਼ਿਆਂ ਦੀ ਪੜ੍ਹਾਈ ਭਾਰਤ ਦੇ ਮੁਕਾਬਲੇ ਕਾਫੀ ਸਸਤੀ ਹੈ। ਦੁੱਖ ਦੀ ਗੱਲ ਹੈ ਕਿ ਸਾਲ 2024 ਦੇ ਅਖ਼ੀਰ ਵਿੱਚ ਜਾਰਜੀਆ ਵਿਖੇ ਵਾਪਰੇ ਇੱਕ ਦੁਖਦਾਇਕ ਹਾਦਸੇ ਵਿਚ ਜ਼ਹਿਰੀਲੀ ਗੈਸ ਚੜ੍ਹਨ ਕਰਕੇ 11 ਪੰਜਾਬੀ ਨੌਜਵਾਨਾਂ ਦੀ ਜਾਨ ਚਲੀ ਗਈ ਸੀ, ਜਿਨ੍ਹਾਂ ਵਿੱਚੋਂ ਚਾਰ ਨੌਜਵਾਨਾਂ ਦੀਆਂ ਮ੍ਰਿਤਕ ਦੇਹਾਂ ਭਾਰਤ ਪਹੁੰਚਾਉਣ ਵਿੱਚ ਉੱਘੇ ਸਮਾਜ ਸੇਵੀ ਡਾ. ਐਸ.ਪੀ.ਐਸ. ਓਬਰਾਏ ਦੁਆਰਾ ਵੱਡੀ ਮਦਦ ਪ੍ਰਦਾਨ ਕੀਤੀ ਗਈ ਸੀ।

ਅਖ਼ੀਰ ਵਿੱਚ ਇਹ ਦੱਸਣਾ ਬਣਦਾ ਹੈ ਕਿ ਜਾਰਜੀਆ ਦੀ ਨਾਗਰਿਕ ਇੱਕ ਬਜ਼ੁਰਗ ਮਹਿਲਾ, ਜਿਸਦੀ ਪੋਤਰੀ ਨੇ ਇੱਕ ਪਗੜੀਧਾਰੀ ਪੰਜਾਬੀ ਨੌਜਵਾਨ ਨਾਲ ਵਿਆਹ ਕਰਵਾਇਆ ਹੈ, ਦਾ ਕਹਿਣਾ ਹੈ, "ਜਦੋਂ ਮੇਰੇ ਰਿਸ਼ਤੇਦਾਰਾਂ ਨੇ ਮੇਰੀ ਪੋਤਰੀ ਦੇ ਹੋਣ ਵਾਲੇ ਪਤੀ ਦੀ ਦਾਹੜੀ ਅਤੇ ਪਗੜੀ ਵਾਲੀ ਤਸਵੀਰ ਵੇਖ਼ੀ ਸੀ ਤਾਂ ਉਸੇ ਵਕਤ ਹੀ ਆਖ਼ ਦਿੱਤਾ ਸੀ ਕਿ ਇਹ ਤਾਂ ਜ਼ਰੂਰ ਹੀ ਕੋਈ 'ਅਤਿਵਾਦੀ' ਹੋਵੇਗਾ, ਪਰ ਹੁਣ ਸ਼ਾਦੀ ਤੋਂ ਬਾਅਦ ਜਦੋਂ ਉਨ੍ਹਾਂ ਨੂੰ ਪੰਜਾਬੀਆਂ ਤੇ ਖ਼ਾਸ ਕਰਕੇ ਸਿੱਖਾਂ ਦੀ ਅਸਲੀਅਤ ਅਤੇ ਉਨ੍ਹਾਂ ਦੇ ਮਿਹਨਤੀ ਅਤੇ ਰਾਂਗਲੇ ਸੁਭਾਅ ਬਾਰੇ ਪਤਾ ਲੱਗਾ ਹੈ ਤਾਂ ਉਹ ਉਸਨੂੰ ਬਾਕੀ ਸਭ ਨਾਲੋਂ ਵੱਧ ਪਿਆਰ ਕਰਦੇ ਹਨ।"

ਇਸ ਬਜ਼ੁਰਗ ਮਹਿਲਾ ਦਾ ਇਹ ਵਾਕ ਦਰਸਾਉਂਦਾ ਹੈ ਕਿ ਪੰਜਾਬੀਆਂ ਪ੍ਰਤੀ ਜਾਰਜੀਆ ਦੇ ਵਸਨੀਕਾਂ ਦੀ ਸੋਚ ਅਤੇ ਵਿਹਾਰ ਵਿੱਚ ਵੱਡੇ ਪਰਿਵਰਤਨ ਆ ਰਹੇ ਹਨ।



ਜਾਰਜੀਆ ਦੀ ਰਾਜਧਾਨੀ 'ਤਬਿਲੀਸੀ'

*ਜਾਰਜੀਆ ਦੀ ਰਾਜਧਾਨੀ ਦਾ ਨਾਂ ਤਬਿਲੀਸੀ ਹੈ, ਜੋ ਕਿ ਇਸ ਮੁਲਕ ਦਾ ਸਭ ਤੋਂ ਵੱਡਾ ਸ਼ਹਿਰ ਹੈ ਤੇ ਜਿੱਥੇ ਇਸ ਸਮੁੱਚੇ ਮੁਲਕ ਦੀ ਇੱਕ ਤਿਹਾਈ ਆਬਾਦੀ ਸਮਾਈ ਹੋਈ ਹੈ। ਇਹ ਸ਼ਹਿਰ 12ਵੀਂ ਸਦੀ ਨਾਲ ਜੁੜੀਆਂ ਇਤਿਹਾਸਕ ਗੁਫ਼ਾਵਾਂ ਦੀ ਵਿਰਾਸਤ ਨੂੰ ਸਾਂਭ ਕੇ ਰੱਖਣ ਵਾਲਾ ਇੱਕ ਵਿਰਾਸਤੀ ਸ਼ਹਿਰ ਹੈ, ਜਿਸਦੇ ਪੁਰਾਣੇ ਭਾਗ ਵਿੱਚ ਅੱਜ ਵੀ ਪ੍ਰਾਚੀਨ ਪੱਥਰ ਦੀਆਂ ਬਣੀਆਂ ਗਲੀਆਂ ਮੌਜੂਦ ਹਨ।*

*ਮੰਨਿਆ ਜਾਂਦਾ ਹੈ ਕਿ ਭਾਰਤ ਦੇ ਮਸ਼ਹੂਰ ਗ੍ਰੰਥ 'ਪੰਚਤੰਤਰ' ਵਿਚਲੀਆਂ ਗਿਆਨ ਕਥਾਵਾਂ ਨੇ ਜਾਰਜੀਆ ਦੀਆਂ ਲੋਕ ਕਥਾਵਾਂ 'ਤੇ ਡੂੰਘਾ ਪ੍ਰਭਾਵ ਪਾਇਆ ਸੀ।*

## ਪਿੰਡ ਵਸਿਆ (22)

**ਵਿਜੈ ਬੰਬੇਲੀ**
**ਫੋਨ: +91-9463439075**



# '47 ਤੋਂ ਪਹਿਲਾਂ ਦੇ ਪਿੰਡ

*ਪਾਠਕਾਂ ਦੀ ਜਾਣਕਾਰੀ ਲਈ ਅਸੀਂ ਕਾਲਮ 'ਪਿੰਡ ਵਸਿਆ' ਸ਼ੁਰੂ ਕੀਤਾ ਹੈ, ਜਿਸ ਵਿੱਚ ਸਿਰਫ ਪਿੰਡ ਵੱਸਣ ਦੀ ਹੀ ਬਾਤ ਪਾਈ ਹੁੰਦੀ ਹੈ। ਪਿੰਡ ਦਾ ਇਤਿਹਾਸ ਲਿਖਣ ਦੀ ਵੱਡੀ ਕਠਿਨਾਈ ਇਹ ਹੈ ਕਿ ਇਹ ਕਿਸੇ ਵੀ ਰੂਪ 'ਚ ਲਿਖਤੀ ਨਹੀਂ ਮਿਲਦਾ। ਕਿਸੇ-ਕਿਸੇ ਪਿੰਡ ਦੇ ਵੱਸਣ-ਰਸਣ ਦੀ, ਉਹ ਵੀ ਨਾ-ਮਾਤਰ, ਗਜ਼ਟੀਅਰ'ਜ਼, ਮਾਲ ਰਿਕਾਰਡ ਜਾਂ ਕਿਸੇ ਦਸਤਾਵੇਜ਼ ਵਿੱਚ ਸਤਹੀ ਜਿਹਾ ਵਰਨਣ ਜਾਂ ਕਨਸੋਅ ਮਿਲਦੀ ਸੀ/ਹੈ, ਜਿਹੜਾ ਸਥਾਨਕ ਇਤਿਹਾਸ ਦੀ ਮਹੱਤਤਾ ਨਾ ਬੁੱਝਣ ਕਾਰਨ ਸਾਂਭਿਆ ਨਹੀਂ ਗਿਆ। ਪੇਸ਼ ਹੈ, 1947 ਤੋਂ ਪਹਿਲਾਂ ਦੇ ਪਿੰਡਾਂ ਦੀ ਤਸਵੀਰਕਸ਼ੀ...*

1947 ਤੋਂ ਕਿਤੇ ਪਹਿਲਾਂ ਵਸੋਂ ਬਣਤਰ ਅਨੁਸਾਰ ਅਕਸਰ ਪਿੰਡ ਦੀ ਮੋੜ੍ਹੀ ਬੰਨਣ ਵਾਲੀ ਧਿਰ ਦੀ ਹੀ, ਸਬੰਧਿਤ ਖੈੜੇ ਵਿੱਚ ਬਹੁਤੀ ਵਸੇਬ ਹੁੰਦੀ ਸੀ, ਭਾਵੇਂ ਕਿ ਹੋਰਾਂ ਜਾਤਾਂ ਵੀ ਇੱਥੇ ਆ ਵਸਦੀਆਂ ਰਹੀਆਂ। ਕਾਰਨ; ਪੁਰਾਣੇ ਭਾਰਤੀ ਪਿੰਡਾਂ ਵਿੱਚ ਕੋਈ ਵੀ ਜਾਤੀ ਸਵੈ-ਨਿਰਭਰ ਨਹੀਂ ਸੀ। ਉਸਨੂੰ ਹੋਰ ਕਿੱਤਾ ਜਾਤੀਆਂ, ਜਿਨ੍ਹਾਂ ਕੋਲ ਵਿਸ਼ੇਸ਼ ਧੰਦਿਆਂ, ਹੁਨਰਾਂ ਜਾਂ ਕੋਈ ਹੋਰ ਮੁਹਾਰਤ ਹੁੰਦੀ ਸੀ, ਦੀ ਲੋੜ ਪੈਂਦੀ ਸੀ। ਉਨ੍ਹਾਂ ਦੇ ਵਸੇਬ ਨਾਲ ਹੀ ਕਿਸੇ ਪਿੰਡ ਦੀ ਉਸਾਰੀ ਸੰਪੂਰਨ ਹੁੰਦੀ ਸੀ। ਮਿਸਾਲ ਵਜੋਂ ਡੁਮੇਲੀ (ਫਗਵਾੜਾ, ਕਪੂਰਥਲਾ) ਵੀ ਇਸ ਪੱਖੋਂ ਸੁਲੱਖਣਾ ਪਿੰਡ ਸੀ। ਕਰੀਬ ਤਮਾਮ-ਜਾਤਾਂ ਧਰਮ ਇੱਥੇ ਵੱਸਦੇ ਸਨ/ਹਨ। ਮੁਸਲਮਾਨਾਂ ਦਾ ਰੈਣ-ਵਸੇਰਾ ਮੁੱਢੋਂ-ਸੁੱਢੋਂ ਸੀ, ਪਰ ਸਨ ਇਹ ਨਿਰੋਲ ਕਾਮੇ। ਗੁੱਜਰ ਭੇਡਾਂ-ਬੱਕਰੀਆਂ ਪਾਲਦੇ। ਅਰਾਂਈ ਸਬਜ਼ੀਆਂ ਉਗਾਂਉਦੇ, ਅੱਧ-ਵਟਾਈ 'ਤੇ ਖੇਤੀ ਕਰਦੇ। ਮਰਾਸੀ ਮਰਸੀਏ ਅਤੇ ਉਤਸਤ ਪੜ੍ਹਦੇ, ਬੰਸਾਂਵਲੀ ਦੱਸਦੇ। ਤੇਲੀ ਕੋਹਲੂ ਬੀੜਦੇ। ਲਲਾਰੀ ਕੱਪੜੇ ਰੰਗਦੇ, ਨਿਲਾਰੀ ਸੂਤ ਨੂੰ ਨੀਲ ਕਰਦੇ। ਕੁਝ ਮੁਸਲਿਮ ਲੁਹਾਰਾਂ ਕੰਮ ਕਰਦੇ, ਬਹੁਤੇ ਕੱਪੜਾ ਬੁਣਦੇ। ਮੁਸਲਮਾਨਾਂ ਦੇ ਆਪਣੇ ਖਰਾਸ ਵੀ ਸਨ। ਭਿੱਤ ਕੁੱਟਣ ਵਿੱਚ ਵੀ ਉਨ੍ਹਾਂ ਦਾ ਕੋਈ ਸਾਨੀ ਨਹੀਂ ਸੀ, ਜ਼ਿਆਦਾ ਰੈਣ-ਵਸੇਰੇ ਉਨ੍ਹਾਂ ਹੱਥੋਂ ਹੀ ਬਣੇ ਹੋਏ ਸਨ।

ਇਹੀ ਨਹੀਂ, ਪਾਂਧਾ ਵਿਆਹ ਪੜ੍ਹਦਾ ਤੇ ਸ਼ਾਹੂਕਾਰ ਗਰਜ਼ ਸਾਰਦਾ। ਨੈਣ ਮੀਢੀਆਂ ਗੁੰਦਦੀ ਅਤੇ ਨਾਈ ਵਾਲ-ਸੰਵਾਰ ਦਿੰਦਾ, ਵਿਆਹ-ਪਰ੍ਹੇ ਦਾ ਸੁਨੇਹਾ ਵੀ ਉਹੀ ਲਾਉਂਦੇ ਅਤੇ ਭਾਂਡੇ-ਸਵਾਂਰੀ ਦਾ ਕੰਮ ਝਿਉਰ ਕਰਦਾ। ਤਰਖਾਣ ਲੱਕੜ ਅਤੇ ਹਲ-ਮੁੰਨੇ ਦੀ ਬਣਵਾਈ ਕਰਦਾ ਅਤੇ ਲੋਹ-ਕਾਰਜ਼ ਲੁਹਾਰਾਂ ਦਾ ਕਿਸਬ ਸੀ। ਪੇਂਜਾ ਰੂੰ ਦਾ ਕੰਮ ਕਰਦਾ ਤੇ ਛੀਬਾਂ ਛਾਪੇ ਤੇ ਕੋਰਿਆਂ ਦਾ।

ਭਲਿਆਂ ਵਕਤੀਂ ਸਭ ਪਿੰਡ ਬੁਨਿਆਦੀ ਸਰੂਪ ਵਿੱਚ ਇੱਕ-ਦੂਜੇ ਨਾਲ ਮੇਲ ਖਾਂਦੇ ਸਨ/ਹਨ। ਕੁਝ ਕੁ ਕੱਚੇ-ਪੱਕੇ ਘਰਾਂ ਦਾ ਸਮੂਹ। ਪਸ਼ੂਆਂ ਦੇ ਨਹਾਉਣ-ਪੀਣ ਲਈ ਇੱਕ ਛੱਪੜ, ਪਾਣੀ ਲਈ ਖੂਹ। ਹਰ ਪਿੰਡ ਦੀ ਸਾਂਝੀ ਸੱਥ, ਜਿੱਥੇ ਤਬਸਰੇ ਚੱਲਦੇ, ਰਾਗ-ਰਤਨ ਹੁੰਦੇ। ਪਿੱਪਲਾਂ-ਬੋਹੜਾਂ 'ਤੇ ਤੀਆਂ, ਪਿੰਡ ਦੀ ਬਾਹਰਲੀ ਹੱਦ ਉੱਤੇ ਜਠੇਰਿਆਂ ਤੇ ਸਤੀਆਂ ਦੇ ਸਥਾਨ ਅਤੇ ਖੈੜੇ ਦੀਆਂ ਮਮਟੀਆਂ। ਹੱਟੀ, ਭੱਠੀ ਅਤੇ ਸੱਥ ਨੂੰ ਪਿੰਡ ਦਾ ਸੰਚਾਰ ਕੇਂਦਰ ਕਿਹਾ ਜਾ ਸਕਦਾ ਸੀ।



ਤਰਖਾਣਾ ਕਿੱਤੇ ਨੂੰ ਰੂਪਮਾਨ ਕਰਦਾ ਚਿੱਤਰਕਾਰ ਜਰਨੈਲ ਸਿੰਘ ਦਾ ਇੱਕ ਚਿੱਤਰ

ਜਿੱਥੋਂ ਤੱਕ ਆਰਥਿਕ, ਸਮਾਜਿਕ ਅਤੇ ਅੰਸ਼ਕ ਹੱਦ ਤੀਕ ਸਿਆਸੀ ਮਾਮਲਿਆਂ ਦਾ ਸਬੰਧ ਸੀ, ਸਾਰੇ ਪੇਂਡੂ ਤਾਣੇ-ਪੇਟੇ ਵਾਂਗ ਇੱਕ ਦੂਜੇ ਵਿੱਚ ਰਚੇ ਤੇ ਰਮੇ ਹੋਏ ਸਨ। ਮੁੱਖ ਤੌਰ 'ਤੇ ਪ੍ਰਮੁੱਖ ਧੰਦਾ ਵਾਹੀ-ਬੀਜੀ ਸੀ। ਪਿੰਡ ਦੀ ਸਾਰੀ ਵਸੋਂ ਕਿਰਸਾਨੀ ਦੇ ਧੁਰੇ ਨਾਲ ਬੀੜੀ ਹੋਈ ਕਰਕੇ ਖੇਤ ਅਤੇ ਫਸਲ ਹੀ ਤਮਾਮ-ਪਿੰਡ ਦੀ ਹੋਣੀ ਨਿਰਧਾਰਤ ਕਰਦੀ ਸੀ। ਭਾਵ, ਪਿੰਡ ਵਿੱਚ ਵਸਦੇ ਸ਼ਿਲਪੀ ਅਤੇ ਹੋਰ ਕਾਮੇ, ਪ੍ਰੋਹਿਤ ਸ਼੍ਰੇਣੀਆਂ ਤੇ ਸੇਪੀਦਾਰ, ਭਾਵੇਂ ਵੱਖੋ-ਵੱਖਰਾ ਕੰਮ-ਧੰਦਾ ਕਰਦੇ ਸਨ, ਪਰ ਸਭਨਾਂ ਦੀ ਹੋਣੀ ਕਿਰਸਾਨੀ ਨਾਲ ਬੱਝੀ ਹੋਣ ਕਾਰਨ ਸੁਚੇਤ ਰੂਪ ਵਿੱਚ ਸਭ ਪਿੰਡ ਦੀ ਸਾਹ-ਰਗ 'ਖੇਤੀ' ਵਿੱਚ ਦਿਲਚਸਪੀ ਲੈਂਦੇ ਸਨ।

ਕਿਉਂਕਿ ਪੁਰਾਣੇ ਭਾਰਤੀ ਪਿੰਡਾਂ ਵਿੱਚ ਕੋਈ ਵੀ ਜਾਤੀ ਸਵੈ-ਨਿਰਭਰ ਨਹੀਂ ਸੀ, ਜਿਸ ਕਰਕੇ ਹਰ ਧਿਰ ਦੀ ਕਦਰ ਸੀ; ਇਹੀ ਪਿੰਡਾਂ ਦਾ ਸਿਫਤੀ ਪੱਖ ਸੀ। ਪਿੰਡ ਦੇ ਹਰ ਘਰ ਜਾਂ ਵਿਸ਼ੇਸ਼ ਕਿੱਤਾ ਸਮੂਹ ਨੂੰ ਹੋਰ ਕਿੱਤਾ ਸਮੂਹਾਂ (ਜਾਤੀਆਂ), ਜਿਨ੍ਹਾਂ ਕੋਲ ਧੰਦਾ ਵਿਸ਼ੇਸ਼/ਵਿਸ਼ੇਸ਼ ਕਿਰਤ ਜਾਂ ਪੇਸ਼ਿਆਂ ਦੀ ਮੁਹਾਰਤ ਤੇ ਇਜਾਰੇਦਾਰੀ ਹੁੰਦੀ ਸੀ, ਦੀਆਂ ਸੇਵਾਵਾਂ ਦੀ ਲੋੜ ਪੈਂਦੀ ਸੀ। ਨਵਾਂ ਪਿੰਡ ਬੰਨ੍ਹਣ ਸਮੇਂ ਤਾਂ ਅਜਿਹਾ ਕਰਨਾ ਹੋਰ ਵੀ ਜ਼ਰੂਰੀ ਹੋ ਜਾਂਦਾ ਸੀ ਜਾਂ ਹੋਰ ਪਾਸਿਓਂ ਵੀ, ਹੋਰ ਜਾਤਾਂ (ਧਰਮੀ) ਵੀ ਆਪਣੀਆਂ ਰੋਜ਼ੀ-ਰੋਟੀ ਦੀਆਂ ਲੋੜਾਂ ਨਮਿਤ ਉਥੇ ਵਸੇਬ ਕਰ ਲੈਂਦੀਆਂ। ਇੰਵ ਹੀ ਪ੍ਰੋਹਿਤ ਅਤੇ ਸ਼ਾਹੂਕਾਰ ਸ਼੍ਰੇਣੀਆਂ ਵੀ ਆਈਆਂ, ਭਾਵੇਂ ਕਈ ਕਾਰਨੀ ਉਹ ਪਹਿਲ-ਪਲੱਕੜਿਆਂ, ਖਾਸ ਕਰਕੇ ਪੰਜਾਬ-ਸੰਤਾਪ (90ਵਿਆਂ 'ਚ) ਦੇ ਦਿਨਾਂ ਵਿੱਚ ਸ਼ਹਿਰਾਂ-ਕਸਬਿਆਂ (ਮੰਡੀਆਂ) ਨੂੰ ਪ੍ਰਸਥਾਨ ਕਰ ਗਈਆਂ। ਮਹਾਜਨ ਜਾਤਾਂ ਹੀ ਨਹੀਂ ਸਗੋਂ ਕਈ ਖਾਂਦੇ-ਪੀਂਦੇ ਵਾਹੀਕਾਰ ਵੀ ਉਦੋਂ ਸ਼ਹਿਰੀ ਆ ਵੜੇ, ਜਿਸ ਨਾਲ ਪਿੰਡਾਂ ਦਾ ਤਵਾਜਨ ਵਿਗੜ ਗਿਆ। ਹਾਂ, ਕਾਮਾ ਅਤੇ ਸ਼ਿਲਪੀ ਸ਼੍ਰੇਣੀਆਂ, ਜੋ ਬਹੁਤਾ ਕਰਕੇ ਵਾਹੀਕਾਰਾਂ ਨਾਲ ਸਬੰਧਿਤ ਸਨ, ਅਤਿ ਮਾੜੇ ਦਿਨਾਂ ਵਿੱਚ ਵੀ ਪਿੰਡਾਂ 'ਚ ਟਿਕੇ ਰਹੇ।

ਕਰੀਬ 70ਵੇਂ ਤੱਕ ਪੇਂਡੂ ਅਰਥਚਾਰੇ ਦੇ ਸਾਰੇ ਸਾਧਨ, ਤਮਾਮ ਜਾਤਾਂ-ਧਰਮ ਅਤੇ ਪਿਤਾ-ਪੁਰਖੀ ਕਿੱਤੇ, ਅੰਤਰ-ਸਬੰਧਿਤ ਤੇ ਇੱਕ-ਦੂਜੇ ਉੱਤੇ ਨਿਰਭਰ ਸਨ। ਭਾਰਤ, ਖਾਸ ਕਰਕੇ ਪੰਜਾਬ ਵੀ, ਜਿਹੜਾ ਪਿੰਡਾਂ ਦਾ ਦੇਸ਼ ਹੈ, ਦੀ ਇਹੋ ਖੂਬਸੂਰਤੀ ਸੀ। ਪਿੰਡ ਆਤਮ-ਨਿਰਭਰ ਸਨ, ਜਿਹੜੇ ਇੱਕ-ਦੂਜੇ ਦੇ ਸਿੱਧੇ-ਅਸਿੱਧੇ ਰੁਜ਼ਗਾਰ ਦੇ ਵੀ ਵਾਹਕ ਸਨ। ਅਰਥਾਤ ਪਿੰਡ ਸਵੈ-ਕੇਂਦਰਤ ਅਤੇ ਵਾ-ਰੁਜ਼ਗਾਰ ਸਨ। ਸਾਰੀਆਂ ਸਮਾਜਿਕ, ਆਰਥਿਕ ਤੇ ਨਿੱਜੀ ਸੇਵਾਵਾਂ ਅਤੇ ਜੀਵਨ ਨਿਰਵਾਹ ਲਈ ਲੋੜੀਂਦੀਆਂ ਸਾਰੀਆਂ ਵਸਤਾਂ ਤੇ ਸੇਵਾਵਾਂ ਪਿੰਡ 'ਚੋਂ ਜਾਂ ਨਾਲ ਲੱਗਵੇਂ ਵੱਡੇ ਪਿੰਡ ਤੋਂ ਮਿਲ ਜਾਂਦੀਆਂ ਸਨ।

ਪਰ ਹੁਣ ਕਰੀਬ 80ਵੇਂ ਤੋਂ ਬਾਅਦ, ਸਾਰਾ ਕੁਝ ਬਦਲ/ਉਲਟ-ਪੁਲਟ ਗਿਆ ਹੈ। ਹੱਥ-ਕਿਰਤ (ਸੇਪੀ/ਉਪਜ ਜਾਂ ਕਿਰਤ ਵਟਾਦਰਾਂ) ਦੀ ਥਾਂ ਨਗਦ ਉਜਰਤ ਨੇ ਲੈ ਲਈ ਹੈ। ਸਭ ਜਾਤਾਂ ਆਪੋ ਵਿੱਚ ਰਚ-ਮਿਚ ਇੱਕ-ਦੂਜੇ ਦੇ ਵਿਹੜੀਂ-ਖੇਤੀਂ ਵੱਸਣ ਲੱਗ ਪਈਆਂ ਹਨ। ਅਰਥਾਤ ਕਿਰਤ-ਵਿਰਤ ਦੇ ਪੈਟਰਨ ਵਿੱਚ ਵੀ ਨਵੀਆਂ ਤਬਦੀਲੀਆਂ ਵੇਖਣ ਵਿੱਚ ਆਈਆਂ ਹਨ। ਪੁਰਾਣੀ ਜਾਤੀ ਵੰਡ ਤੇ ਪਿਤਾ-ਪੁਰਖੀ ਕਿੱਤੇ ਅਪਨਾਉਣ ਦੀ ਪ੍ਰਥਾ ਤਕਰੀਬਨ ਖਤਮ ਹੋ ਰਹੀ ਹੈ। ਅਖੌਤੀ 'ਮਾੜੀ-ਧੀੜੀਆਂ ਜਾਤਾਂ' ਨੇ ਪੁਰਾਣੇ ਜੁੱਲੇ ਲਾਹ, ਮਨਮਰਜ਼ੀ ਦੇ ਕਿੱਤੇ ਅਪਨਾਉਣੇ ਸ਼ੁਰੂ ਕਰ ਦਿੱਤੇ ਹਨ। ਇਸ ਨਾਲ ਉਨ੍ਹਾਂ ਵਿੱਚ ਨਵੀਂ ਅਤੇ ਉਸਾਰੂ ਚੇਤਨਾ ਉਭਰੀ ਹੈ। ਉਨ੍ਹਾਂ ਆਪਣੀ ਸਮਾਜਿਕ ਅਤੇ ਆਰਥਿਕ ਦਸ਼ਾ ਸੁਧਾਰਨ ਲਈ ਅਚੇਤ-ਸੁਚੇਤ ਹੱਡ-ਭੰਨਵੀਂ ਘਾਲਣਾ ਘਾਲੀ।

## ਤਰਜ਼-ਏ-ਜ਼ਿੰਦਗੀ

**ਡਾ. ਅਰਵਿੰਦਰ ਸਿੰਘ ਭੱਲਾ***
**ਫੋਨ: +91-9463062603**



# ਅਤ੍ਰਿਪਤ ਖਾਹਿਸ਼ਾਂ ਦੀ ਭੱਠੀ

ਗੁਰੂਦੇਵ ਨੇ ਜਗਿਆਸੂ ਨੂੰ ਉਪਦੇਸ਼ ਦਿੰਦੇ ਹੋਏ ਫ਼ੁਰਮਾਇਆ ਕਿ ਦੁਨਿਆਵੀ ਪੱਧਰ ਉੱਪਰ ਹਰ ਹਸਰਤ, ਹਰ ਆਰਜ਼ੂ ਅਤੇ ਹਰੇਕ ਖ਼ਾਹਿਸ਼ ਜਾਂ ਅਭਿਲਾਸ਼ਾ ਕਦੀ ਨਾ ਕਦੀ ਵਿਅਕਤੀ ਲਈ ਰੁਸਵਾਈ, ਨਦਾਮਤ, ਦੁਸ਼ਵਾਰੀ ਜਾਂ ਅਜ਼ਮਾਇਸ਼ ਦਾ ਸਬੱਬ ਜ਼ਰੂਰ ਬਣਦੀ ਹੈ। ਦਰਅਸਲ ਮਨੁੱਖ ਖ਼ੁਦ ਨੂੰ ਹਵਸ ਅਤੇ ਹਿਰਸ ਦੀ ਭੱਠੀ ਵਿੱਚ ਉਸ ਸਮੇਂ ਤੱਕ ਤਪਾਉਂਦਾ ਜਾਂ ਸਾੜਦਾ ਹੈ, ਜਦੋਂ ਤੱਕ ਉਹ ਉਸ ਵਿੱਚ ਸੜਦਾ ਹੋਇਆ ਖ਼ੁਦ ਫ਼ਨਾ ਨਹੀਂ ਹੋ ਜਾਂਦਾ ਹੈ। ਸਾਰੀ ਕਾਇਨਾਤ ਦਾ ਇਲਮ ਜਾਂ ਸਿਆਣਪ ਵੀ ਭਾਵੇਂ ਕਿਉਂ ਨਾ ਉਸ ਦੀ ਝੋਲੀ ਪਾ ਦਿੱਤੀ ਜਾਵੇ, ਪਰ ਉਹ ਆਪਣੀਆਂ ਖਵਾਹਿਸ਼ਾਂ ਦੀ ਪੂਰਤੀ ਤੱਕ ਆਪਣੇ ਮਨ ਦੇ ਆਖੇ ਲੱਗ ਕੇ ਆਪਣੇ ਹੱਥੀਂ ਆਪਣੇ-ਆਪ ਨੂੰ ਦਰ-ਦਰ ਉਤੇ ਜ਼ਲੀਲ-ਓ-ਖ਼ੁਆਰ ਕਰਵਾਉਣ ਤੋਂ ਜ਼ਰਾ ਵੀ ਨਹੀਂ ਝਿਜਕਦਾ ਹੈ। ਆਪਣੀ ਹਰ ਆਰਜ਼ੂ ਦੀ ਕਿਸੇ ਵੀ ਹੀਲੇ ਤਕਮੀਲ ਦੀ ਖਾਹਿਸ਼ ਰੱਖਣ ਵਾਲਾ ਹਰ ਮਨੁੱਖ ਆਪਣੀਆਂ ਹਸਰਤਾਂ ਅਤੇ ਖ਼ਵਾਬਾਂ ਦੇ ਚੱਕਰਵਿਊ ਵਿੱਚ ਹਮੇਸ਼ਾ ਘਿਰਿਆ ਰਹਿੰਦਾ ਹੈ। ਸਕੂਨ, ਖ਼ੁਸ਼ੀ, ਸ਼ੋਹਰਤ ਅਤੇ ਕਾਮਯਾਬੀ ਦਾ ਚਾਹਵਾਨ ਮਨੁੱਖ ਇੱਕ ਤੋਂ ਬਾਅਦ ਇੱਕ ਖਾਹਿਸ਼ ਦੀ ਪੂਰਤੀ ਤੋਂ ਬਾਅਦ ਵੀ ਰੁਸਵਾ ਹੋਣ ਦੇ ਨਾਲ-ਨਾਲ ਬੇਚੈਨ, ਗਮਗੀਨ ਅਤੇ ਨਾਕਾਮ ਹੀ ਰਹਿੰਦਾ ਹੈ।

ਗੁਰੂਦੇਵ ਨੇ ਜਗਿਆਸੂ ਨੂੰ ਫ਼ੁਰਮਾਇਆ ਕਿ ਦੁਨਿਆਵੀ ਪੱਧਰ ਉਤੇ ਕੋਈ ਵੀ ਪ੍ਰਾਪਤੀ ਅਸਲ ਵਿੱਚ ਨਾ ਤਾਂ ਮਨੁੱਖ ਨੂੰ ਕਦੇ ਸਕੂਨ ਪ੍ਰਦਾਨ ਕਰ ਸਕਦੀ ਹੈ ਅਤੇ ਨਾ ਹੀ ਮਨੁੱਖ ਅੰਦਰ ਕੋਈ ਸਦੀਵੀਂ ਖੇੜਾ ਜਾਂ ਵਿਸਮਾਦ ਪੈਦਾ ਕਰ ਸਕਦੀ ਹੈ। ਕਾਸ਼! ਮਨੁੱਖ ਆਪਣੇ ਖ਼ਵਾਬਾਂ ਦੀ ਤਾਬੀਰ ਨਾਲ ਜੇਕਰ ਕਿਤੇ ਪੁਰਸਕੂਨ ਹੋ ਜਾਂਦਾ ਤਾਂ ਸ਼ਾਇਦ ਉਸ ਅੰਦਰ ਕਿਸੇ ਜੰਨਤ ਨੂੰ ਪਾਉਣ ਦੀ ਆਰਜ਼ੂ ਬਾਕੀ ਨਾ ਰਹਿੰਦੀ; ਜੇਕਰ ਕਿਤੇ ਉਸ ਦੀਆਂ ਹਸਰਤਾਂ ਦੀਆਂ ਕੋਈ ਹੱਦਾਂ ਹੁੰਦੀਆਂ ਤਾਂ ਸ਼ਾਇਦ ਇਸ ਦੁਨੀਆਂ ਦੀ ਤਸਵੀਰ ਹੀ ਕੁਝ ਅਲੱਗ ਹੁੰਦੀ; ਜੇਕਰ ਕਿਤੇ ਉਸ ਨੂੰ ਆਪਣੀਆਂ ਕੁਝ ਤਮੰਨਾਵਾਂ ਦਾ ਗਲਾ ਘੋਟਣ ਦਾ ਹੁਨਰ ਆ ਜਾਂਦਾ ਤਾਂ ਸ਼ਾਇਦ ਉਹ ਗੁਨਾਹਾਂ ਦੇ ਰਸਤੇ ਉਤੇ ਏਨੀ ਦੂਰ ਤੱਕ ਨਾ ਨਿਕਲ ਜਾਂਦਾ; ਜੇਕਰ ਕਿਤੇ ਉਸ ਨੂੰ ਆਪਣੀ ਹਰ ਆਰਜ਼ੂ ਨੂੰ ਇਖ਼ਲਾਕ ਦੀ ਕਸਵੱਟੀ ਉਤੇ ਪਰਖਣਾ ਆ ਜਾਂਦਾ ਤਾਂ ਸ਼ਾਇਦ ਉਹ ਆਪਣੇ ਅੰਦਰ ਬਦੀ ਦੇ ਖ਼ਿਆਲ ਨੂੰ ਅੰਗੜਾਈ ਲੈਣ ਤੋਂ ਰੋਕਣ ਵਿੱਚ ਕਾਮਯਾਬ ਹੋ ਜਾਂਦਾ; ਜੇਕਰ ਉਹ ਆਪਣੇ ਗਿਰੇਬਾਨ ਵਿੱਚ ਝਾਤੀ ਮਾਰਨ ਦਾ ਫ਼ਨ ਸਿੱਖ ਲੈਂਦਾ ਤਾਂ ਸ਼ਾਇਦ ਉਹ ਆਪਣੀਆਂ ਬੇਲਗਾਮ ਖਾਹਿਸ਼ਾਂ ਦੀ ਪੂਰਤੀ ਖ਼ਾਤਰ ਹਰ ਕਦਮ ਉਤੇ ਸਮਝੌਤੇ ਕਰਨ ਤੋਂ ਗੁਰੇਜ਼ ਕਰਦਾ; ਜੇਕਰ ਕਿਤੇ ਉਸ ਨੂੰ ਆਪਣੇ ਅੰਦਰ ਦੇ ਸ਼ੋਰ ਨੂੰ ਆਪਣੇ ਅੰਦਰ ਹੀ ਨੇਸਤੋ-ਨਾਬੂਦ ਕਰਨ ਦਾ ਹੁਨਰ ਮਾਲੂਮ ਹੁੰਦਾ ਤਾਂ ਸ਼ਾਇਦ ਉਹ ਇਉਂ ਆਸ਼ਾਂਤ ਅਤੇ ਉਦਾਸ ਨਾ ਰਹਿੰਦਾ ਅਤੇ ਜੇਕਰ ਕਿਤੇ ਉਹ ਆਪਣੀ ਨਫ਼ਸ ਨੂੰ ਆਪਣੇ ਕਾਬੂ ਵਿੱਚ ਰੱਖਣ 'ਚ ਸਫ਼ਲ ਹੋ ਪਾਉਂਦਾ ਤਾਂ ਸ਼ਾਇਦ ਉਹ ਆਪਣੇ ਅੰਦਰੋਂ ਹੀ ਆਪਣੇ ਸੋਹਣੇ ਰੱਬ ਦੇ ਦੀਦਾਰ ਕਰ ਪਾਉਂਦਾ।

ਗੁਰੂਦੇਵ ਨੇ ਇਹ ਵੀ ਬਚਨ ਕੀਤਾ ਕਿ ਦਰਅਸਲ ਗਿਆਨ ਇੰਦਰੀਆਂ ਦੇ ਰਸਾਂ ਤੋਂ ਪਰਾਂ ਵੀ ਇੱਕ ਬੇਹੱਦ ਖ਼ੂਬਸੂਰਤ ਸੰਸਾਰ ਹੁੰਦਾ ਹੈ। ਕੇਵਲ ਆਪਣੀਆਂ ਤਮੰਨਾਵਾਂ ਦਾ ਪ੍ਰਗਟਾਵਾ ਜਾਂ ਉਨ੍ਹਾਂ ਨੂੰ ਸੰਤੁਸ਼ਟ ਕਰਨਾ ਹੀ ਜ਼ਿੰਦਗੀ ਦਾ ਪਹਿਲਾ ਅਤੇ ਆਖਰੀ ਮਕਸਦ ਹਰਗਿਜ਼ ਨਹੀਂ ਹੋ ਸਕਦਾ ਹੈ। ਕੋਈ ਵੀ ਦੁਨਿਆਵੀ ਰਸ ਮਨੁੱਖ ਨੂੰ ਆਤਮਿਕ ਤੌਰ ਉੱਪਰ ਕਦੇ ਵੀ ਸਦੀਵੀਂ ਤੌਰ 'ਤੇ ਤ੍ਰਿਪਤ ਨਹੀਂ ਕਰ ਸਕਦਾ ਹੈ। ਤ੍ਰਿਸ਼ਨਾਵਾਂ- ਲਾਲਚ ਅਤੇ ਈਰਖਾ ਵਿੱਚੋਂ ਪੈਦਾ ਹੁੰਦੀਆਂ ਹਨ। ਤ੍ਰਿਸ਼ਨਾਲੂ ਕਦੇ ਵੀ ਕਿਸੇ ਨਾਲ ਪਿਆਰ ਜਾਂ ਹਮਦਰਦੀ ਦੇ ਭਾਵ ਨਹੀਂ ਰੱਖ ਸਕਦਾ ਹੈ, ਕਿਉਂ ਕਿ ਨਾ ਤਾਂ ਉਹ ਜ਼ਹੀਨ ਹੁੰਦਾ ਹੈ ਅਤੇ ਨਾ ਉਹ ਹਸਾਸ ਹੁੰਦਾ ਹੈ। ਤ੍ਰਿਸ਼ਨਾਵਾਂ ਦੀ ਪਾਉੜੀਆਂ ਚੜ੍ਹਨ ਦਾ ਚਾਹਵਾਨ ਮਨੁੱਖ ਕਦੇ ਵੀ ਕਿਤੇ ਨਹੀਂ ਪੁੱਜਦਾ ਹੈ। ਸਾਨੂੰ ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਲਾਲਸਾਵਾਂ ਦਾ ਕਦੇ ਵੀ ਕੋਈ ਅੰਤ ਨਹੀਂ ਹੁੰਦਾ। ਭਾਵੇਂ ਮਨੁੱਖ ਦੀ ਇੱਕ ਤੋਂ ਬਾਅਦ ਇੱਕ ਕਾਮਨਾ ਵੀ ਕਿਉਂ ਨਾ ਪੂਰੀ ਹੋਵੇ, ਪਰ ਉਸ ਦੀਆਂ ਇੱਛਾਵਾਂ ਦੀ ਫਹਿਰਿਸਤ ਬਹੁਤ ਲੰਮੀ ਹੁੰਦੀ ਹੈ। ਖਵਾਇਸ਼ਾਂ ਦੀ ਚੱਕੀ ਵਿੱਚ ਪਿਸ ਰਿਹਾ ਮਨੁੱਖ ਕਦੇ ਵੀ ਜ਼ਿਹਨੀ ਤੌਰ ਉੱਪਰ ਸਕੂਨ ਹਾਸਲ ਨਹੀਂ ਕਰ ਸਕਦਾ ਹੈ। ਮਨੁੱਖ ਜ਼ਰਾ ਕੁ ਆਪਣੀ ਤਰਜ਼-ਏ-ਜ਼ਿੰਦਗੀ ਉੱਪਰ ਝਾਤ ਮਾਰੇ ਤਾਂ ਉਸ ਨੂੰ ਇੱਕ ਪੜਾਅ ਉਤੇ ਇਹ ਸਹਿਜੇ ਹੀ ਮਹਿਸੂਸ ਹੋਵੇਗਾ ਕਿ ਉਹ ਕਿਸ ਤਰ੍ਹਾਂ ਦਿਸ਼ਾਹੀਣਤਾ ਦਾ ਸ਼ਿਕਾਰ ਹੋ ਕੇ ਬੇਮਕਸਦ ਜ਼ਿੰਦਗੀ ਗੁਜ਼ਾਰ ਰਿਹਾ ਹੈ। ਅਸੀਂ ਲੋਕ ਅਕਸਰ ਇਸ ਮੁਗਾਲਤੇ ਦੇ ਸ਼ਿਕਾਰ ਹੁੰਦੇ ਹਾਂ ਕਿ ਜਿਵੇਂ ਸਫ਼ਲਤਾ ਦੇ ਕਿਸੇ ਸਿਖ਼ਰ ਨੂੰ ਛੂਹ ਕੇ ਸਾਨੂੰ ਸਭ ਕੁਝ ਮਿਲ ਜਾਵੇਗਾ; ਪਰ ਇਹ ਸੱਚ ਨਹੀਂ ਹੁੰਦਾ। ਆਪਣੀਆਂ ਖਵਾਹਿਸ਼ਾਂ ਦੀ ਪੂਰਤੀ ਤੋਂ ਬਾਅਦ ਵੀ ਅਸੀਂ ਆਪਣੇ ਆਖ਼ਰੀ ਸਾਹਾਂ ਤੱਕ ਅਧੂਰੇ, ਅਤ੍ਰਿਪਤ, ਅਸੰਤੁਸ਼ਟ ਅਤੇ ਨਾਖੁਸ਼ ਰਹਿੰਦੇ ਹਾਂ।



ਖੋਖਲੇ ਵਜੂਦ ਵਾਲੇ ਮਾਨਸਿਕ ਕੰਗਾਲੀ ਦਾ ਸੰਤਾਪ ਹੰਢਾਅ ਰਹੇ ਲੋਕ ਹਮੇਸ਼ਾ ਆਪਣੀ ਤੁਲਨਾ ਦੂਜਿਆਂ ਨਾਲ ਕਰਦੇ ਖ਼ੁਦ ਨੂੰ ਦੂਜਿਆਂ ਨਾਲੋਂ ਬੇਹਤਰ ਬਣਾਉਣ ਦੀ ਦੌੜ ਵਿੱਚ ਇਸ ਹੱਦ ਤੱਕ ਅੰਨ੍ਹੇ ਹੋ ਜਾਂਦੇ ਹਨ ਕਿ ਉਨ੍ਹਾਂ ਨੂੰ ਆਪਣੇ ਜੀਵਨ ਵਿੱਚ ਛੋਟੀਆਂ-ਛੋਟੀਆਂ ਲੇਕਿਨ ਬੇਸ਼ਕੀਮਤੀ ਖ਼ੁਸ਼ੀਆਂ ਨੂੰ ਮਾਣਨਾ ਨਸੀਬ ਹੀ ਨਹੀਂ ਹੁੰਦਾ ਹੈ। ਅਜਿਹੇ ਨਾਸ਼ੁਕਰੇ ਲੋਕ ਆਪਣੀ ਝੋਲੀ ਨੂੰ ਹਮੇਸ਼ਾ ਖਾਲੀ ਮਹਿਸੂਸ ਕਰਦੇ ਹਨ ਅਤੇ ਦੂਜਿਆਂ ਨੂੰ ਦੇਖ-ਦੇਖ ਕਿ ਅਹਿਸਾਸ-ਏ-ਕਮਤਰੀ ਦਾ ਸ਼ਿਕਾਰ ਹੋ ਜਾਂਦੇ ਹਨ। ਉਨ੍ਹਾਂ ਦਾ ਲੋਭ ਸਮੇਂ ਦੇ ਬੀਤਣ ਨਾਲ ਵੱਧਦਾ ਹੀ ਚਲਿਆ ਜਾਂਦਾ ਹੈ। ਇਨ੍ਹਾਂ ਦੀ ਕਾਮ ਚੇਸ਼ਟਾ ਦਾ ਸਫ਼ਰ ਇਨ੍ਹਾਂ ਨੂੰ ਥਕਾ ਦਿੰਦਾ ਹੈ। ਅਜਿਹੇ ਲੋਕਾਂ ਅੰਦਰ ਦੂਜਿਆਂ ਨਾਲੋਂ ਹਮੇਸ਼ਾ ਇੱਕ ਕਦਮ ਅੱਗੇ ਹੋਣ ਦੀ ਤੀਬਰ ਇੱਛਾ ਇਨ੍ਹਾਂ ਨੂੰ ਹਮੇਸ਼ਾ ਅਸ਼ਾਂਤ, ਵਿਚਲਿਤ ਤੇ ਪ੍ਰੇਸ਼ਾਨ ਕਰੀ ਰੱਖਦੀ ਹੈ। ਦਰਅਸਲ ਅਜੋਕੇ ਸਮੇਂ ਵਿੱਚ ਰੋਜ਼ਮੱਰਾ ਦੀ ਦੌੜ-ਭੱਜ ਵਿੱਚ ਮਨੁੱਖ ਬੁਨਿਆਦੀ ਤੌਰ ਉੱਪਰ ਇਹ ਭੁੱਲ ਹੀ ਗਿਆ ਹੈ ਕਿ ਭਟਕਣ ਦਾ ਸ਼ਿਕਾਰ ਬਣ ਕੇ, ਮਾਨਸਿਕ ਸ਼ਾਂਤੀ ਗਵਾ ਕੇ ਅਤੇ ਹਮੇਸ਼ਾ ਲੋਭ ਤੇ ਈਰਖਾ ਦੀ ਭੱਠੀ ਦਾ ਬਾਲਣ ਬਣ ਕੇ ਉਹ ਆਪਣੀ ਅਸਲ ਮੰਜ਼ਿਲ ਤੋਂ ਲੱਖਾਂ ਕੋਹਾਂ ਦੂਰ ਹੀ ਰਹੇਗਾ।

ਗੁਰੂਦੇਵ ਨੇ ਅੰਤ ਵਿੱਚ ਜਗਿਆਸੂ ਨੂੰ ਫ਼ੁਰਮਾਇਆ ਕਿ ਜ਼ਰੂਰਤਾਂ ਅਤੇ ਖਵਾਹਿਸ਼ਾਂ ਵਿੱਚ ਹਮੇਸ਼ਾ ਮੁਨਾਸਿਬ ਦੂਰੀ ਬਣਾ ਕੇ ਰੱਖੋ; ਆਪਣੇ ਲਾਲਚ ਨੂੰ ਆਪਣੀ ਅੰਤਰ ਆਤਮਾ ਉਤੇ ਬੋਝ ਨਾ ਪਾਉਣ ਦਿਉ; ਆਪਣਾ ਸਹਿਜ ਗਵਾ ਕੇ ਕਾਮਯਾਬੀ ਦੀਆਂ ਬੁਲੰਦੀਆਂ ਨੂੰ ਛੂਹਣ ਦੀ ਕੋਸ਼ਿਸ਼ ਨਾ ਕਰੋ ਅਤੇ ਇਸ ਗੱਲ ਨੂੰ ਹਮੇਸ਼ਾ ਯਾਦ ਰੱਖੋ ਕਿ ਇਹ ਜ਼ਿੰਦਗੀ ਦੀ ਦਾਤ ਕੇਵਲ ਆਪਣੀਆਂ ਅੱਥਰੀਆਂ ਖਾਹਿਸ਼ਾਂ ਦੀ ਪੂਰਤੀ ਲਈ ਨਹੀਂ ਮਿਲੀ ਹੈ। ਮਨੁੱਖ ਦੀ ਹਰ ਆਰਜ਼ੂ ਦੀ ਪੂਰਤੀ ਦੀ ਕੀਮਤ ਜੇਕਰ ਸਮੁੱਚੇ ਮੁਆਸ਼ਰੇ ਨੂੰ ਚੁਕਾਉਣੀ ਪੈਂਦੀ ਹੈ ਜਾਂ ਆਪਣੀਆਂ ਖਾਹਿਸ਼ਾਂ ਕਰਕੇ ਜੇਕਰ ਇਨਸਾਨ ਨੂੰ ਗੈਰ-ਸਿਧਾਂਤਕ ਅਤੇ ਗੈਰ-ਇਖਲਾਕੀ ਸਮਝੌਤੇ ਵੀ ਕਰਨੇ ਪੈਂਦੇ ਹਨ ਤਾਂ ਉਸ ਸੂਰਤ ਵਿੱਚ ਇਹ ਹੀ ਬੇਹਤਰ ਸਾਬਤ ਹੋਵੇਗਾ ਕਿ ਮਨੁੱਖ ਦੀਆਂ ਕੁਝ ਗੈਰ-ਵਾਜਬ ਖਾਹਿਸ਼ਾਂ ਅਧਵਾਟੇ ਹੀ ਦਮ ਤੋੜ ਦੇਣ।

ਇਹ ਵੀ ਯਾਦ ਰਹੇ ਕਿ ਆਪਣੀ ਜ਼ਿੰਦਗੀ ਦੇ ਰਾਹਾਂ ਨੂੰ ਖ਼ੁਸ਼ਨੁਮਾ, ਪੁਰਸਕੂਨ, ਸਾਜ਼ਗਾਰ ਅਤੇ ਹਮਵਾਰ ਬਣਾਉਣ ਦੀ ਖ਼ਾਤਰ ਬੇਲਗਾਮ ਹਸਰਤਾਂ ਦੇ ਅੰਧੇਰੀ ਅਤੇ ਬੰਦ ਗਲੀ ਵਿੱਚ ਦਾਖਲ ਹੋਣ ਤੋਂ ਜਿੰਨਾ ਸੰਭਵ ਹੋ ਸਕੇ, ਸੰਕੋਚ ਕਰਨ ਦੀ ਜ਼ਰੂਰਤ ਹੁੰਦੀ ਹੈ।

---

****ਪ੍ਰਿੰਸੀਪਲ, ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਜ, ਲੁਧਿਆਣਾ।***

ਚਰਚਾ

**ਰਵਿੰਦਰ ਸਿੰਘ ਸੋਢੀ, ਕੈਨੇਡਾ**
**ਫੋਨ: 1-604-369-2371**



# ਅਨੁਵਾਦ ਕਲਾ ਦੀ ਬਿਹਤਰੀਨ ਪੇਸ਼ਕਾਰੀ

## ਪ੍ਰੋ. ਨਵ ਸੰਗੀਤ ਵੱਲੋਂ ਅਨੁਵਾਦਿਤ ਰੂਸੀ ਨਾਵਲ 'ਮਾਲਵਾ'


ਵਰਤਮਾਨ ਸਮੇਂ ਵਿੱਚ ਪੰਜਾਬੀ ਸਾਹਿਤ ਦੀ ਇੱਕ ਅਜਿਹੀ ਨਾਮਵਰ ਸ਼ਖ਼ਸੀਅਤ ਹੈ ਪ੍ਰੋ. ਨਵ ਸੰਗੀਤ ਸਿੰਘ, ਜਿਸ ਦੀਆਂ ਮੌਲਿਕ ਅਤੇ ਅਨੁਵਾਦ ਕੀਤੀਆਂ ਰਚਨਾਵਾਂ ਰੋਜ਼ਾਨਾ ਹੀ ਦੇਸ-ਵਿਦੇਸ਼ ਦੇ ਨਾਮਵਰ ਅਖ਼ਬਾਰਾਂ, ਮੈਗਜ਼ੀਨ ਅਤੇ ਆਨਲਾਈਨ ਪੇਪਰਾਂ ਦਾ ਸ਼ਿੰਗਾਰ ਬਣਦੀਆਂ ਹਨ। ਕਈ ਲੇਖਕਾਂ ਨੂੰ ਸ਼ਿਕਾਇਤ ਹੀ ਰਹਿੰਦੀ ਹੈ ਕਿ ਪੰਜਾਬੀ ਅਖ਼ਬਾਰ ਜਾਂ ਮੈਗਜ਼ੀਨ ਉਨ੍ਹਾਂ ਦੀਆਂ ਰਚਨਾਵਾਂ ਨੂੰ ਗੌਲਦੇ ਹੀ ਨਹੀਂ, ਉਥੇ ਨਵ ਸੰਗੀਤ ਇਸ ਗੱਲ ਦਾ ਗਿਲਾ ਕਰਦਾ ਹੈ ਕਿ ਉਹ ਪੰਜਾਬੀ ਅਤੇ ਹਿੰਦੀ ਅਖ਼ਬਾਰਾਂ, ਮੈਗਜ਼ੀਨਾਂ ਵੱਲੋਂ ਰਚਨਾਵਾਂ ਭੇਜਣ ਦੀ ਲਗਾਤਾਰ ਮੰਗ ਨੂੰ ਪੂਰਾ ਨਹੀਂ ਕਰ ਸਕਦਾ।

ਹਥਲੀ ਲਿਖਤ ਵਿੱਚ ਉਸ ਦੇ ਮੌਲਿਕ ਸਾਹਿਤ ਨਾਲੋਂ ਉਸ ਵੱਲੋਂ ਕੀਤੇ ਉੱਚ ਪਾਏ ਦੇ ਅਨੁਵਾਦਿਤ ਸਾਹਿਤ ਦੀ ਸੰਖੇਪ ਜਿਹੀ ਚਰਚਾ ਕਰ ਕੇ ਉਸ ਦੇ ਹਾਲ ਵਿੱਚ ਹੀ ਪ੍ਰਕਾਸ਼ਿਤ ਰੂਸੀ ਨਾਵਲ (ਲੇਖਕ ਮੈਕਸਿਮ ਗੋਰਕੀ) 'ਮਾਲਵਾ' ਸੰਬੰਧੀ ਜਾਣਕਾਰੀ ਹੈ।

ਅਨੁਵਾਦ ਕਲਾ ਦੇ ਬਿਖੜੇ ਪੈਂਡੇ 'ਤੇ ਉਸ ਨੇ ਪਹਿਲਾ ਕਦਮ 1986 ਵਿੱਚ ਰੱਖਿਆ, ਜਦੋਂ 'ਪੰਖੜੀਆਂ' ਮੈਗਜ਼ੀਨ ਨੇ ਉਸ ਦੀ ਪਹਿਲੀ ਅਨੁਵਾਦ ਕੀਤੀ ਕਹਾਣੀ ਪ੍ਰਕਾਸ਼ਿਤ ਕੀਤੀ। ਉਸ ਦੇ ਇਸ ਪਹਿਲੇ ਯਤਨ ਨੂੰ ਭਰਪੂਰ ਹੁੰਗਾਰਾ ਮਿਲਣ ਕਾਰਨ ਉਹ ਉਤਸ਼ਾਹਿਤ ਹੋਇਆ ਅਤੇ ਉਸ ਨੇ ਇਸ ਖੇਤਰ ਵਿੱਚ ਇੱਕ ਲੰਮੀ ਪਾਰੀ ਖੇਡਣ ਦਾ ਮਨ ਬਣਾ ਲਿਆ। 1989 ਵਿੱਚ ਉਸ ਦੀ ਪਹਿਲੀ ਅਨੁਵਾਦਿਤ ਪੁਸਤਕ 'ਦੇਸ ਦੇਸ਼ਾਂਤਰ' ਪਾਠਕਾਂ ਦੇ ਸਨਮੁਖ ਆਈ। ਇਹ ਇੱਕ ਕਹਾਣੀ ਸੰਗ੍ਰਹਿ ਸੀ, ਜਿਸ ਵਿੱਚ ਅੰਗਰੇਜ਼ੀ ਅਤੇ ਹਿੰਦੀ ਦੀਆਂ ਗਿਆਰਾਂ ਕਹਾਣੀਆਂ ਦਾ ਅਨੁਵਾਦ ਸੀ। ਇਸ ਅਨੁਵਾਦਿਤ ਪੁਸਤਕ ਨੂੰ ਪੰਜਾਬੀ ਦੇ ਕਈ ਪ੍ਰਸਿੱਧ ਆਲੋਚਕਾਂ ਵੱਲੋਂ ਹਾਂ-ਪੱਖੀ ਹੁੰਗਾਰਾ ਮਿਲਿਆ। 'ਪੰਜਾਬੀ ਟ੍ਰਿਬਿਊਨ' ਦੇ ਕਾਲਮ 'ਅੰਗ ਸੰਗ' (ਸ਼ਾਮ ਸਿੰਘ) ਵਿੱਚ ਇਸ ਪੁਸਤਕ 'ਤੇ ਤਫ਼ਸੀਲ ਵਿੱਚ ਚਰਚਾ ਹੋਈ। ਇਸ ਤੋਂ ਬਾਅਦ ਤਾਂ ਚੱਲ ਸੋ ਚੱਲ। ਹੁਣ ਤੱਕ ਉਹ ਪੰਜਾਬੀ ਸਾਹਿਤ ਦੇ ਖ਼ਜ਼ਾਨੇ ਵਿੱਚ 25 ਅਮੁੱਲ ਅਨੁਵਾਦਿਤ ਪੁਸਤਕਾਂ ਨਾਲ ਆਪਣਾ ਯੋਗਦਾਨ ਪਾ ਚੁੱਕਿਆ ਹੈ। ਉਸ ਨੇ ਜ਼ਿਆਦਾ ਬਾਲ ਪੁਸਤਕਾਂ ਦਾ ਅਨੁਵਾਦ ਕੀਤਾ ਹੈ। ਜੂਲ ਵਰਨ, ਸ਼ਰਵਾਂਟੀਜ਼, ਬੈਲੰਟਾਈਨ, ਹਰਮਨ ਮੈਲਵਿਲ ਵਰਗੇ ਵਿਦੇਸ਼ੀ ਲੇਖਕਾਂ ਦੇ ਨਾਲ-ਨਾਲ ਉਸ ਨੇ ਸਤਿਆਜੀਤ ਰੇਅ, ਆਬਿਦ ਸੂਰਤੀ, ਊਸ਼ਾ ਯਾਦਵ ਵਰਗੇ ਭਾਰਤੀ ਲੇਖਕਾਂ ਦੀਆਂ ਰਚਨਾਵਾਂ ਨੂੰ ਵੀ ਅਨੁਵਾਦ ਕੀਤਾ। ਪ੍ਰੋ. ਨਵ ਸੰਗੀਤ ਸਿੰਘ ਦੇ ਮੁਢਲੇ ਪੜਾਅ ਦੀਆਂ ਅਨੁਵਾਦ ਕੀਤੀਆਂ ਪੁਸਤਕਾਂ ਦਾ ਮਿਆਰ ਦੇਖ ਕੇ ਪੰਜਾਬੀ ਦੇ ਕੁਝ ਪ੍ਰਕਾਸ਼ਕਾਂ ਨੇ ਉਸ ਤੋਂ ਵਿਸ਼ੇਸ਼ ਤੌਰ 'ਤੇ ਮੈਕਸਿਮ ਗੋਰਕੀ, ਸਦਰੁਦੀਨ ਐਨੀ, ਕ੍ਰਿਸ਼ਨ ਚੰਦਰ ਅਤੇ ਅਬਦੁਲ ਬਿਸਮਿੱਲਾਹ ਦੇ ਨਾਵਲਾਂ ਦੇ ਅਨੁਵਾਦ ਕਰਵਾ ਕੇ ਪ੍ਰਕਾਸ਼ਿਤ ਕੀਤੇ।

ਨਵ ਸੰਗੀਤ ਇੱਕ ਅਜਿਹਾ ਸੁਹਿਰਦ ਅਨੁਵਾਦਕ ਹੈ ਕਿ ਜੇ ਉਸ ਨੂੰ ਹਿੰਦੀ ਜਾਂ ਅੰਗਰੇਜ਼ੀ ਦੀ ਕੋਈ ਕਹਾਣੀ ਜਾਂ ਕਵਿਤਾ ਪਸੰਦ ਆ ਜਾਵੇ ਤਾਂ ਉਹ ਆਪ ਹੀ ਉਸਦਾ ਅਨੁਵਾਦ ਕਰ ਕੇ ਛਪਵਾ ਦਿੰਦਾ ਹੈ। ਉਸ ਨੇ ਪੰਜਾਬੀ ਦੀਆਂ ਬਹੁਤ ਸਾਰੀਆਂ ਰਚਨਾਵਾਂ ਦਾ ਹਿੰਦੀ ਵਿੱਚ ਵੀ ਅਨੁਵਾਦ ਕੀਤਾ ਹੈ, ਜੋ ਹਿੰਦੀ ਦੇ ਰਾਸ਼ਟਰੀ ਪੱਧਰ ਦੇ ਪਰਚਿਆਂ ਦਾ ਸ਼ਿੰਗਾਰ ਬਣੀਆਂ ਹਨ। ਅਨੁਵਾਦ ਤੋਂ ਇਲਾਵਾ ਉਸ ਨੇ ਇੱਕ ਪੁਸਤਕ (ਹਿੰਦੀ ਕਵੀ ਦੁਸ਼ਿਅੰਤ ਕੁਮਾਰ ਦੀ ਕਾਵਿ ਪੁਸਤਕ 'ਸਾਏ ਮੇਂ ਧੂਪ) ਦਾ ਪੰਜਾਬੀ ਵਿੱਚ ਲਿਪੀਅੰਤਰ ਵੀ ਕੀਤਾ ਹੈ, ਜੋ ਸੈਂਟਰਲ ਯੂਨੀਵਰਸਿਟੀ ਆਫ ਪੰਜਾਬ (ਬਠਿੰਡਾ) ਦੇ ਪਾਠਕ੍ਰਮ ਵਿੱਚ ਲੱਗੀ ਹੋਈ ਹੈ। ਉਸ ਦੀਆਂ ਦੋ ਅਨੁਵਾਦ ਕੀਤੀਆਂ ਕਿਤਾਬਾਂ ਨੈਸ਼ਨਲ ਬੁੱਕ ਟਰੱਸਟ ਵੱਲੋਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ।

ਹੁਣ ਕੁਝ ਚਰਚਾ ਉਸ ਦੁਆਰਾ ਪ੍ਰਸਿੱਧ ਰੂਸੀ ਲੇਖਕ ਮੈਕਸਿਮ ਗੋਰਕੀ ਦੇ ਨਾਵਲ 'ਮਾਲਵਾ' ਦੇ ਪੰਜਾਬੀ ਅਨੁਵਾਦ ਸੰਬੰਧੀ। ਇਹ ਨਾਵਲ ਗੋਰਕੀ ਦੇ ਦੂਜੇ ਨਾਵਲਾਂ ਨਾਲੋਂ ਕੁਝ ਹਟ ਕੇ ਹੈ। ਇਸ ਨਾਵਲ ਵਿੱਚ ਲੇਖਕ ਨੇ ਪਾਤਰਾਂ ਦੇ ਮਨੋਵਿਗਿਆਨਕ ਚਿਤਰਣ ਵੱਲ ਖਾਸ ਧਿਆਨ ਦਿੱਤਾ ਹੈ। ਇਸ ਵਿੱਚ ਔਰਤ-ਮਰਦ ਦੇ ਆਪਸੀ ਸੰਬੰਧਾਂ ਨੂੰ ਨਵੇਂ ਨਜ਼ਰੀਏ ਤੋਂ ਪੇਸ਼ ਕੀਤਾ ਗਿਆ ਹੈ। ਇਹ ਇੱਕ ਦੁਨਿਆਵੀ ਸੱਚ ਹੈ ਕਿ ਔਰਤ ਅਤੇ ਮਰਦ ਦੇ ਆਪਸੀ ਪਿਆਰ ਦੇ ਸਮਾਨੰਤਰ ਈਰਖਾ ਵੀ ਚਲਦੀ ਰਹਿੰਦੀ ਹੈ। ਇਹੋ ਨਹੀਂ, ਇੱਕੋ ਔਰਤ ਪ੍ਰਤੀ




ਮਰਦਾਂ ਵਿੱਚ ਅੰਨ੍ਹੀ ਦੌੜ ਵੀ ਲੱਗੀ ਰਹਿੰਦੀ ਹੈ। ਇੱਥੋਂ ਤੱਕ ਕਿ ਕਈ ਵਾਰ ਇਸ ਦੌੜ ਵਿੱਚ ਪਿਉ-ਪੁੱਤਰ ਵੀ ਇੱਕ ਦੂਜੇ ਦੇ ਮੁਕਾਬਲੇ ਵਿੱਚ ਖੜ੍ਹੇ ਹੋ ਜਾਂਦੇ ਹਨ। ਦੂਜੇ ਪਾਸੇ ਕਈ ਮਰਦਾਂ ਨੂੰ ਇਹ ਪਤਾ ਵੀ ਹੁੰਦਾ ਹੈ ਕਿ ਉਨ੍ਹਾਂ ਦੇ ਦਿਲ ਵਿੱਚ ਜਿਸ ਔਰਤ ਪ੍ਰਤੀ ਲਾਲਸਾ ਹੈ, ਉਹ ਕਿਸੇ ਦੂਜੇ ਮਰਦ ਨਾਲ ਗ਼ੈਰ-ਕਾਨੂੰਨੀ ਢੰਗ ਨਾਲ ਰਹਿ ਰਹੀ ਹੈ। ਅਜਿਹੇ ਪਾਤਰਾਂ ਦਾ ਵਿਸ਼ਲੇਸ਼ਣ ਸਤਹੀ ਤੌਰ 'ਤੇ ਨਹੀਂ, ਬਲਕਿ ਮਨੁੱਖੀ ਮਨ ਦੀਆਂ ਮਨੋਵਿਗਿਆਨਕ ਰੁਚੀਆਂ ਅਨੁਸਾਰ ਹੀ ਕੀਤਾ ਜਾ ਸਕਦਾ ਹੈ। ਮਸਲਨ ਵਾਸੀਲੀ ਜੋ ਪਤਨੀ ਅਤੇ ਗੱਭਰੂ ਲੜਕੇ ਦੇ ਹੋਣ ਦੇ ਬਾਵਜੂਦ ਮਾਲਵਾ ਨਾਂ ਦੀ ਔਰਤ ਨਾਲ ਰਹਿ ਰਿਹਾ ਹੈ ਅਤੇ ਉਹ ਆਪਣੇ ਪਹਿਲੇ ਪਰਿਵਾਰ ਨਾਲੋਂ ਰਿਸ਼ਤਾ ਤੋੜ ਹੀ ਚੁੱਕਿਆ ਹੈ। ਇੱਥੇ ਪ੍ਰਸਿੱਧ ਮਨੋਵਿਗਿਆਨੀ ਐਡਲਰ ਦੇ ਮਨੋਵਿਗਿਆਨਕ ਸਿਧਾਂਤਾਂ ਅਨੁਸਾਰ ਹੀ ਅਜਿਹੇ ਬਹੁ-ਪਰਤੀ ਪਾਤਰਾਂ ਅਤੇ ਅਵਸਥਾਵਾਂ ਦਾ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ। ਇਸ ਤੋਂ ਬਾਅਦ ਜਦੋਂ ਮਾਲਵਾ, ਵਸੀਲੀ ਦੇ ਜਵਾਨ ਪੁੱਤਰ ਯਾਕੋਵ ਨੂੰ ਲੈ ਕੇ ਆਉਂਦੀ ਹੈ ਅਤੇ ਦੋਵੇਂ ਇੱਕ-ਦੂਜੇ ਪ੍ਰਤੀ ਖਿੱਚੇ ਵੀ ਜਾਂਦੇ ਹਨ ਤਾਂ ਫਰਾਇਡ ਦਾ ਕਾਮ ਸੰਬੰਧੀ ਪੇਸ਼ ਕੀਤਾ ਸਿਧਾਂਤ ਠੀਕ ਲੱਗਦਾ ਹੈ ਕਿ ਦੁਨੀਆਂ ਵਿੱਚ ਆਪਸੀ ਰਿਸ਼ਤਿਆਂ ਦੀ ਨੀਂਹ ਕਾਮ 'ਤੇ ਟਿਕੀ ਹੁੰਦੀ ਹੈ। ਜਦੋਂ ਵਸੀਲੀ ਅਤੇ ਉਸਦੇ ਪੁੱਤਰ ਵਿੱਚ ਮਾਲਵਾ ਨੂੰ ਲੈ ਕੇ ਹੱਥੋ-ਪਾਈ ਹੋ ਜਾਂਦੀ ਹੈ ਅਤੇ ਬਾਅਦ ਵਿੱਚ ਮਾਲਵਾ ਇਹ ਮੰਨਦੀ ਹੈ ਕਿ ਉਸ ਨੇ ਜਾਣ-ਬੁਝ ਕੇ ਪਿਉ-ਪੁੱਤਰ ਦੀ ਲੜਾਈ ਕਰਵਾਈ ਸੀ ਤਾਂ ਇਹ ਕਥਨ ਸੱਚ ਸਾਬਤ ਹੁੰਦਾ ਹੈ ਕਿ 'ਪਿਆਰ ਅਤੇ ਦੁਸ਼ਮਣੀ ਵਿੱਚ ਸਭ ਜਾਇਜ਼ ਹੈ।'

ਮਾਲਵਾ ਦਾ ਇੱਕ ਰੂਪ ਹੋਰ ਸਾਹਮਣੇ ਆਉਂਦਾ ਹੈ, ਜਦੋਂ ਉਹ ਵਸੀਲੀ ਨੂੰ ਕਹਿੰਦੀ ਹੈ ਕਿ 'ਉਹ ਤੁਹਾਡੇ ਵਿੱਚੋਂ ਕਿਸੇ ਨੂੰ ਵੀ ਪਿਆਰ ਨਹੀਂ ਕਰਦੀ।' ਨਾਵਲ ਦੇ ਅੰਤ ਵਿੱਚ ਜਦੋਂ ਵਸੀਲੀ, ਮਾਲਵਾ ਨੂੰ ਛੱਡ ਕੇ ਚਲਿਆ ਜਾਂਦਾ ਹੈ ਤਾਂ ਨਾਵਲ ਦਾ ਚੌਥਾ ਪਾਤਰ ਸੇਰਯੋਜਕਾ, ਯਾਕੋਵ ਨੂੰ ਚਿਤਾਵਨੀ ਵੀ ਦਿੰਦਾ ਹੈ ਅਤੇ ਉਸਦੀ ਕੁੱਟ-ਮਾਰ ਵੀ ਕਰਦਾ ਹੈ ਕਿ ਉਹ ਮਾਲਵਾ ਤੋਂ ਦੂਰ ਰਹੇ ਤੇ ਇੱਕ ਵਾਰ ਫੇਰ ਇਹ ਸਪਸ਼ਟ ਹੋ ਜਾਂਦਾ ਹੈ ਕਿ ਕਾਮੁਕ ਰਿਸ਼ਤਿਆਂ ਵਿੱਚ ਇਨਸਾਨ ਮਰਨ-ਮਾਰਨ ਤੋਂ ਵੀ ਗੁਰੇਜ਼ ਨਹੀਂ ਕਰਦਾ। ਇਸ ਪ੍ਰਕਾਰ ਇਹ ਨਾਵਲ ਮਨੁੱਖੀ ਸੁਭਾਅ ਦੇ ਬਹੁ-ਪਰਤੀ ਵਿਹਾਰ ਦੀ ਸਫਲ ਪੇਸ਼ਕਾਰੀ ਕਰਦਾ ਹੈ। ਨਾਵਲਕਾਰ ਨੇ ਚਾਰ ਪਾਤਰਾਂ ਰਾਹੀਂ ਹੀ ਦੁਨਿਆਵੀ ਹਕੀਕਤਾਂ ਅਤੇ ਮਨੁੱਖੀ ਮਨ ਦੀਆਂ ਗੁੰਝਲਦਾਰ ਪਰਤਾਂ ਨੂੰ ਰੂਪਮਾਨ ਕਰ ਦਿੱਤਾ ਹੈ।


ਪ੍ਰੋ. ਨਵ ਸੰਗੀਤ ਸਿੰਘ

ਹੁਣ ਕੁਝ ਗੱਲਾਂ ਨਾਵਲ ਦੇ ਅਨੁਵਾਦ ਸੰਬੰਧੀ। ਅਸਲ ਵਿੱਚ ਅਨੁਵਾਦਿਤ ਰਚਨਾ ਵਿੱਚ ਮੂਲ ਪੁਸਤਕ ਦੀ ਸਾਰਥਿਕਤਾ ਦੇ ਨਾਲ-ਨਾਲ ਅਨੁਵਾਦਕ ਦੀ ਕਲਾ ਦੀ ਪਰਖ ਵੀ ਜ਼ਰੂਰੀ ਹੁੰਦੀ ਹੈ। 'ਮਾਲਵਾ' ਰੂਸੀ ਭਾਸ਼ਾ ਦਾ ਨਾਵਲ ਹੈ, ਜਿਸ ਵਿੱਚ ਕੁਦਰਤੀ ਹੀ ਰੂਸੀ ਮਾਹੌਲ, ਉੱਥੋਂ ਦੇ ਸਭਿਆਚਾਰ ਦੀ ਪੇਸ਼ਕਾਰੀ ਕੀਤੀ ਹੋਵੇਗੀ। ਰੂਸੀ ਭਾਸ਼ਾ ਦੀਆਂ ਆਪਣੀਆਂ ਵਿਸ਼ੇਸ਼ ਗੱਲਾਂ ਹਨ, ਆਪਣਾ ਮੁਹਾਵਰਾ ਹੈ ਅਤੇ ਆਪਣਾ ਵਿਆਕਰਣ ਹੈ। ਇਸ ਸਭ ਕੁਝ ਨੂੰ ਅਨੁਵਾਦ ਵਾਲੀ ਭਾਸ਼ਾ ਦੇ ਮੁਤਾਬਿਕ ਢਾਲਣਾ ਕੋਈ ਸਹਿਜ ਕਾਰਜ ਨਹੀਂ। ਇਸੇ ਲਈ ਅਨੁਵਾਦਿਤ ਰਚਨਾ ਨੂੰ ਦੋ ਭਾਸ਼ਾਵਾਂ ਦੇ ਵਿੱਚ ਪੁਲ ਕਿਹਾ ਜਾਂਦਾ ਹੈ। ਨਾਵਲ ਪੜ੍ਹਦਿਆਂ ਨਵ ਸੰਗੀਤ ਦੁਆਰਾ ਕੀਤੇ ਇਸ ਅਨੁਵਾਦ ਵਿੱਚੋਂ ਉਸਦੀ ਪੰਜਾਬੀ ਭਾਸ਼ਾ 'ਤੇ ਪੀਡੀ ਪਕੜ ਦਾ ਹੀ ਪਤਾ ਨਹੀਂ ਲੱਗਦਾ, ਸਗੋਂ ਇਹ ਮਹਿਸੂਸ ਹੁੰਦਾ ਹੈ ਕਿ ਉਸ ਨੇ ਰੂਸੀ ਭਾਸ਼ਾ ਦੀ ਸਾਹਿਤਕ ਕਿਰਤ ਨੂੰ ਪੰਜਾਬੀ ਰੂਪ ਵਿੱਚ ਢਾਲ ਦਿੱਤਾ ਹੈ। ਇਸ ਦੀਆਂ ਕਈ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ। ਨਾਵਲ ਦੇ ਪਹਿਲੇ ਕਾਂਡ ਵਿੱਚ ਹੀ ਉਸ ਵੱਲੋਂ ਉਲੀਕੇ ਦ੍ਰਿਸ਼ ਵਿੱਚ ਉਸਦੀ ਸ਼ਬਦ-ਚੋਣ ਸਲਾਹੁਣਯੋਗ ਹੈ, "ਹਵਾ ਸਮੁੰਦਰ ਦੀ ਰੇਸ਼ਮੀ ਛਾਤੀ ਨੂੰ ਪਿਆਰ ਨਾਲ ਥਪਥਪਾ ਰਹੀ ਸੀ, ਸੂਰਜ ਆਪਣੀਆਂ ਗਰਮ ਕਿਰਨਾਂ ਨਾਲ ਉਹਨੂੰ ਨਿੱਘ ਦੇ ਰਿਹਾ ਸੀ, ਤੇ ਸਮੁੰਦਰ ਜਿਵੇਂ ਇਨ੍ਹਾਂ ਕੋਮਲ ਥਪਕੀਆਂ ਨਾਲ ਨੀਂਦ-ਵਿਗੁਤਾ ਸਾਹ ਲੈ ਰਿਹਾ ਸੀ, ਅਤੇ ਗਰਮ ਹਵਾ ਨੂੰ ਨਮਕੀਨ ਮਹਿਕ ਨਾਲ ਭਰ ਰਿਹਾ ਸੀ।"

ਇਸੇ ਤਰ੍ਹਾਂ ਹੀ ਜਦੋਂ ਮਾਲਵਾ, ਵਸੀਲੀ ਦੇ ਪੁੱਤਰ ਨੂੰ ਲੈ ਕੇ ਆਉਂਦੀ ਹੈ ਤਾਂ ਦੋਹਾਂ ਦੀ ਆਪਸੀ ਵਾਰਤਾਲਾਪ ਦਾ ਪੰਜਾਬੀ ਲਹਿਜ਼ਾ ਦੇਖਣਯੋਗ ਹੈ:

"ਕੀ ਗੱਲ? ਆਪਣੇ ਬੇਟੇ ਨੂੰ ਮਿਲ ਕੇ ਤੈਨੂੰ ਕੋਈ ਖੁਸ਼ੀ ਨਹੀਂ ਹੋਈ?" ਹੱਸ ਕੇ ਉਹਨੇ ਪੁੱਛਿਆ।

"ਕਿਉਂ ਨਹੀਂ, ਉਹਦਾ ਹਾਸਾ ਵੇਖਿਐ? ਇਹ ਸਭ ਤੇਰੇ ਕਰਕੇ ਹੋ ਰਿਹਾ ਹੈ।" ਵਸੀਲੀ ਨੇ ਗਰਜ ਕੇ ਕਿਹਾ।

"ਅੱਛਾ! ਮੇਰੇ ਕਰਕੇ!" ਮਾਲਵਾ ਨੇ ਹਾਸੇ ਅਤੇ ਹੈਰਾਨੀ ਨਾਲ ਪੁੱਛਿਆ।

"ਹੋਰ ਕਿਸ ਕਰਕੇ?"

ਇਸ ਤੋਂ ਇਲਾਵਾ ਨਵ ਸੰਗੀਤ ਨੇ ਥਾਂ ਪੁਰ ਥਾਂ ਮੌਕੇ ਮੁਤਾਬਿਕ ਠੇਠ ਪੰਜਾਬੀ ਸ਼ਬਦਾਂ ਦੀ ਵਰਤੋਂ ਕਰਕੇ ਨਿਰੋਲ ਪੰਜਾਬੀ ਮਾਹੌਲ ਸਿਰਜਿਆ ਹੈ, ਜਿਵੇਂ: ਗਲਵਕੜੀ, ਮਿੱਟੀ ਰੰਗੇ ਪਰਛਾਵੇਂ, ਥਥਲਾਉਂਦੇ, ਖਿਸਕ, ਲਾਲਾਂ ਡਿੱਗ ਸਕਦੀਆਂ ਨੇ, ਝਪੱਟਾ ਮਾਰ ਕੇ, ਟਾਕੀਆਂ, ਟਕੇ ਵਰਗਾ ਜੁਆਬ, ਊਟ ਪਟਾਂਗ ਆਦਿ।

ਥਾਂ ਪੁਰ ਥਾਂ ਸਮੁੰਦਰੀ ਤਟ ਦੇ ਦ੍ਰਿਸ਼ ਨੂੰ ਵੀ ਕਲਾਤਮਕ ਢੰਗ ਨਾਲ ਪ੍ਰਗਟਾਇਆ ਗਿਆ ਹੈ। ਸਿਰਫ ਨਾਵਲ ਦੇ ਪਾਤਰਾਂ ਦੇ ਨਾਵਾਂ ਤੋਂ ਇਲਾਵਾ ਸਾਰਾ ਨਾਵਲ ਹੀ ਪੰਜਾਬੀ ਲਗਦਾ ਹੈ। ਇਹੋ ਇਸ ਅਨੁਵਾਦ ਦੀ ਖਾਸੀਅਤ ਹੈ।

ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ 'ਮਾਲਵਾ' ਨਾਵਲ ਦੇ ਪੰਜਾਬੀ ਅਨੁਵਾਦ ਨਾਲ ਜਿੱਥੇ ਪ੍ਰੋ. ਨਵ ਸੰਗੀਤ ਸਿੰਘ ਦੀ ਅਨੁਵਾਦ ਕਲਾ ਨੇ ਇੱਕ ਨਵੀਂ ਪੁਲਾਂਘ ਪੁੱਟੀ ਹੈ, ਉਥੇ ਹੀ ਪੰਜਾਬੀ ਅਨੁਵਾਦ ਦੇ ਖ਼ਜ਼ਾਨੇ ਵਿੱਚ ਨਿੱਗਰ ਵਾਧਾ ਵੀ ਹੋਇਆ ਹੈ। ਇਕਰਸ ਪਬਲਿਸ਼ਰ, ਖੰਨਾ (ਪੰਜਾਬ) ਵੱਲੋਂ 111 ਪੰਨਿਆਂ ਦੇ ਇਸ ਨਾਵਲ ਦਾ ਮੁੱਲ 249/- ਰੁਪਏ ਹੈ। ਪੁਸਤਕ ਦਾ ਟਾਈਟਲ ਅਤੇ ਛਪਾਈ ਉੱਤਮ ਦਰਜੇ ਦੀ ਹੈ।

# ਸੰਸਾਰ ਪੱਧਰੀ ਤਣਾਅ ਦੌਰਾਨ ਸੋਨੇ ਦੀਆਂ ਕੀਮਤਾਂ ਵਿੱਚ ਵਾਧਾ

14 ਫਰਵਰੀ 2025 ਨੂੰ 24 ਕੈਰੇਟ ਸੋਨੇ ਦੇ 10 ਗ੍ਰਾਮ ਦੀ ਕੀਮਤ 86,360 ਰੁਪਏ 'ਤੇ ਪਹੁੰਚ ਗਈ ਸੀ, ਜੋ ਹੁਣ ਤੱਕ ਦਾ ਸਭ ਤੋਂ ਉੱਚਾ ਪੱਧਰ ਸੀ। ਪਹਿਲੀ ਜਨਵਰੀ ਤੋਂ 13 ਫਰਵਰੀ ਤੱਕ ਯਾਨੀ ਸਿਰਫ 44 ਦਿਨਾਂ 'ਚ 10 ਗ੍ਰਾਮ ਵਾਲੇ 24 ਕੈਰੇਟ ਸੋਨੇ ਦੀ ਕੀਮਤ 'ਚ 9,092 ਰੁਪਏ ਦਾ ਵਾਧਾ ਹੋਇਆ। ਜੇਕਰ ਇਸ ਨੂੰ ਪ੍ਰਤੀਸ਼ਤ ਦੇ ਹਿਸਾਬ ਨਾਲ ਦੇਖੀਏ ਤਾਂ ਇਸਦੀ ਕੀਮਤ ਵਿੱਚ ਕਰੀਬ 11 ਫੀਸਦੀ ਦਾ ਵਾਧਾ ਹੋਇਆ ਹੈ ਅਤੇ ਹੁਣ ਸਿਰਫ 16 ਫੀਸਦੀ ਵਾਧੇ ਨਾਲ 1 ਲੱਖ ਰੁਪਏ ਦੇ ਪੱਧਰ ਨੂੰ ਛੂਹਣਾ ਬਾਕੀ ਹੈ। ਇਸ ਨੂੰ ਦੇਖ ਕੇ ਲੱਗਦਾ ਹੈ ਕਿ ਇਸ ਸਾਲ ਦੇ ਅੰਤ ਤੱਕ ਇਸ ਦੀ ਕੀਮਤ ਆਸਾਨੀ ਨਾਲ 1 ਲੱਖ ਰੁਪਏ ਦੇ ਪੱਧਰ ਨੂੰ ਪਾਰ ਕਰ ਸਕਦੀ ਹੈ।

ਸੋਨੇ ਦੀ ਕੀਮਤ ਵਧਣ ਦਾ ਮੁੱਖ ਕਾਰਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਅਪਣਾਈਆਂ ਗਈਆਂ ਆਰਥਿਕ ਨੀਤੀਆਂ ਹਨ। ਵਿਸ਼ਵ ਵਪਾਰ ਯੁੱਧ ਦੀ ਸੰਭਾਵਨਾ ਵਧਦੀ ਜਾ ਰਹੀ ਹੈ। ਦੂਜੇ ਪਾਸੇ ਅਮਰੀਕੀ ਨੀਤੀਆਂ ਅਤੇ ਆਲਮੀ ਅਨਿਸ਼ਚਿਤਤਾਵਾਂ ਕਾਰਨ ਡਾਲਰ ਦੇ ਮੁਕਾਬਲੇ ਰੁਪਿਆ ਲਗਾਤਾਰ ਕਮਜ਼ੋਰ ਹੋ ਰਿਹਾ ਹੈ। ਦੇਸ਼-ਵਿਦੇਸ਼ ਵਿੱਚ ਮਹਿੰਗਾਈ ਦਾ ਡਰ ਅਜੇ ਵੀ ਬਰਕਰਾਰ ਹੈ। ਹਾਲਾਂਕਿ ਭਾਰਤ 'ਚ ਸਬਜ਼ੀਆਂ ਅਤੇ ਹੋਰ ਖਾਣ-ਪੀਣ ਵਾਲੀਆਂ ਚੀਜ਼ਾਂ ਦੀਆਂ ਕੀਮਤਾਂ 'ਚ ਗਿਰਾਵਟ ਕਾਰਨ ਜਨਵਰੀ ਮਹੀਨੇ 'ਚ ਪ੍ਰਚੂਨ ਮਹਿੰਗਾਈ ਦਰ 4.31 ਫੀਸਦੀ 'ਤੇ ਆ ਗਈ ਸੀ, ਜੋ ਪਿਛਲੇ 5 ਮਹੀਨਿਆਂ 'ਚ ਸਭ ਤੋਂ ਘੱਟ ਹੈ। ਅਮਰੀਕਾ ਅਤੇ ਇੰਗਲੈਂਡ ਵੱਲੋਂ ਨੀਤੀਗਤ ਵਿਆਜ ਦਰਾਂ ਵਿੱਚ ਕਟੌਤੀ ਅਤੇ ਦੁਨੀਆ ਦੇ ਕੁਝ ਹਿੱਸਿਆਂ ਵਿੱਚ ਵਧ ਰਹੇ ਭੂ-ਰਾਜਨੀਤਿਕ ਤਣਾਅ ਕਾਰਨ ਵੀ ਸੋਨਾ ਚਮਕ ਰਿਹਾ ਹੈ। ਗੋਲਡ ਈ.ਟੀ.ਐਫ. ਵਿੱਚ ਵਧਦੇ ਨਿਵੇਸ਼ ਕਾਰਨ ਸੋਨੇ ਦੀ ਮੰਗ ਵੀ ਵਧ ਰਹੀ ਹੈ। ਸ਼ੇਅਰ ਬਾਜ਼ਾਰ ਵਿੱਚ ਹਾਲ ਹੀ ਵਿੱਚ ਆਈ ਗਿਰਾਵਟ ਕਾਰਨ ਨਿਵੇਸ਼ਕ ਸੋਨੇ ਵੱਲ ਰੁਖ ਕਰ ਰਹੇ ਹਨ। ਦੂਜੇ ਪਾਸੇ ਭਾਰਤ 'ਚ ਵਿਆਹਾਂ ਦਾ ਸੀਜ਼ਨ ਸ਼ੁਰੂ ਹੋ ਗਿਆ ਹੈ। ਇਸ ਲਈ ਸੋਨੇ ਦੀ ਕੀਮਤ ਵਧਣ ਦੇ ਬਾਵਜੂਦ ਇਸ ਦੀ ਮੰਗ ਤੇ ਕੀਮਤ ਲਗਾਤਾਰ ਵਧ ਰਹੀ ਹੈ।

ਭਾਰਤ ਵਿੱਚ ਸੋਨਾ ਬਹੁਤ ਹੈ, ਕਿਉਂਕਿ ਭਾਰਤ ਵਿੱਚ ਔਰਤਾਂ ਸੋਨੇ ਦੀਆਂ ਸ਼ੈਦਾਈ ਹਨ ਅਤੇ ਇਹ ਸ਼ੈਦਾਅ ਆਦਿ ਕਾਲ ਤੋਂ ਹੀ ਕਾਇਮ ਹੈ। ਪੁਰਾਣੇ ਸਮਿਆਂ ਵਿਚ ਔਰਤਾਂ ਦੇ ਨਾਲ-ਨਾਲ ਮਰਦ ਵੀ ਸੋਨੇ ਦੇ ਗਹਿਣੇ ਪਹਿਨਦੇ ਸਨ। ਭਾਰਤ ਵਿੱਚ ਕਿਸੇ ਵੀ ਸ਼ੁਭ ਸਮੇਂ, ਵਿਆਹ, ਤਿਉਹਾਰ ਜਾਂ ਮੌਤ ਦੇ ਸਮੇਂ ਸੋਨਾ ਖਰੀਦਿਆ ਜਾਂਦਾ ਹੈ, ਜਦੋਂ ਕਿ ਪੱਛਮੀ ਦੇਸ਼ਾਂ ਵਿੱਚ ਅਜਿਹਾ ਨਹੀਂ ਹੁੰਦਾ। ਉੱਥੇ ਦੇ ਲੋਕ ਵਿਆਹਾਂ 'ਚ ਜ਼ਿਆਦਾ ਗਹਿਣੇ ਨਹੀਂ ਪਾਉਂਦੇ। ਨਾ ਹੀ ਸੋਨੇ ਦੇ ਗਹਿਣੇ ਜਾਂ ਸੋਨਾ ਤੋਹਫ਼ੇ ਵਜੋਂ ਦੇਣ ਦਾ ਰੁਝਾਨ ਹੈ। ਅਮਰੀਕਾ ਅਤੇ ਯੂਰਪ ਵਿੱਚ ਵਿਆਹ ਮੌਕੇ ਸਿਰਫ਼ ਸੋਨੇ ਦੀਆਂ ਮੁੰਦਰੀਆਂ ਦਿੱਤੀਆਂ ਜਾਂਦੀਆਂ ਹਨ, ਜੋ ਕਿ 9 ਜਾਂ 12 ਕੈਰੇਟ ਦੀਆਂ ਹੁੰਦੀਆਂ ਹਨ, ਜਦੋਂ ਕਿ ਭਾਰਤ ਵਿੱਚ ਵਿਆਹ ਮੌਕੇ ਲੜਕੀ ਅਤੇ ਲੜਕੇ ਨੂੰ ਗਹਿਣੇ ਵਜੋਂ 22 ਜਾਂ 24 ਕੈਰੇਟ ਦਾ ਸੋਨਾ ਦਿੱਤਾ ਜਾਂਦਾ ਹੈ। ਅੱਜਕੱਲ੍ਹ ਵਿਆਹਾਂ ਵਿੱਚ ਤੋਹਫ਼ੇ ਵਜੋਂ ਸੋਨੇ ਦੇ ਬਿਸਕੁਟ ਵੀ ਦਿੱਤੇ ਜਾਂਦੇ ਹਨ।

ਭਾਰਤ ਵਿੱਚ ਫਿਲਮਾਂ ਦੀਆਂ ਹੀਰੋਇਨਾਂ, ਵੱਡੇ ਕਾਰੋਬਾਰੀਆਂ ਜਾਂ ਕਾਰਪੋਰੇਟ ਘਰਾਣਿਆਂ ਦੀਆਂ ਨੂੰਹਾਂ ਜਾਂ ਰਾਜਿਆਂ-ਰਜਵਾੜਿਆਂ ਦੇ ਵਾਰਸ ਵਿਆਹਾਂ, ਕਿਸੇ ਤਿਉਹਾਰ/ਕਿਸੇ ਪਾਰਟੀ ਜਾਂ ਸਮਾਗਮ ਵਿੱਚ ਮਹਿੰਗੇ ਸੋਨੇ ਦੇ ਗਹਿਣੇ ਪਹਿਨਣਾ ਪਸੰਦ ਕਰਦੇ ਹਨ। ਇਸੇ ਕਾਰਨ ਅੱਜ ਅਰਬਾਂ-ਖਰਬਾਂ ਰੁਪਏ ਵਿਆਹਾਂ ਲਈ ਸੋਨੇ ਦੇ ਗਹਿਣੇ ਖਰੀਦਣ 'ਤੇ ਖਰਚ ਕੀਤੇ ਜਾ ਰਹੇ ਹਨ। ਵਿਆਹਾਂ ਦੇ ਸੀਜ਼ਨ, ਦੀਵਾਲੀ ਜਾਂ ਅਕਸ਼ੈ ਤ੍ਰਿਤੀਆ ਦੇ ਦੌਰਾਨ ਸੋਨੇ ਜਾਂ ਸੋਨੇ ਦੇ ਗਹਿਣਿਆਂ ਦੀ ਵੱਡੇ ਪੱਧਰ 'ਤੇ ਖਰੀਦਦਾਰੀ ਕੀਤੀ ਜਾਂਦੀ ਹੈ, ਕਿਉਂਕਿ ਅੱਜਕੱਲ੍ਹ ਸੋਨਾ ਜਾਂ ਸੋਨੇ ਦੇ ਗਹਿਣੇ ਤੋਹਫ਼ੇ ਵਜੋਂ ਦੇਣ ਦਾ ਰੁਝਾਨ ਬਹੁਤ ਵਧ ਗਿਆ ਹੈ।

ਵਰਲਡ ਗੋਲਡ ਕੌਂਸਲ (ਡਬਲਯੂ.ਜੀ.ਸੀ.) ਦੀ ਸਾਲ 2024 ਦੀ ਰਿਪੋਰਟ ਮੁਤਾਬਕ ਭਾਰਤ ਵਿੱਚ ਸੋਨੇ ਦੀ ਮੰਗ ਸਾਲ 2024 ਵਿੱਚ ਸਭ ਤੋਂ ਵੱਧ ਵਧੀ ਹੈ। 2025 ਲਈ ਜਾਰੀ ਆਪਣੇ ਆਉਟਲੁੱਕ ਵਿੱਚ ਡਬਲਯੂ.ਜੀ.ਸੀ. ਨੇ ਕਿਹਾ ਕਿ ਕੇਂਦਰੀ ਬੈਂਕ ਸੋਨੇ ਵਿੱਚ ਵਧੇਰੇ ਨਿਵੇਸ਼ ਕਰ ਰਹੇ ਹਨ ਅਤੇ ਸੋਨੇ ਦੇ ਈ.ਟੀ.ਐਫ. ਵਿੱਚ ਵੀ ਵੱਡੀ ਰਕਮ ਦਾ ਨਿਵੇਸ਼ ਕੀਤਾ ਜਾ ਰਿਹਾ ਹੈ, ਜਿਸ ਕਾਰਨ ਸੋਨੇ ਦੀ ਮੰਗ ਲਗਾਤਾਰ ਵਧ ਰਹੀ ਹੈ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਭਾਰਤ ਦੇ ਮੰਦਰਾਂ ਵਿੱਚ 2000 ਤੋਂ 4000 ਟਨ ਸੋਨਾ ਰੱਖਿਆ ਜਾ ਸਕਦਾ ਹੈ।

ਭਾਰਤ ਆਪਣੇ ਦਮ 'ਤੇ ਸੋਨੇ ਦੀ ਘਰੇਲੂ ਮੰਗ ਨੂੰ ਪੂਰਾ ਕਰਨ ਤੋਂ ਅਸਮਰੱਥ ਹੈ, ਇਸ ਲਈ ਉਸ ਨੂੰ ਦੂਜੇ ਦੇਸ਼ਾਂ 'ਤੇ ਨਿਰਭਰ ਰਹਿਣਾ ਪੈਂਦਾ ਹੈ। 2024 ਦੇ 11 ਮਹੀਨਿਆਂ ਵਿੱਚ ਭਾਰਤ ਨੇ ਕੁੱਲ 47 ਬਿਲੀਅਨ ਅਮਰੀਕੀ ਡਾਲਰ ਦਾ ਸੋਨਾ ਆਯਾਤ ਕੀਤਾ ਸੀ, ਜੋ ਕਿ ਹੁਣ ਤੱਕ ਦਾ ਸਭ ਤੋਂ ਉੱਚਾ ਪੱਧਰ ਹੈ; ਜਦੋਂ ਕਿ ਸਾਲ 2023 ਵਿੱਚ ਭਾਰਤ ਨੇ ਕੁੱਲ 42.6 ਬਿਲੀਅਨ ਅਮਰੀਕੀ ਡਾਲਰ ਦਾ ਸੋਨਾ ਆਯਾਤ ਕੀਤਾ ਸੀ।

ਇਸ ਵਿੱਚ 40 ਫੀਸਦੀ ਸੋਨਾ ਸਵਿਟਜ਼ਰਲੈਂਡ ਤੋਂ, 16 ਫੀਸਦੀ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.), 10 ਫੀਸਦੀ ਦੱਖਣੀ ਅਫਰੀਕਾ ਤੋਂ ਅਤੇ ਬਾਕੀ ਆਸਟ੍ਰੇਲੀਆ, ਗਿਨੀ, ਪੇਰੂ ਆਦਿ ਦੇਸ਼ਾਂ ਤੋਂ ਮੰਗਵਾਇਆ ਗਿਆ। ਚੀਨ ਦੁਨੀਆ ਵਿੱਚ ਸਭ ਤੋਂ ਵੱਧ ਸੋਨਾ ਖਰੀਦਦਾ ਹੈ। ਇਸ ਸਮੇਂ ਦੇਸ਼ 'ਚ ਵਿਆਹਾਂ ਦਾ ਸੀਜ਼ਨ ਚੱਲ ਰਿਹਾ ਹੈ, ਜਿਸ ਕਾਰਨ ਆਉਣ ਵਾਲੇ ਦਿਨਾਂ 'ਚ ਭਾਰਤ 'ਚ ਸੋਨੇ ਦੀ ਮੰਗ ਹੋਰ ਵਧਣ ਦੀ ਸੰਭਾਵਨਾ ਹੈ। ਦੂਜੇ ਪਾਸੇ ਮੌਜੂਦਾ ਗਲੋਬਲ ਅਨਿਸ਼ਚਿਤਤਾਵਾਂ, ਦੁਨੀਆ ਦੇ ਕੁਝ ਹਿੱਸਿਆਂ ਵਿੱਚ ਲਗਾਤਾਰ ਭੂ-ਰਾਜਨੀਤਿਕ ਤਣਾਅ, ਅਮਰੀਕੀ ਨੀਤੀਆਂ, ਡਾਲਰ ਦੇ ਮੁਕਾਬਲੇ ਰੁਪਏ ਦਾ ਲਗਾਤਾਰ ਕਮਜ਼ੋਰ ਹੋਣਾ, ਸਟਾਕ ਮਾਰਕੀਟ ਵਿੱਚ ਹਾਲ ਹੀ ਵਿੱਚ ਆਈ ਗਿਰਾਵਟ ਆਦਿ ਕਾਰਨ ਸੋਨੇ ਦੀ ਕੀਮਤ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ।

***-ਸਤੀਸ਼ ਸਿੰਘ***

# ਹਾਕੀ ਦਾ ਮੰਨਿਆ-ਪ੍ਰਮੰਨਿਆ ਖਿਡਾਰੀ ਸੁਰਜੀਤ ਸਿੰਘ


*ਪੰਜਾਬ ਦੀ ਧਰਤੀ ਨੇ ਵੱਡੇ-ਵੱਡੇ ਖਿਡਾਰੀ ਪੈਦਾ ਕੀਤੇ ਹਨ- ਚਾਹੇ ਇਹ ਚੜ੍ਹਦਾ ਪੰਜਾਬ ਹੋਵੇ ਜਾਂ ਫਿਰ ਲਹਿੰਦਾ ਪੰਜਾਬ। ਨਾਮੀ ਖੇਡ ਲੇਖਕ ਨਵਦੀਪ ਸਿੰਘ ਗਿੱਲ ਵੱਲੋਂ ਇਸ ਕਾਲਮ ਰਾਹੀਂ ਚੋਟੀ ਦੇ ਖਿਡਾਰੀਆਂ ਦੇ ਖੇਡ ਕਰੀਅਰ ਉਤੇ ਝਾਤ ਪਾਈ ਜਾ ਰਹੀ ਹੈ। ਹਥਲੇ ਲੇਖ ਵਿੱਚ ਹਾਕੀ ਦੇ ਮੰਨੇ-ਪ੍ਰਮੰਨੇ ਖਿਡਾਰੀ ਰਹੇ ਸੁਰਜੀਤ ਸਿੰਘ ਦੇ ਖੇਡ ਕਰੀਅਰ ਦੀਆਂ ਬਾਤਾਂ ਪਾਈਆਂ ਗਈਆਂ ਹਨ। ਉਸਤਾਦ ਗੁਰਦੀਪ ਸਿੰਘ ਦਾ ਚੰਡਿਆ ਸੁਰਜੀਤ ਸਿੰਘ ਆਪਣੇ ਸਮੇਂ ਵਿੱਚ ਵਿਸ਼ਵ ਦੇ ਸਿਖਰਲੇ ਫੁੱਲ ਬੈਕ ਖਿਡਾਰੀਆਂ ਵਿੱਚੋਂ ਇੱਕ ਸੀ, ਤੇ ਆਪਣੀ ਕਰਾਰੀ ਹਿੱਟ ਸਦਕਾ ਪੈਨਲਟੀ ਕਾਰਨਰ ਮਾਹਿਰ ਵੀ ਰਿਹਾ। ਸੁਰਜੀਤ ਸਿੰਘ ਦੀ ਗੁੱਡੀ ਉਦੋਂ ਸਿਖਰਾਂ ਉਤੇ ਚੜ੍ਹ ਗਈ, ਜਦੋਂ ਉਸ ਨੇ 1973 ਵਿੱਚ ਐਮਸਟਰਡਮ ਵਿਖੇ ਖੇਡੇ ਜਾ ਰਹੇ ਦੂਜੇ ਵਿਸ਼ਵ ਕੱਪ ਦੇ ਫ਼ਾਈਨਲ ਵਿੱਚ ਮੇਜ਼ਬਾਨ ਹਾਲੈਂਡ ਖਿਲਾਫ ਸ਼ੁਰੂਆਤੀ ਪਲਾਂ ਵਿੱਚ ਹੀ ਪੈਨਲਟੀ ਕਾਰਨਰ ਉਪਰ ਦੋ ਗੋਲ ਕਰ ਦਿੱਤੇ।*

**ਖਿਡਾਰੀ ਪੰਜ-ਆਬ ਦੇ (37)**

**ਨਵਦੀਪ ਸਿੰਘ ਗਿੱਲ**
ਫੋਨ: +91-9780036216



*ਜੂੜੇ 'ਤੇ ਰੁਮਾਲ ਬੰਨ੍ਹਣ ਦੇ ਅੰਦਾਜ਼ ਤੋਂ ਲੈ ਕੇ ਹਾਕੀ ਮੈਦਾਨ ਵਿੱਚ ਵਿਚਰਨ ਤੱਕ ਸੁਰਜੀਤ ਸਿੰਘ ਦੀ ਹਰ ਅਦਾ ਦੇ ਖੇਡ ਪ੍ਰੇਮੀ ਦੀਵਾਨੇ ਸਨ। ਉਹ ਵਿਸ਼ਵ ਹਾਕੀ ਦਾ ਇਕਲੌਤਾ ਖਿਡਾਰੀ ਹੈ, ਜਿਸ ਦੇ ਨਾਂ ਉਪਰ ਸਟੇਡੀਅਮ, ਟੂਰਨਾਮੈਂਟ, ਐਸੋਸੀਏਸ਼ਨ, ਸੁਸਾਇਟੀ, ਪਿੰਡ ਦਾ ਨਾਮ, ਅਕੈਡਮੀ, ਐਵਾਰਡ ਦਾ ਨਾਮ ਅਤੇ ਬੁੱਤ ਲੱਗੇ ਹਨ। ਸੁਰਜੀਤ ਸਿੰਘ ਨੂੰ 1998 ਵਿੱਚ ਮਰਨ ਉਪਰੰਤ ਭਾਰਤ ਸਰਕਾਰ ਵੱਲੋਂ ਅਰਜੁਨਾ ਐਵਾਰਡ ਦਿੱਤਾ ਗਿਆ।*






ਹਾਕੀ ਓਲੰਪੀਅਨ ਸੁਰਜੀਤ ਸਿੰਘ ਨੂੰ ਸਾਥੋਂ ਵਿਛੜਿਆਂ 41 ਸਾਲ ਤੋਂ ਵੱਧ ਸਮਾਂ ਹੋ ਗਿਆ ਹੈ, ਪਰ ਉਸ ਦਾ ਜ਼ਿਕਰ ਕਰਦਿਆਂ ਅੱਖੇ ਅੱਗੇ ਅਜਿਹਾ ਵੱਡਾ ਖਿਡਾਰੀ ਆ ਜਾਂਦਾ ਹੈ, ਜਿਸ ਦੀ ਖੇਡ ਦੇ ਚਰਚੇ ਪੂਰੀ ਦੁਨੀਆਂ ਵਿੱਚ ਸਨ। ਭਾਰਤ ਨੂੰ ਇਕਲੌਤਾ ਵਿਸ਼ਵ ਕੱਪ ਜਿਤਾਉਣ ਵਾਲੀ ਟੀਮ ਦੇ ਮੈਂਬਰ ਇਸ ਖਿਡਾਰੀ ਕੋਲ ਭਾਵੇਂ ਓਲੰਪਿਕ ਖੇਡਾਂ ਦਾ ਕੋਈ ਤਮਗ਼ਾ ਨਹੀਂ ਹੈ, ਪਰ ਉਸ ਦੇ ਕੱਦ-ਬੁੱਤ ਅੱਗੇ ਓਲੰਪਿਕਸ ਜਿਹੀਆਂ ਪ੍ਰਾਪਤੀਆਂ ਵੀ ਬੌਣੀਆਂ ਪੈ ਜਾਂਦੀਆਂ ਹਨ। ਸੁਰਜੀਤ ਸਿੰਘ ਦੰਦ ਕਥਾਵਾਂ ਦਾ ਵੀ ਪਾਤਰ ਬਣਿਆ। ਸੁਰਜੀਤ ਸਿੰਘ ਨੂੰ ਪ੍ਰਿਥੀਪਾਲ ਸਿੰਘ ਤੋਂ ਬਾਅਦ ਭਾਰਤੀ ਹਾਕੀ ਦੇ ਸਭ ਤੋਂ ਵੱਡੇ ਫੁੱਲ ਬੈਕ ਖਿਡਾਰੀ ਦਾ ਦਰਜਾ ਮਿਲਿਆ, ਜੋ ਵਿਰੋਧੀ ਸਟਰਾਈਕਰਾਂ ਲਈ ਖੌਫਨਾਕ ਹੁੰਦਾ ਸੀ। ਪ੍ਰਿਥੀਪਾਲ ਸਿੰਘ ਵਾਂਗ ਹੀ ਉਹ ਆਪਣੀ ਕਰਾਰੀ ਹਿੱਟ ਸਦਕਾ ਪੈਨਲਟੀ ਕਾਰਨਰ ਮਾਹਿਰ ਵੀ ਰਿਹਾ। ਉਹ ਜਿੱਡਾ ਵੱਡਾ ਖਿਡਾਰੀ ਸੀ, ਉਨਾ ਹੀ ਅਣਖੀਲਾ ਤੇ ਖਿਡਾਰੀਆਂ ਦੇ ਹੱਕਾਂ ਦਾ ਰਾਖਾ। ਸੁਰਜੀਤ ਸਿੰਘ ਜਿੰਨਾ ਸਮਾਂ ਭਾਰਤ ਲਈ ਹਾਕੀ ਖੇਡਿਆ, ਉਹ ਪੂਰੀ ਅਣਖ ਅਤੇ ਸਵੈ-ਮਾਣ ਨਾਲ ਖੇਡਿਆ। ਸੁਰਜੀਤ ਆਪਣੇ ਵੇਲੇ ਭਾਰਤੀ ਹਾਕੀ ਟੀਮ ਦਾ ਸਭ ਤੋਂ ਤਕੜਾ ਫੁੱਲ ਬੈਕ ਖਿਡਾਰੀ ਸੀ। ਜੂੜੇ 'ਤੇ ਰੁਮਾਲ ਬੰਨ੍ਹਣ ਦੇ ਅੰਦਾਜ਼ ਤੋਂ ਲੈ ਕੇ ਹਾਕੀ ਮੈਦਾਨ ਵਿੱਚ ਵਿਚਰਨ ਤੱਕ ਸੁਰਜੀਤ ਸਿੰਘ ਦੀ ਹਰ ਅਦਾ ਦੇ ਖੇਡ ਪ੍ਰੇਮੀ ਦੀਵਾਨੇ ਸਨ।

ਸੁਰਜੀਤ ਸਿੰਘ ਵਿਸ਼ਵ ਹਾਕੀ ਦਾ ਇਕਲੌਤਾ ਖਿਡਾਰੀ ਹੈ, ਜਿਸ ਦੇ ਨਾਂ ਉਪਰ ਸਟੇਡੀਅਮ, ਟੂਰਨਾਮੈਂਟ, ਐਸੋਸੀਏਸ਼ਨ, ਸੁਸਾਇਟੀ, ਪਿੰਡ ਦਾ ਨਾਮ, ਅਕੈਡਮੀ, ਐਵਾਰਡ ਦਾ ਨਾਮ ਅਤੇ ਬੁੱਤ ਲੱਗੇ ਹਨ। ਜਲੰਧਰ ਵਿਖੇ ਬਰਲਟਨ ਪਾਰਕ ਵਿੱਚ ਪੰਜਾਬ ਸਰਕਾਰ ਦੇ ਖੇਡ ਵਿਭਾਗ ਦੇ ਸਟੇਡੀਅਮ ਦਾ ਨਾਮ ਓਲੰਪੀਅਨ ਸੁਰਜੀਤ ਸਿੰਘ ਸਟੇਡੀਅਮ ਹੈ। ਉਸ ਦੀ ਯਾਦ ਵਿੱਚ ਬਣੀ ਸੁਰਜੀਤ ਹਾਕੀ ਸੁਸਾਇਟੀ ਵੱਲੋਂ 40 ਵਰ੍ਹਿਆਂ ਤੋਂ ਦੇਸ਼ ਦਾ ਨੰਬਰ ਇੱਕ ਟੂਰਨਾਮੈਂਟ ਸੁਰਜੀਤ ਹਾਕੀ ਟੂਰਨਾਮੈਂਟ ਕਰਵਾਇਆ ਜਾਂਦਾ ਹੈ। ਇੱਥੇ ਹੀ ਸੁਰਜੀਤ ਹਾਕੀ ਅਕੈਡਮੀ ਹੈ, ਜਿਸ ਨੇ ਭਾਰਤੀ ਹਾਕੀ ਨੂੰ ਵੱਡੇ ਖਿਡਾਰੀ ਦਿੱਤੇ ਹਨ। ਬਟਾਲਾ ਨੇੜੇ ਖੰਡ ਮਿੱਲ ਦੇ ਕੋਲ ਉਸ ਦੇ ਪਿੰਡ ਦਾਖਲਾ ਦਾ ਨਾਮ ਹੁਣ ਸੁਰਜੀਤ ਸਿੰਘ ਵਾਲਾ ਹੈ। ਸੁਰਜੀਤ ਦੇ ਜੱਦੀ ਪਿੰਡ ਦੇ ਗੁਆਂਢ ਵਿੱਚ ਕੋਟਲਾ ਸ਼ਾਹੀਆ ਵਿਖੇ ਉਸ ਦੀ ਯਾਦ ਵਿੱਚ ਸੁਰਜੀਤ-ਕਮਲਜੀਤ ਖੇਡ ਕੰਪਲੈਕਸ ਉਸਾਰਿਆ ਗਿਆ ਹੈ, ਜਿੱਥੇ ਪਿਛਲੇ ਤਿੰਨ ਦਹਾਕਿਆਂ ਤੋਂ ਉਸ ਦੀ ਯਾਦ ਵਿੱਚ ਖੇਡ ਸੰਸਥਾ ਸੁਰਜੀਤ ਸਪੋਰਟਸ ਐਸੋਸੀਏਸ਼ਨ ਬਟਾਲਾ ਵੱਲੋਂ ਕਮਲਜੀਤ ਖੇਡਾਂ ਕਰਵਾਈਆਂ ਜਾਂਦੀਆਂ ਹਨ। ਬਟਾਲਾ ਵਿਖੇ 2007 ਵਿੱਚ ਪਹਿਲੀ ਵਾਰ ਸੁਰਜੀਤ ਸਪੋਰਟਸ ਐਸੋਸੀਏਸ਼ਨ ਵੱਲੋਂ ਸੁਰਜੀਤ ਸਿੰਘ ਦਾ ਵੱਡਾ ਬੁੱਤ ਲਗਾਇਆ ਗਿਆ। 2024 ਵਿੱਚ ਇਸੇ ਬੁੱਤ ਦੀ ਥਾਂ ਨਵਾਂ ਬੁੱਤ ਲਗਾਇਆ ਗਿਆ। ਜਰਖੜ ਪਿੰਡ ਵਿਖੇ ਖੇਡ ਕੰਪਲੈਕਸ ਵਿੱਚ ਵੀ ਉਸ ਦਾ ਬੁੱਤ ਲਗਾਇਆ ਜਾਂਦਾ ਹੈ। ਕਮਲਜੀਤ ਖੇਡਾਂ ਅਤੇ ਜਰਖੜ ਖੇਡਾਂ ਦੋਵੇਂ ਮੁਕਾਬਲਿਆਂ ਵਿੱਚ ਹਰ ਸਾਲ ਵੱਡੇ ਹਾਕੀ ਖਿਡਾਰੀ ਨੂੰ ਸੁਰਜੀਤ ਯਾਦਗਾਰੀ ਐਵਾਰਡ ਦਿੱਤਾ ਜਾਂਦਾ ਹੈ।

ਸੁਰਜੀਤ ਸਿੰਘ ਦਾ ਜਨਮ 10 ਅਕਤੂਬਰ 1951 ਨੂੰ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਦਾਖਲਾ ਵਿਖੇ ਮੱਘਰ ਸਿੰਘ ਰੰਧਾਵਾ ਦੇ ਘਰ ਜੋਗਿੰਦਰ ਕੌਰ ਦੀ ਕੁੱਖੋਂ ਹੋਇਆ। ਉਹ ਘਰਦਿਆਂ ਦਾ ਵੱਡਾ ਪੁੱਤਰ ਸੀ। ਸੁਰਜੀਤ ਸਿੰਘ ਨੇ ਬਟਾਲਿਓਂ ਮੁੱਢਲੀ ਸਿੱਖਿਆ ਹਾਸਲ ਕਰਕੇ ਸੁਰਜੀਤ ਸਪੋਰਟਸ ਸਕੂਲ ਜਲੰਧਰ ਦਾਖਲਾ ਲੈ ਲਿਆ ਤੇ ਫੇਰ ਇੱਥੇ ਹੀ ਅਗਲੇਰੀ ਪੜ੍ਹਾਈ ਲਈ ਸਪੋਰਟਸ ਕਾਲਜ ਦਾਖਲ ਹੋ ਗਿਆ। ਸੁਰਜੀਤ ਸਿੰਘ ਦੀ ਜ਼ਿੰਦਗੀ ਹੀ ਬਦਲ ਗਈ ਅਤੇ ਉਹ ਹਾਕੀ ਨੂੰ ਸਮਰਪਿਤ ਹੋ ਗਿਆ। ਉਹ ਸ਼ੁਰੂਆਤੀ ਦਿਨਾਂ ਵਿੱਚ ਸੈਂਟਰ ਹਾਫ ਖੇਡਦਾ ਸੀ। ਉਸ ਵੇਲੇ ਅਜੀਤ ਪਾਲ ਸਿੰਘ ਦੇ ਰੂਪ ਵਿੱਚ ਭਾਰਤ ਕੋਲ ਵਿਸ਼ਵ ਦਾ ਪ੍ਰਸਿੱਧ ਸੈਂਟਰ ਹਾਫ ਸੀ। ਸੁਰਜੀਤ ਸਿੰਘ ਫੁੱਲ ਬੈਕ ਦੀ ਪੁਜੀਸ਼ਨ ਉਤੇ ਖੇਡਣ ਲੱਗ ਗਿਆ। ਉਸਤਾਦ ਗੁਰਦੀਪ ਸਿੰਘ ਦਾ ਚੰਡਿਆ ਸੁਰਜੀਤ ਸਿੰਘ ਆਪਣੇ ਸਮੇਂ ਵਿੱਚ ਵਿਸ਼ਵ ਦੇ ਸਿਖਰਲੇ ਫੁੱਲ ਬੈਕ ਖਿਡਾਰੀਆਂ ਵਿੱਚੋਂ ਇੱਕ ਸੀ।

ਸੈਂਟਰਲ ਰੇਲਵੇ ਮੁੰਬਈ ਵੱਲੋਂ ਖੇਡਦਾ ਸੁਰਜੀਤ ਸਿੰਘ 22 ਵਰ੍ਹਿਆਂ ਦੀ ਉਮਰੇ ਭਾਰਤੀ ਟੀਮ ਵਿੱਚ ਚੁਣਿਆ ਗਿਆ ਸੀ। ਸੁਰਜੀਤ ਸਿੰਘ ਦੀ ਗੁੱਡੀ ਉਦੋਂ ਸਿਖਰਾਂ ਉਤੇ ਚੜ੍ਹ ਗਈ, ਜਦੋਂ ਉਸ ਨੇ 1973 ਵਿੱਚ ਐਮਸਟਰਡਮ ਵਿਖੇ ਖੇਡੇ ਜਾ ਰਹੇ ਦੂਜੇ ਵਿਸ਼ਵ ਕੱਪ ਦੇ ਫ਼ਾਈਨਲ ਵਿੱਚ ਮੇਜ਼ਬਾਨ ਹਾਲੈਂਡ ਖਿਲਾਫ ਸ਼ੁਰੂਆਤੀ ਪਲਾਂ ਵਿੱਚ ਹੀ ਪੈਨਲਟੀ ਕਾਰਨਰ ਉਪਰ ਦੋ ਗੋਲ ਕਰ ਦਿੱਤੇ। ਹਾਲਾਂਕਿ ਭਾਰਤ ਉਹ ਮੈਚ 2-3 ਨਾਲ ਹਾਰਨ ਕਰਕੇ ਉਪ ਜੇਤੂ ਹੀ ਬਣਿਆ, ਪਰ ਕੁੱਲ ਦੁਨੀਆਂ ਵਿੱਚ ਸੁਰਜੀਤ ਸਿੰਘ ਦੀ ਖੇਡ ਦੇ ਚਰਚੇ ਹੋਣ ਲੱਗ ਗਏ। ਇਸ ਵਿਸ਼ਵ ਕੱਪ ਵਿੱਚ ਸੁਰਜੀਤ ਸਿੰਘ ਨੇ ਕੁੱਲ ਸੱਤ ਗੋਲ ਕੀਤੇ। 1974 ਵਿੱਚ ਤਹਿਰਾਨ ਵਿਖੇ ਹੋਈਆਂ ਏਸ਼ਿਆਈ ਖੇਡਾਂ ਵਿੱਚ ਸੁਰਜੀਤ ਸਿੰਘ ਨੇ ਭਾਰਤ ਵੱਲੋਂ ਖੇਡਦਿਆਂ ਚਾਂਦੀ ਦਾ ਤਮਗ਼ਾ ਜਿੱਤਿਆ। ਤਹਿਰਾਨ ਵਿਖੇ ਸੁਰਜੀਤ ਸਿੰਘ ਟਾਪ ਸਕੋਰਰ ਵੀ ਬਣਿਆ। ਸ੍ਰੀਲੰਕਾ ਵਿਰੁੱਧ ਹੈਟ੍ਰਿਕ ਨਾਲ ਉਹ ਅਖਬਾਰਾਂ ਦੀਆਂ ਸੁਰਖੀਆਂ ਵਿੱਚ ਛਾ ਗਿਆ। ਪੈਨਲਟੀ ਕਾਰਨਰ ਮਾਹਰਤ ਕਰਕੇ ਉਹ ਫੁੱਲਬੈਕ ਹੋਣ ਦੇ ਬਾਵਜੂਦ ਕਈ ਮੁਕਾਬਲਿਆਂ ਵਿੱਚ ਆਪਣੇ ਗੋਲਾਂ ਦੇ ਅੰਕੜੇ ਕਾਰਨ ਸੁਰਖੀਆਂ ਬਟੋਰਦਾ। ਨਿਊਜ਼ੀਲੈਂਡ ਦੇ ਇੱਕ ਦੌਰੇ ਦੌਰਾਨ ਉਸ ਨੇ 17 ਗੋਲ ਕੀਤੇ। ਤਹਿਰਾਨ ਏਸ਼ੀਆਡ ਤੋਂ ਬਾਅਦ ਸੁਰਜੀਤ ਸਿੰਘ ਦੀ ਚੋਣ ਆਲ ਏਸ਼ੀਅਨ ਟੀਮ ਵਿੱਚ ਹੋ ਗਈ ਅਤੇ ਉਹ ਏਸ਼ੀਅਨ ਇਲੈਵਨ ਵੱਲੋਂ ਯੂਰਪ ਵਿਰੁੱਧ ਮੈਚ ਖੇਡਿਆ, ਜੋ ਬਰਾਬਰ ਰਿਹਾ। ਏਸ਼ੀਅਨ ਆਲ ਸਟਾਰ ਟੀਮ ਵੱਲੋਂ ਉਸ ਨੇ ਪਾਕਿਸਤਾਨ ਅਤੇ ਭਾਰਤ ਵਿੱਚ ਵੀ ਮੈਚ ਖੇਡੇ। ਉਨ੍ਹਾਂ ਸਮਿਆਂ ਵਿੱਚ ਏਸ਼ੀਅਨ ਆਲ ਸਟਾਰ ਟੀਮ ਦੇ ਮੈਚਾਂ ਦੀ ਖਿੱਚ ਓਲੰਪਿਕਸ ਜਾਂ ਵਿਸ਼ਵ ਕੱਪ ਮੁਕਾਬਲੇ ਜਿੰਨੀ ਹੁੰਦੀ ਸੀ।

1975 ਵਿੱਚ ਕੁਆਲਾ ਲੰਪੁਰ ਵਿਖੇ ਖੇਡੇ ਜਾਣ ਵਾਲੇ ਵਿਸ਼ਵ ਕੱਪ ਲਈ ਭਾਰਤੀ ਹਾਕੀ ਟੀਮ ਦਾ ਕੈਂਪ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਲੱਗਿਆ ਸੀ। ਕੋਚ ਜੀ.ਐਸ. ਬੋਧੀ ਅਤੇ ਮੈਨੇਜਰ ਬਲਬੀਰ ਸਿੰਘ ਸੀਨੀਅਰ ਦੀ ਸ਼ਿੰਗਾਰੀ ਭਾਰਤੀ ਟੀਮ ਦੀ ਕਪਤਾਨੀ ਅਜੀਤ ਪਾਲ ਸਿੰਘ ਕੋਲ ਸੀ ਅਤੇ ਇਸ ਟੀਮ ਵਿੱਚ ਪੰਜਾਬ ਤੋਂ ਹਰਚਰਨ ਸਿੰਘ, ਸੁਰਜੀਤ ਸਿੰਘ, ਵਰਿੰਦਰ ਸਿੰਘ ਤੇ ਮਹਿੰਦਰ ਸਿੰਘ ਮੁਣਸ਼ੀ ਵੀ ਸ਼ਾਮਲ ਸਨ। ਵਿਸ਼ਵ ਕੱਪ ਵਿੱਚ ਸੁਰਜੀਤ ਸਿੰਘ ਵਿਰੋਧੀ ਟੀਮਾਂ ਲਈ ਚੀਨ ਦੀ ਦੀਵਾਰ ਸਾਬਤ ਹੋਇਆ ਅਤੇ ਭਾਰਤ ਨੇ ਪਹਿਲੀ ਵਾਰ ਵਿਸ਼ਵ ਕੱਪ ਜਿੱਤਿਆ। ਹਾਕੀ ਵਿੱਚ ਭਾਰਤ ਵੱਲੋਂ ਜਿੱਤਿਆ ਇਹ ਇਕਲੌਤਾ ਵਿਸ਼ਵ ਕੱਪ ਖਿਤਾਬ ਹੈ। ਉਸ ਸਮੇਂ ਹਾਕੀ ਵਿੱਚ ਪੈਨਲਟੀ ਕਾਰਨਰ ਮੌਕੇ ਬਾਲ ਹੱਥ ਨਾਲ ਰੋਕੀ ਜਾਂਦੀ ਸੀ। ਕਪਤਾਨ ਅਜੀਤ ਪਾਲ ਸਿੰਘ ਬਾਲ ਰੋਕਦਾ ਸੀ ਅਤੇ ਸੁਰਜੀਤ ਸਿੰਘ ਹਿੱਟ ਲਗਾਉਂਦਾ ਸੀ। ਫ਼ਾਈਨਲ ਵਿੱਚ ਪਾਕਿਸਤਾਨ ਖਿਲਾਫ ਪਹਿਲਾ ਗੋਲ ਸੁਰਜੀਤ ਸਿੰਘ ਨੇ ਹੀ ਕੀਤਾ ਸੀ। ਸੁਰਜੀਤ ਸਿੰਘ ਨੇ 1976 ਵਿੱਚ ਮਾਂਟਰੀਅਲ ਵਿਖੇ ਹੋਈਆਂ ਓਲੰਪਿਕ ਖੇਡਾਂ ਵਿੱਚ ਵੀ ਉਹ ਅਜੀਤ ਪਾਲ ਸਿੰਘ ਦੀ ਕਪਤਾਨੀ ਹੇਠ ਖੇਡਿਆ। ਪਹਿਲੀ ਵਾਰ ਐਸਟੋਟਰਫ ਉਪਰ ਖੇਡੇ ਗਏ ਹਾਕੀ ਮੁਕਾਬਲਿਆਂ ਵਿੱਚ ਭਾਰਤੀ ਟੀਮ ਲੀਗ ਦੌਰ ਵਿੱਚੋਂ ਹੀ ਬਾਹਰ ਹੋ ਗਈ। 1928 ਤੋਂ ਬਾਅਦ ਇਹ ਪਹਿਲਾ ਮੌਕਾ ਸੀ, ਜਦੋਂ ਭਾਰਤੀ ਹਾਕੀ ਟੀਮ ਓਲੰਪਿਕ ਖੇਡਾਂ ਵਿੱਚੋਂ ਖਾਲੀ ਹੱਥ ਵਤਨ ਪਰਤੀ।

1978 ਵਿੱਚ ਬੈਂਕਾਕ ਵਿਖੇ ਹੋਈਆਂ ਏਸ਼ਿਆਈ ਖੇਡਾਂ ਦਾ ਫ਼ਾਈਨਲ ਭਾਰਤ ਤੇ ਪਾਕਿਸਤਾਨ ਵਿਚਾਲੇ ਖੇਡਿਆ ਗਿਆ। ਉਦੋਂ ਪਾਕਿਸਤਾਨ ਹਾਕੀ ਟੀਮ ਪੂਰੇ ਜਲੌਅ ਵਿੱਚ ਸੀ। ਇੱਕ ਪਾਸੇ ਪੂਰੀ ਪਾਕਿਸਤਾਨੀ ਟੀਮ ਸੀ ਅਤੇ ਦੂਜੇ ਪਾਸੇ ਸੁਰਜੀਤ ਸਿੰਘ ਪੂਰੀ ਟੀਮ ਨੂੰ ਡੱਕੀ ਖੜ੍ਹਾ ਸੀ। ਪਾਕਿਸਤਾਨ ਇੱਕ ਗੋਲ ਨਾਲ ਮੈਚ ਜਿੱਤ ਗਿਆ। 1978 ਵਿੱਚ ਬਿਊਨਸ ਆਇਰਸ ਵਿਖੇ ਹੋਏ ਵਿਸ਼ਵ ਕੱਪ ਮੌਕੇ ਸੁਰਜੀਤ ਸਿੰਘ ਨੇ ਖਿਡਾਰੀਆਂ ਦੇ ਹੱਕਾਂ ਦੀ ਲੜਾਈ ਲੜਦਿਆਂ ਆਪਣੇ ਸਾਥੀ ਖਿਡਾਰੀਆਂ ਬਲਦੇਵ ਸਿੰਘ ਤੇ ਵਰਿੰਦਰ ਸਿੰਘ ਨਾਲ ਕੈਂਪ ਵਿਚਾਲੇ ਛੱਡ ਦਿੱਤਾ।

ਆਸਟਰੇਲੀਆ ਦੇ ਸ਼ਹਿਰ ਪਰਥ ਵਿਖੇ ਖੇਡੇ ਇੱਕ ਅੰਤਰਰਾਸ਼ਟਰੀ ਟੂਰਨਾਮੈਂਟ ਵਿੱਚ ਸੁਰਜੀਤ ਸਿੰਘ ਨੂੰ ਭਾਰਤ ਦਾ ਕਪਤਾਨ ਬਣਾਇਆ। ਉਸ ਦੀ ਕਪਤਾਨੀ ਵਿੱਚ ਭਾਰਤੀ ਹਾਕੀ ਟੀਮ ਨੇ ਰੂਸ ਵਿਰੁੱਧ ਤਿੰਨ ਨੁਮਾਇਸ਼ੀ ਮੈਚ ਖੇਡੇ, ਜਿਨ੍ਹਾਂ ਵਿੱਚੋਂ ਦੋ ਭਾਰਤ ਨੇ ਜਿੱਤੇ। ਉਸ ਦੀ ਅਗਵਾਈ ਹੇਠ ਹੀ ਭਾਰਤੀ ਹਾਕੀ ਟੀਮ ਮਾਸਕੋ ਵਿਖੇ ਪ੍ਰੀ ਓਲੰਪਿਕਸ ਟੂਰਨਾਮੈਂਟ ਵਿੱਚ ਖੇਡਣ ਗਈ, ਜਿੱਥੇ ਭਾਰਤ ਨੂੰ ਦੂਜਾ ਸਥਾਨ ਮਿਲਿਆ। 1980 ਵਿੱਚ ਪਾਕਿਸਤਾਨ ਵਿਖੇ ਖੇਡੀ ਗਈ ਚੈਂਪੀਅਨਜ਼ ਟਰਾਫੀ ਵਿੱਚ ਵੀ ਉਹ ਟੀਮ ਦਾ ਕਪਤਾਨ ਸੀ। ਮਾਸਕੋ ਓਲੰਪਿਕਸ ਲਈ ਉਹ ਟੀਮ ਵਿੱਚ ਸ਼ਾਮਲ ਵੀ ਨਾ ਕੀਤਾ ਗਿਆ। 1982 ਵਿਸ਼ਵ ਕੱਪ ਵਿੱਚ ਸੁਰਜੀਤ ਸਿੰਘ ਟੀਮ ਕਪਤਾਨ ਸੀ, ਪ੍ਰੰਤੂ 1982 ਵਿੱਚ ਨਵੀਂ ਦਿੱਲੀ ਵਿਖੇ ਹੋਈਆਂ ਏਸ਼ਿਆਈ ਖੇਡਾਂ ਮੌਕੇ ਫੇਰ ਉਸ ਨੂੰ ਚੁਣਿਆ ਨਾ ਗਿਆ। ਫ਼ਾਈਨਲ ਵਿੱਚ ਪਾਕਿਸਤਾਨ ਹੱਥੋਂ 1-7 ਦੀ ਲੱਕ ਤੋੜਵੀਂ ਹਾਰ ਤੋਂ ਬਾਅਦ ਹਾਕੀ ਪ੍ਰੇਮੀਆਂ ਨੂੰ ਸੁਰਜੀਤ ਸਿੰਘ ਹੀ ਯਾਦ ਆਇਆ। ਪ੍ਰਸਿੱਧ ਕੁਮੈਂਟੇਟਰ ਜਸਦੇਵ ਸਿੰਘ ਵੀ ਵਾਰ-ਵਾਰ ਸੁਰਜੀਤ ਸਿੰਘ ਨੂੰ ਚੇਤੇ ਕਰ ਰਿਹਾ ਸੀ।

ਸੁਰਜੀਤ ਸਿੰਘ ਭਾਰਤ-ਪਾਕਿਸਤਾਨ ਦੇ ਨਵੇਂ-ਪੁਰਾਣੇ ਖਿਡਾਰੀਆਂ ਵਿਚਾਲਾ ਦੋਸਤਾਨਾ ਬੈਨੀਫਿਟ ਮੈਚ ਕਰਵਾਉਣ ਲਈ ਆਪਣੇ ਦੋ ਦੋਸਤਾਂ ਅਥਲੈਟਿਕਸ ਕੋਚ ਰਾਮ ਪ੍ਰਤਾਪ ਅਤੇ ਬਾਸਕਟਬਾਲ ਕੋਚ ਓਮ ਪ੍ਰਕਾਸ਼ ਪਾਂਥੇ ਨਾਲ ਜਨਵਰੀ 1984 ਦੇ ਪਹਿਲੇ ਹਫਤੇ ਪਾਕਿਸਤਾਨ ਗਿਆ ਸੀ, ਜਿੱਥੇ ਉਹ ਪਾਕਿਸਤਾਨ ਦੇ ਵੱਡੇ ਖਿਡਾਰੀਆਂ ਨੂੰ ਮਿਲਿਆ। ਉਹ ਆਪਣੇ ਸਮਕਾਲੀ ਪਾਕਿਸਤਾਨੀ ਕਪਤਾਨ ਅਖ਼ਤਰ ਰਸੂਲ ਦੀ ਬੇਗ਼ਮ ਲਈ ਝਾਂਜਰਾਂ ਅਤੇ ਪਰਿਵਾਰਕ ਮੈਂਬਰਾਂ ਲਈ ਹੋਰ ਤੋਹਫੇ ਲੈ ਕੇ ਗਿਆ। ਪਾਕਿਸਤਾਨ ਦੇ ਖਿਡਾਰੀਆਂ ਨੇ ਅਖਤਰ ਰਸੂਲ ਦੀ ਅਗਵਾਈ ਵਿੱਚ ਖੇਡਣ ਆਉਣਾ ਸੀ। ਪਾਕਿਸਤਾਨ ਤੋਂ ਵਾਹਗਾ ਰਾਸਤਿਓਂ ਪਰਤਦਿਆਂ ਸੁਰਜੀਤ ਸਿੰਘ ਤੇ ਉਸ ਦੇ ਸਾਥੀਆਂ ਦੀ ਕਾਰ ਦਾ 6 ਤੇ 7 ਜਨਵਰੀ ਦੀ ਦਰਮਿਆਨੀ ਰਾਤ ਵੱਡੇ ਤੜਕੇ ਜਲੰਧਰ ਦਾਖਲ ਹੋਣ ਤੋਂ ਪਹਿਲਾਂ ਬਿਧੀਪੁਰ ਫਾਟਕ ਕੋਲ ਹਾਦਸਾ ਹੋ ਗਿਆ। ਵੱਡੇ ਲੇਖਕ ਪ੍ਰੋ. ਸੁਰਜੀਤ ਮਾਨ ਇਸ ਖੌਫ਼ਨਾਕ ਤੇ ਦਿਲ ਕੰਬਾਊ ਮੰਜ਼ਰ ਬਾਰੇ ਆਖਦੇ ਹੁੰਦੇ ਸਨ ਕਿ ਪੋਹ ਦੀ ਕਕਰੀਲੀ ਰਾਤ ਅੱਗ ਦੀ ਨਾਲ ਵਰਗੇ ਖਿਡਾਰੀ ਸੁਰਜੀਤ ਸਿੰਘ ਦਾ ਬਦਨ ਯਖ਼ ਠੰਢਾ ਪਿਆ ਸੀ। ਨਾ ਸਿਰਫ ਪੂਰੇ ਦੇਸ਼ ਬਲਕਿ ਵਾਹਗੇ ਦੇ ਪਾਰ ਵੀ ਸੁਰਜੀਤ ਸਿੰਘ ਦੀ ਅਣਕਿਆਸੀ ਤੇ ਅਣਚਿਤਵੀ ਮੌਤ ਦਾ ਸੋਗ ਮਨਾਇਆ ਗਿਆ। ਇਸ ਹਾਦਸੇ ਵਿੱਚ ਕੋਚ ਪਾਂਥੇ ਵੀ ਅਲਵਿਦਾ ਆਖ ਗਿਆ, ਜਦੋਂ ਕਿ ਰਾਮ ਪ੍ਰਤਾਪ ਦੇ ਸੱਟਾਂ ਲੱਗਣ ਕਾਰਨ ਕਾਫੀ ਸਮਾਂ ਇਲਾਜ ਚੱਲਿਆ। ਅੱਜ ਵੀ ਸੁਰਜੀਤ ਹਾਕੀ ਟੂਰਨਾਮੈਂਟ ਮੌਕੇ ਉਸ ਸਮੇਂ ਨੂੰ ਯਾਦ ਕਰਦਿਆਂ ਰਾਮ ਪ੍ਰਤਾਪ ਭਾਵੁਕ ਹੋ ਜਾਂਦਾ ਹੈ। ਉਸ ਤੋਂ ਮਗਰੋਂ ਕਿਸੇ ਵੀ ਖਿਡਾਰੀ ਦੇ ਭਲੇ ਲਈ ਕੋਈ ਮੈਚ ਅੱਜ ਤਕ ਨਹੀਂ ਹੋਇਆ। ਉਸ ਬੈਨੀਫਿਟ ਮੈਚ ਦਾ ਸੋਵੀਨਾਰ ਵੀ ਛਪ ਚੁੱਕਾ ਸੀ। ਸੁਰਜੀਤ ਸਿੰਘ ਦੀ ਯਾਦ ਵਿੱਚ ਵੱਡੇ ਖੇਡ ਮੇਲੇ ਅਤੇ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ


*ਨਾਵਲ ਵਿਚਲੀਆਂ ਘਟਨਾਵਾਂ ਲੀਹ 'ਤੇ ਹੋਰ ਅੱਗੇ ਤੋਂ ਅੱਗੇ ਤੁਰ ਰਹੀਆਂ ਹਨ। ਨਾਵਲੀ ਕਥਾਨਕਾਂ ਦੀ ਜਿਸ ਤਰ੍ਹਾਂ ਤਸਵੀਰਕਸ਼ੀ ਕੀਤੀ ਗਈ ਹੈ, ਉਹ ਪੜ੍ਹਦਿਆਂ-ਮਾਣਦਿਆਂ ਹੋ ਸਕਦਾ ਕਈਆਂ ਨੂੰ ਸਵਾਦ ਦੇ ਕੁੱਝ ਕੁੱਝ ਚਟਕਾਰੇ ਆਉਣ ਜਾਂ ਹੋ ਸਕਦਾ ਕੁੱਝ ਇਕ ਨੂੰ ਨੈਤਿਕਤਾ ਛਿੱਕੇ ਟੰਗਣ ਵਾਲੀ ਗੱਲ ਲੱਗੇ। ਸੋ, ਉਸ ਬਾਰੇ ਪਾਠਕਾਂ ਦਾ ਇਕ ਮਤ ਹੋਣਾ ਜ਼ਰੂਰੀ ਨਹੀਂ ਹੈ, ਕਿਉਂ ਕਿ 'ਇਸ ਨਾਵਲ ਵਿਚ ਬਹੁਤ ਕੁੱਝ ਕਾਲਪਨਿਕ ਹੋ ਸਕਦਾ ਹੈ ਤੇ ਹੈ ਵੀ। ਇਹ ਕਿਸੇ ਵੀ ਜੀਉਂਦੇ-ਜਾਗਦੇ ਵਿਅਕਤੀ ਦਾ ਇਤਿਹਾਸ ਨਹੀਂ ਹੈ।' ਪੇਸ਼ ਹੈ, ਅਗਲੀ ਕਿਸ਼ਤ...*



## 'ਵਿਗੜੀ ਹੋਈ ਕੁੜੀ' (ਝੂਠ ਜਿਹਾ ਸੱਚ)

### ਕਿਸ਼ਤ (5)

ਬਖ਼ਸ਼ਿੰਦਰ
ਵੱਟਸਐਪ:+1-778-793-8979



# ਔਝੜ ਪੈਂਡਾ !

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਮਸਾਂ ਸੋਲਾਂ ਸਾਲਾਂ ਦੀ ਉਮਰ ਵਿਚ, ਉਹ ਇਕ ਦਿਨ ਆਪਣੇ ਸਕੂਲ ਦੀ ਬਾਸਕਟ ਬਾਲ ਦੀ ਗਰਾਊਂਡ ਵਿਚ ਕੁੱਝ ਮੁੰਡਿਆਂ-ਕੁੜੀਆਂ ਨਾ਼ਲ ਬਾਸਕਟ ਬਾਲ ਖੇਡਣ ਦਾ ਅਭਿਆਸ ਕਰ ਰਹੀ ਸੀ ਕਿ ਜੌਹਨੀ ਨਾਂ ਦੇ ਇਕ ਨਾਈਜੇਰੀਅਨ ਮੁੰਡੇ ਨੇ ਉਸ ਤੋਂ ਬਾਲ ਖੋਹਣ ਆਈ ਚੰਨੀ ਲਈ, ਬਾਲ ਤਾਂ ਛੱਡ ਦਿੱਤਾ, ਪਰ ਉਸ ਨੇ ਉਹ ਬਾਲ, ਬਾਸਕਟ ਵਿਚ ਪਾਉਣ ਲਈ ਜੰਪ ਮਾਰਦੀ ਚੰਨੀ ਨੂੰ ਆਪਣੇ ਹੱਥਾਂ ਨਾ਼ਲ ਇਸ ਤਰ੍ਹਾਂ ਬੋਚ ਲਿਆ ਕਿ ਚੰਨੀ ਸਾਰੀ ਦੀ ਸਾਰੀ ਉਸ ਦੀ ਬੁੱਕਲ ਵਿਚ ਆ ਗਈ। ਇਸ ਦੇ ਨਾ਼ਲ ਹੀ ਕਾ਼ਲੇ ਜੌਹਨੀ ਦੀ ਭਰਪੂਰ ਮਰਦਾਨਗੀ ਵੀ ਚੰਨੀ ਦੇ ਪਿੰਡੇ ਨਾ਼ਲ ਕਈ ਥਾਂਈਂ ਛੂੰਹਦਿਆਂ-ਖਹਿੰਦਿਆਂ ਉਸ ਨੂੰ ਬਹੁਤ ਅਜੀਬ ਤੇ ਮਸਤਾਨਾ ਜਿਹਾ ਅਹਿਸਾਸ ਵੀ ਕਰਾ ਗਈ। ਚੰਨੀ ਨੂੰ ਇਹ ਵੀ ਨਾ ਸੁੱਝਿਆ ਕਿ ਉਹ ਦੇਖੇ ਕਿ ਬਾਲ, ਬਾਸਕਟ ਵਿਚ ਪਿਆ ਵੀ ਹੈ ਕਿ ਨਹੀਂ, ਜਦੋਂ ਕਿ ਜੌਹਨੀ ਉਸ ਨੂੰ ਆਪਣੀਆਂ ਬਾਹਾਂ ਵਿਚ ਲੈ ਕੇ ਇਸ ਤਰ੍ਹਾਂ ਜ਼ਮੀਨ ਉੱਤੇ ਲੇਟ ਗਿਆ, ਜਿਸ ਤਰ੍ਹਾਂ ਉਹ ਦੋਵੇਂ ਜਣੇ ਹੀ ਡਿੱਗ ਪਏ ਹੋਣ। ਬਾਕੀ ਮੁੰਡੇ-ਕੁੜੀਆਂ ਆਪਣੇ ਧਿਆਨ ਖੇਡੀ ਜਾ ਰਹੇ ਸਨ, ਕਿਉਂਕਿ ਬਾ਼ਲ ਖੋਹਣ-ਫੜਨ ਦੇ ਸੰਘਰਸ਼ ਵਿਚ ਅਕਸਰ ਹੀ ਖਿਡਾਰੀ ਡਿੱਗਦੇ-ਢਹਿੰਦੇ ਰਹਿੰਦੇ ਸਨ।

ਡਿੱਗੇ-ਪਏ ਜੌਹਨੀ ਨੇ, ਸ਼ਾਮ ਦੇ ਘੁਸਮੁਸੇ ਜਿਹੇ ਵਿਚ ਚੰਨੀ ਨੂੰ ਸਰ੍ਹਾਲ-ਲਪੇਟਾ ਜਿਹਾ ਮਾਰ ਕੇ ਆਪਣੇ ਪੱਟਾਂ ਵਿਚਾ਼ਲੇ ਘੁੱਟਿਆ ਹੋਇਆ ਸੀ ਤੇ ਉਸ ਦੇ ਹੱਥ, ਕਿਸੇ ਸੁਰੱਖਿਆ ਮੁਲਾਜ਼ਮ ਵੱਲੋਂ ਕਿਸੇ ਦੀ ਤਲਾਸ਼ੀ ਲੈਣ ਦੀ ਤਰਜ਼ 'ਤੇ ਚੰਨੀ ਦੇ ਪਿੰਡੇ ਉੱਤੇ ਫਿਰ ਰਹੇ ਸਨ। ਚੰਨੀ ਨੂੰ ਹੈਨਰੀ ਵੱਲੋਂ ਉਸ ਨੂੰ ਬਾਹਾਂ ਵਿਚ ਲੈ ਕੇ, ਚੁੰਮਣ ਵੇ਼ਲੇ ਆਏ ਸੁਆਦ ਨਾ਼ਲੋਂ ਵੀ ਕਿਤੇ ਵੱਧ ਸੁਆਦ ਆਈ ਜਾ ਰਿਹਾ ਸੀ ਤੇ ਉਸ ਦੀਆਂ ਅੱਖਾਂ ਮਿਚ ਹੀ ਗਈਆਂ ਸਨ। ਚੰਨੀ ਦੀ ਜ਼ਿੰਦਗੀ ਦੀ ਇਹ ਦੂਜੀ ਚੁੰਮੀ ਸੀ, ਜਿਸ ਨੇ ਹੈਨਰੀ ਵੱਲੋਂ ਲਈ ਹੋਈ ਚੁੰਮੀ ਦਾ ਸੁੱਖ ਸੁਆਦ ਵੀ ਭੁਲਾ ਦਿੱਤਾ ਸੀ। ਚੰਨੀ ਨੇ ਅੱਖਾਂ ਖੋਲ੍ਹੀਆਂ ਤਾਂ ਘੁਸਮੁਸਾ ਹੋਰ ਵੀ ਹਨੇਰਾ ਹੋਣ ਦੀ ਕਾਹਲ ਵਿਚ ਸੀ ਤੇ ਲਾਗੇ-ਛਾਗੇ ਕੁੱਝ ਬੱਤੀਆਂ ਵੀ ਜਗ ਪਈਆਂ ਸਨ।

ਚੰਨੀ ਨੇ ਅੱਖਾਂ ਖੋਲ੍ਹਦਿਆਂ ਆਪਣੇ-ਆਪ ਨੂੰ ਜੌਹਨੀ ਦੇ ਪੱਟਾਂ ਅਤੇ ਬਾਹਾਂ ਵਿਚ ਘੁੱਟੀ ਹੋਈ ਦੇਖਿਆ। ਉਸ ਨੇ ਉਸ ਦੀ ਜਕੜ ਵਿਚੋਂ ਨਿੱਕਲਣ ਦਾ ਹੀਲਾ ਨਾ ਕੀਤਾ। ਜੌਹਨੀ ਵੱਲੋਂ ਆਪਣੇ ਪੱਟਾਂ ਦੀ ਜਕੜ ਢਿੱਲੀ ਕਰਨ ਨਾ਼ਲ, ਚੰਨੀ ਨੂੰ ਆਪਣੇ ਪੱਟਾਂ ਵਿਚੋਂ ਕੁੱਝ ਨਿੱਘਾ ਜਿਹਾ ਨਿੱਕਲ ਕੇ ਹਵਾ ਵਿਚ ਰ਼ਲਦਾ ਮਹਿਸੂਸ ਹੋਇਆ। ਜੌਹਨੀ ਉਸ ਨੂੰ ਪਈ ਨੂੰ ਛੱਡ ਕੇ ਉੱਠ ਖੜ੍ਹਾ ਹੋਇਆ ਤੇ ਉਸ ਨੇ ਚੰਨੀ ਨੂੰ ਉਠਾਉਣ ਲਈ ਆਪਣਾ ਹੱਥ ਉਸ ਵੱਲ ਵਧਾਇਆ। ਜੌਹਨੀ ਨੇ ਚੰਨੀ ਨੂੰ ਖੜ੍ਹੀ ਤਾਂ ਕਰ ਲਿਆ, ਪਰ ਉਹ ਇਕੱਲਿਆਂ ਖੜ੍ਹੀ ਨਾ ਰਹਿ ਸਕੀ ਤੇ ਘੁਮੇਟਾ ਜਿਹਾ ਖਾ ਕੇ ਡਿੱਗਣ ਹੀ ਲੱਗੀ ਸੀ ਕਿ ਜੌਹਨੀ ਨੇ ਉਸ ਦੇ ਲੱਕ ਦੁਆਲੇ ਬਾਂਹ ਪਾ ਕੇ, ਉਸ ਨੂੰ ਡਿੱਗਣੋਂ ਬਚਾ ਲਿਆ। ਉਹ ਦੋਵੇਂ ਜਣੇ ਗਰਾਊਂਡ ਤੋਂ ਬਾਹਰ ਜਾਣ ਲਈ ਤੁਰ ਪਏ ਤਾਂ ਜੌਹਨੀ ਨੇ ਚੰਨੀ ਦੇ ਕੰਨ ਨਾ਼ਲ ਬੁੱਲ੍ਹ ਛੁਹਾਉਂਦਿਆਂ ਕਿਹਾ, "ਡੂ ਯੂ ਮਾਈਂਡ ਟੂ ਹੈਵ ਸਮ ਰੈਸਟ ਐਂਡ ਕੌਫੀ? ਮਾਈ ਰੂਮ ਇਜ਼ ਜਸਟ ਐਟ ਸਟੋਨ'ਜ਼ ਥਰੋ! ਜਸਟ ਐਟ ਫਸਟ ਟਰਨ, ਨੌਟ ਸੋ ਫਾਰ!"

ਚੰਨੀ ਨੇ ਬੋਲਣ ਦੀ ਥਾਂ ਜੌਹਨੀ ਦੇ ਚਿਹਰੇ ਵੱਲ ਦੇਖ ਕੇ 'ਹਾਂ' ਵਿਚ ਸਿਰ ਹਿਲਾ ਦਿੱਤਾ।

ਜੌਹਨੀ ਦੇ ਕਮਰੇ ਵਿਚ ਬਿਤਾਈ ਉਸ ਰਾਤ, ਜੌਹਨੀ ਨੇ ਚੰਨੀ ਨੂੰ ਸਰੀਰਕ ਸਾਂਝਾਂ ਪਾਉਣ ਸਬੰਧੀ ਬੜੀਆਂ ਹੀ ਜੁਗਤਾਂ ਸਿਖਾ ਦਿੱਤੀਆਂ। ਉਸ ਨੇ ਚੰਨੀ ਨੂੰ ਇਕ ਡੀ.ਵੀ.ਡੀ. ਵੀ ਦਿੱਤੀ। ਅਗਲੇ ਦਿਨ ਆਪਣੇ ਘਰ ਜਾਂਦੀ ਚੰਨੀ, ਪੂਰੀ ਤਰ੍ਹਾਂ ਰਕਾਨਾਂ ਵਾਂਗ ਘੇਰ ਜਿਹੇ ਪਾ-ਪਾ ਤੁਰਦੀ ਸੀ। ਰਾਹ ਵਿਚ ਜਾਂਦਿਆਂ ਉਹ ਸੋਚ ਰਹੀ ਸੀ ਕਿ ਉਸ ਨੇ ਉਹ ਰਾਤ ਜੌਹਨੀ ਦੇ ਚੁਬਾਰੇ ਵਿਚ ਬਿਤਾ ਕੇ ਸਿੱਖ ਤਾਂ ਬੜਾ ਕੁੱਝ ਲਿਆ ਏ, ਪਰ ਆਪਣੇ ਲਈ ਬਿਪਤਾ ਵੀ ਬਹੁਤ ਵੱਡੀ ਸਹੇੜ ਲਈ ਹੈ। ਘਰ ਦੇ ਬੂਹੇ 'ਤੇ ਪਹੁੰਚ ਕੇ ਜਦੋਂ ਉਸ ਨੇ ਆਪਣੀ ਚਾਬੀ ਨਾ਼ਲ 'ਲ਼ੌਕ' ਖੋਲ੍ਹਿਆ ਤਾਂ ਉਸ ਨੂੰ ਘਰ ਵਿਚ ਬੜੀ ਹੀ ਸ਼ਾਂਤੀ ਜਿਹੀ ਹੋਈ ਮਹਿਸੂਸ ਹੋਈ। ਉਸ ਨੇ ਸੋਚਿਆ ਕਿ ਕਿਤੇ ਉਸ ਦਿਨ ਸਨਿੱਚਰਵਾਰ ਜਾਂ ਐਤਵਾਰ ਤਾਂ ਨਹੀਂ, ਕਿਉਂਕਿ ਕੈਨੇਡਾ ਤੇ ਅਮਰੀਕਾ ਵਿਚ ਸਨਿੱਚਰਵਾਰਾਂ ਅਤੇ ਐਤਵਾਰਾਂ ਨੂੰ ਸਾਹਜਰੇ ਜਾਗਣ ਦਾ ਰਿਵਾਜ ਨਹੀਂ।

ਫੇਰ ਉਸ ਨੇ ਹਿਸਾਬ ਲਾਇਆ ਕਿ ਉਸ ਦਿਨ ਨਾ ਸਨਿੱਚਰਵਾਰ ਸੀ ਨਾ ਹੀ ਐਤਵਾਰ। ਉਸ ਨੇ ਮਹਿਸੂਸ ਕੀਤਾ ਕਿ ਘਰ ਵਿਚ ਇਹ ਸ਼ਾਂਤੀ, ਸਮੁੰਦਰ ਵਿਚ ਤੂਫ਼ਾਨ ਆਉਣ ਦੀ ਅਗੇਤੀ ਸੂਚਨਾ ਵਰਗੀ ਹੀ ਹੈ। ਉਂਝ ਆਪਣੇ ਕਮਰੇ ਵਿਚ ਵੜਦਿਆਂ ਹੀ ਉਸ ਨੇ ਵਿਉਂਤ ਬਣਾ ਲਈ ਕਿ ਜੇ ਕਿਸੇ ਨੇ ਉਸ ਨੂੰ 'ਉਸ ਵੇ਼ਲੇ ਘਰ ਵੜਨ' ਸਬੰਧੀ ਜਾਂ 'ਰਾਤੀਂ ਕਿੱਥੇ ਸੀ?' ਵਰਗਾ ਕੋਈ ਸੁਆਲ ਪੁੱਛਿਆ ਤਾਂ ਉਹ ਇਹ ਕਹਿ ਦਏਗੀ ਕਿ ਉਹ ਤਾਂ 'ਮੌਰਨਿੰਗ ਵੌਕ' ਕਰ ਕੇ ਆਈ ਹੈ। ਉਸ ਨੇ ਆਪਣੇ ਕਮਰੇ ਦਾ ਬੂਹਾ ਅੰਦਰੋਂ ਬੰਦ ਕਰ ਕੇ, ਆਪਣੇ ਵਾਸ਼ ਰੂਮ ਵਿਚ ਤੱਤੇ ਪਾਣੀ ਵਾ਼ਲੀ ਟੂਟੀ ਖੋਲ੍ਹ ਕੇ ਟੱਬ ਭਰਨਾ ਸ਼ੁਰੂ ਕਰ ਦਿੱਤਾ। ਤਦ ਤਕ ਉਸ ਨੇ ਇਹ ਇਰਾਦਾ ਕਰ ਲਿਆ ਕਿ ਜੇ ਹੁਣ, ਉਸ ਦੇ ਘਰੋਂ ਬਾਹਰ ਰਾਤ ਰਹਿ ਕੇ ਜਾਂ ਦੇਰ ਨਾ਼ਲ ਆਉਣ ਦੀ ਕੋਈ ਗੱਲ ਛਿੜੀ ਤਾਂ ਉਹ ਆਪਣੇ ਪੈਰਾਂ ਉੱਤੇ ਪਾਣੀ ਨਹੀਂ ਪੈਣ ਦੇਵੇਗੀ। ਫਿਰ ਉਸ ਨੇ ਸੰਨੀ ਦੇ ਕਮਰੇ ਦਾ ਬੂਹਾ ਧੱਕਿਆ। ਬੂਹਾ ਖੁੱਲ੍ਹਾ ਸੀ ਤੇ ਸੰਨੀ ਜਾਗਦਾ ਹੀ ਪਿਆ ਸੀ। ਅੰਦਰ ਜਾ ਕੇ ਉਸ ਨੇ ਸੰਨੀ ਨੂੰ ਹਲੂਣਿਆ ਤਾਂ ਉਸ ਨੇ ਤ੍ਰਬਕ ਕੇ ਕੰਬਲ ਮੂੰਹ ਤੋਂ ਲਾਹਿਆ ਤੇ ਕਿਹਾ, "ਵਟਸ ਰੌਂਗ ਵਿਦ ਯੂ?"

"ਵਾਈ ਇਜ਼ ਦਿੱਸ ਡੈੱਡ ਕਾਮ ਇਨ ਦ ਹਾਊਸ?" (ਘਰ 'ਚ ਇਹ ਮੁਰਦੇਹਾਣੀ ਕਿਉਂ ਛਾਈ ਹੋਈ ਹੈ?) ਚੰਨੀ ਨੇ ਦੱਬਵੀਂ ਸੁਰ ਵਿਚ ਸੰਨੀ ਨੂੰ ਪੁੱਛਿਆ ਤਾਂ ਸੰਨੀ ਨੇ ਕਿਹਾ, "ਮੌਮ ਐਂਡ ਡੈਡ ਬੋਥ ਵਰ ਬੈਡਲੀ ਡਰੰਕ ਲਾਸਟ ਨਾਈਟ।" (ਮੰਮੀ ਤੇ ਡੈਡੀ ਦੋਹਾਂ ਨੇ ਰਾਤੀਂ ਬਹੁਤ ਹੀ ਪੀਤੀ ਹੋਈ ਸੀ।)

"ਓਹ! ਦੈਟਸ ਵਾਈ, ਦੇ ਆਰ ਸਟਿੱਲ ਲਾਇੰਗ ਅੰਡਰ ਹੈਂਗ ਓਵਰ!" (ਅੱਛਾ! ਤਾਂ ਉਹ ਭਾਨ ਪੈਣ ਦੀ ਵਜ੍ਹਾ ਨਾ਼ਲ ਹੀ ਅਜੇ ਤਕ ਪਏ ਨੇ!) "ਇਜ਼ ਦਿਅਰ ਐਨੀਥਿੰਗ ਐਲਸ?" (ਕੁੱਝ ਹੋਰ ਤਾਂ ਨਹੀਂ?)

"ਨਥਿੰਗ! ਬੱਟ ਵੇਅਰ ਵਰ ਯੂ?" (ਕੁਛ ਨਹੀਂ! ਪਰ ਤੂੰ ਕਿੱਥੇ ਸੀ?) ਸੰਨੀ ਨੇ ਇਹ ਕਹਿੰਦਿਆਂ, ਚੰਨੀ ਵੱਲ ਬਹੁਤ ਗ਼ੌਰ ਨਾ਼ਲ ਦੇਖਿਆ।

"ਕਮਰੇ ਵਿਚ ਹੀ ਸੀ। ਹਾਂ, ਸ਼ਾਮੀਂ ਆਉਣ 'ਚ ਜ਼ਰਾ ਦੇਰ ਹੋ ਗਈ ਸੀ," ਚੰਨੀ ਨੇ ਇਹ ਗੱਲ ਇੰਨੇ ਭਰੋਸੇ ਨਾ਼ਲ ਕਹੀ ਕਿ ਸੰਨੀ ਨੂੰ ਵੀ ਯਕੀਨ ਹੋ ਗਿਆ। ਲੰਮੇ-ਝੰਮੇ ਕਾ਼ਲੇ ਨਾਈਜੇਰੀਅਨ ਬਾਸਕਟ ਬਾਲ ਖਿਡਾਰੀ ਜੌਹਨੀ ਤੋਂ ਆਪਣਾ ਕੁਆਰਾਪਨ ਭੰਗ ਕਰਾ ਚੁੱਕੀ ਚੰਨੀ ਹੌਂਡਾ, ਹੁਣ 'ਕੱਲ੍ਹ ਦੀ ਕੁੜੀ' ਨਹੀਂ ਰਹਿ ਗਈ ਸੀ। ਅਠਾਰਾਂ ਸਾਲਾਂ ਦੀ ਉਮਰ ਤਕ ਪਹੁੰਚਦਿਆਂ ਉਸ ਨੂੰ ਪੂਰਾ ਪਤਾ ਲੱਗ ਚੁੱਕਾ ਸੀ ਕਿ ਕਿਸੇ ਨਾ਼ਲ ਸਰੀਰ ਸਾਂਝਾ ਕਰਦਿਆਂ, ਗਰਭ ਠਹਿਰਨ ਤੋਂ ਕਿਵੇਂ-ਕਿਵੇਂ ਬਚਣਾ ਹੈ। ਇਕ ਦਿਨ ਚੰਨੀ ਨੇ ਤਾੜ ਲਿਆ ਕਿ ਉਸ ਦੇ ਪੇਰੈਂਟਸ ਲਾਚਾਰ ਹੋ ਚੁੱਕੇ ਹਨ, ਮਾਂ ਆਪਣੇ 'ਸ਼ਰਾਬੀਪੁਣੇ' ਦੀ ਵਜ੍ਹਾ ਨਾ਼ਲ ਤੇ ਬਾਪ ਆਪਣੀ 'ਪੱਗ ਲੱਥ ਜਾਣ' ਦੀ ਵਜ੍ਹਾ ਨਾ਼ਲ। ਨਾ ਤਾਂ ਉਹ ਆਪਣੀ ਮਾਂ ਦੀ ਸ਼ਰਾਬ ਛੁਡਾ ਸਕਦੀ ਸੀ ਤੇ ਨਾ ਹੀ ਆਪਣੇ ਬਾਪ ਨੂੰ ਰੁਜ਼ਗਾਰ ਦੁਆ ਕੇ, ਉਸ ਦੇ ਸਿਰ 'ਤੇ ਪੱਗ ਹੀ ਬਨ੍ਹਾ ਸਕਦੀ ਸੀ। ਫਿਰ ਉਸ ਨੇ ਆਪਣੇ ਸਾਰੇ ਦੇਸੀ ਰਿਸ਼ਤੇਦਾਰਾਂ ਵੱਲ ਨਜ਼ਰ ਦੌੜਾਈ। ਉਸ ਦੀ ਸਕੀ ਭੂਆ ਨੇ, ਚੰਨੀ ਦਾ ਚਾਲ-ਚਲਣ ਪੁਣਦਿਆਂ-ਛਾਣਦਿਆਂ ਆਪਣੀ ਧੀ ਨੂੰ ਉਸ ਦੇ ਪ੍ਰਛਾਵੇਂ ਤੋਂ ਬਚਾਉਣ ਖ਼ਾਤਰ, ਉਨ੍ਹਾਂ ਤੋਂ ਆਪਣੀ ਬੇਸਮੈਂਟ ਖਾ਼ਲੀ ਕਰਾ ਲਈ ਸੀ। ਉਸ ਦੇ ਫੁੱਫੜ ਦੇ ਕਹੇ ਹੋਏ ਇਹ ਸ਼ਬਦ, ਅਖੇ, "ਜੇ ਮੇਰੀ ਧੀ ਸਕੂਲ ਵਿਚ ਪੜ੍ਹਨ ਜਾਣ ਦੇ ਬਹਾਨੇ ਗੋਰਿਆਂ-ਕਾ਼ਲਿਆਂ ਨਾ਼ਲ ਫਿਰਦੀ ਦਿਸ ਜਾਂਦੀ ਤਾਂ ਮੈਂ ਉਸ ਦੀਆਂ ਲੱਤਾਂ ਤੋੜ ਦੇਣੀਆਂ ਸੀ," ਉਸ ਦੀਆਂ ਅੱਖਾਂ ਅੱਗੇ ਫ਼ਿਲਮ ਵਾਂਗ ਚੱਲ ਗਏ।

---

ਦਾਨਿਸ਼ ਨੇ ਚੰਨੀ ਦਾ ਪਿਛੋਕੜ ਹੰਘਾਲਦੇ ਨੇ ਇੰਟਰਨੈੱਟ ਤੋੜਨਾ ਲਿਆ ਹੋਇਆ ਸੀ। ਹੁਣ ਤਕ ਕੀਤੀ ਖੋਜ ਦੇ ਆਧਾਰ 'ਤੇ ਉਸ ਨੇ ਜਾਣ ਲਿਆ ਸੀ ਕਿ ਚੰਨੀ ਹੌਂਡਾ ਆਪਣੀ ਜੁਆਨੀ ਅਤੇ ਹੁਸਨ ਬਾਰੇ ਪਹਿਲਾਂ ਤੋਂ ਹੀ, ਬੜੀ ਚੌਕਸ ਸੀ। ਇਸ ਗੱਲ ਦਾ ਪਤਾ ਇਸ ਗੱਲ ਤੋਂ ਲੱਗ ਜਾਂਦਾ ਹੈ ਕਿ ਮਸਾਂ ਛੱਬੀ ਸਾਲਾਂ ਦੀ ਉਮਰ ਵਿਚ ਉਸ ਨੇ ਆਪਣੀਆਂ 'ਛਾਤੀਆਂ' ਹੋਰ ਵੱਡੀਆਂ ਕਰਾ ਲਈਆਂ ਸਨ। ਉਸ ਦੀ ਪਹਿਲੀ ਨੰਗੇਜੀ ਫ਼ਿਲਮ ਦਾ ਸਿਰਲੇਖ 'ਸੰਨੀ ਲਵਜ਼ ਮੈਟ' ਸੀ। ਇਹ ਫ਼ਿਲਮ 2009 ਦੇ 'ਏਵੀਐੱਨ ਐਵਾਰਡਜ਼' ਵਿਚ ਛੇਆਂ ਵਿਚੋਂ ਤਿੰਨ ਨਾਮਜ਼ਦਗੀਆਂ ਹਾਸਲ ਕਰ ਗਈ ਸੀ। ਇਸ ਤੋਂ ਇਲਾਵਾ ਸੰਨੀ 'ਸਾਲ ਦੀ ਵਧੀਆ ਅਦਾਕਾਰਾ' ਵੀ ਚੁਣੀ ਗਈ ਸੀ। ਫਿਰ ਉਸ ਦੀ ਫ਼ਿਲਮ 'ਦ ਅਦਰ ਸਾਈਡ ਔਫ ਦ ਸੰਨੀ' ਆਈ ਸੀ, ਜਿਸ ਵਿਚ ਉਸ ਨੇ ਏਰਿਕਸਨ ਨਾ਼ਲ ਆਖ਼ਰੀ ਵਾਰੀ ਕੰਮ ਕੀਤਾ ਸੀ। ਇਸ ਦੇ ਨਾ਼ਲ ਹੀ ਸੰਨੀ ਨੇ ਕਹਿ ਦਿੱਤਾ ਸੀ ਕਿ ਉਹ ਏਰਿਕਸਨ ਨੂੰ ਛੱਡ ਕੇ ਟੌਮੀ ਗੱਨ, ਚਾਰਲਸ ਡੇਰਾ, ਜੇਮਜ਼ ਡੀਨ ਅਤੇ ਵੂਡੂ ਵਿਚੋਂ ਕਿਸੇ ਨਾ਼ਲ ਵੀ 'ਕੰਮ' ਕਰੇਗੀ। 'ਵਿਵਿਡ' ਨਾ਼ਲ ਉਸ ਦੀ ਆਖ਼ਰੀ ਫ਼ਿਲਮ 'ਅਨਡਰੈੱਸ ਮੀ' ਸੀ। ਇਸ ਫ਼ਿਲਮ ਵਿਚ ਉਸ ਨਾ਼ਲ, ਬਾਅਦ ਵਿਚ ਉਸ ਦਾ ਪਤੀ ਬਣੇ ਡੇਨੀਅਲ ਵੀਬਰ ਉਰਫ਼ ਡੈਨੀ ਨੇ ਆਪਣੇ ਸਟੇਜੀ ਨਾਂ 'ਏਰੀਅਲ ਕਿੰਗ' ਅਧੀਨ ਕੰਮ ਕੀਤਾ ਸੀ।

ਦਾਨਿਸ਼ ਇਹ ਜਾਣ ਕੇ ਹੈਰਾਨ ਰਹਿ ਗਿਆ ਕਿ ਅਗਸਤ 2009 ਵਿਚ ਹੀ ਸੰਨੀ ਨੇ 'ਸੰਨਲੱਸਟ ਪਿਕਚਰਜ਼' ਨਾਂ ਹੇਠ ਆਪਣਾ ਸਟੂਡੀਓ ਸਥਾਪਤ ਕਰਨ ਦਾ ਐਲਾਨ ਹੀ ਨਹੀਂ ਕਰ ਦਿੱਤਾ ਸੀ, ਸਗੋਂ ਇਸ ਵਿਚ ਕੰਮ ਕਰਨਾ ਵੀ ਸ਼ੁਰੂ ਕਰ ਦਿੱਤਾ ਸੀ। ਉਸ ਨੇ ਡੇਨੀਅਲ ਵੀਬਰ ਨੂੰ ਆਪਣਾ ਭਾਈਵਾਲ ਬਣਾ ਲਿਆ। ਸਟੂਡੀਓ ਬਣਾਉਣ ਸਾਰ, ਸੰਨੀ ਨੇ ਆਪਣੇ ਵੱਲੋਂ ਲਿਖਣ ਤੇ ਨਿਰਦੇਸ਼ਨ ਕਰਨ ਦਾ ਫੈਸਲਾ ਕਰਨ ਦੇ ਨਾ਼ਲ ਹੀ 'ਆਪਣੀ ਹੀ ਕਿਸਮ ਦੀਆਂ ਅਡੱਲਟ ਫ਼ਿਲਮਾਂ' ਬਣਾਉਣ ਦਾ ਚੁੱਕਣ ਵੀ ਚੁੱਕ ਲਿਆ। ਉਸ ਨੇ ਇਨ੍ਹਾਂ ਫ਼ਿਲਮਾਂ ਦੇ ਡਿਸਟਰੀਬਿਊਸ਼ਨ ਦੀ ਜ਼ਿੰਮੇਵਾਰੀ 'ਵਿਵਿਡ ਐਂਟਰਟੇਨਮੈਂਟ' ਨੂੰ ਸੌਂਪ ਦਿੱਤੀ।

ਉਸ ਦੇ ਆਪਣੇ ਸਟੂਡੀਓ ਵਿਚੋਂ ਪਹਿਲੀ ਫ਼ਿਲਮ 'ਦ ਡਾਰਕ ਸਾਈਡ ਆਫ ਦ ਸੱਨ' ਨਿੱਕਲੀ, ਜੋ ਮਾਰਚ 2009 ਵਿਚ ਰਿਲੀਜ਼ ਹੋਈ। ਉਸ ਦਾ ਪ੍ਰੀਮੀਅਰ ਪਹਿਲੀ ਵਾਰੀ ਲਾਸ ਵੇਗਾਸ ਦੇ 'ਇਰੌਟਿਕ ਹੈਰੀਟੇਜ ਮਿਊਜ਼ੀਅਮ' ਵਿਚ ਕੀਤਾ ਗਿਆ ਸੀ। ਫਿਰ ਉਸ ਨੇ 'ਸੰਨੀ ਸਲੰਬਰ ਪਾਰਟੀ' ਨਾਂ ਦੀ ਫ਼ਿਲਮ ਬਣਾਈ, ਜਿਸ ਤੋਂ ਮਗਰੋਂ 'ਜੀਆ ਪੋਰਟਰੇਟ ਔਫ਼ ਏ ਪੋਰਨ ਸਟਾਰ' (2010 ਵਿਚ) ਬਣਾਈ, ਜਿਸ ਨੂੰ ਕਈ 'ਏਵੀਐੱਨ ਇਨਾਮ' ਦੇਣ ਲਈ ਚੁਣਿਆ ਗਿਆ। ਫਿਰ ਉਸ ਨੇ 'ਰੋਲਪਲੇ' (2011 ਵਿਚ) ਅਤੇ 'ਗੌਡੈੱਸ' (2012 ਵਿਚ) ਫ਼ਿਲਮਾਂ ਬਣਾਈਆਂ। ਇਨ੍ਹਾਂ ਵਿਚ ਉਸ ਨੂੰ 'ਗ਼ੈਰ-ਕੁਦਰਤੀ ਸੰਭੋਗ' ਕਰਦੀ ਦਿਖਾਇਆ ਗਿਆ ਸੀ। ਸੰਨੀ ਵੱਲੋਂ 'ਵਿਵਿਡ ਐਂਟਰਟੇਨਮੈਂਟ' ਨਾ਼ਲ ਪਾਈ ਹੋਈ ਸਾਂਝ ਤਾਂ ਨਿਭੀ ਹੀ ਜਾ ਰਹੀ ਸੀ, ਪਰ ਫਿਰ ਉਸ ਨੇ ਆਪਣੇ ਕਾਰੋਬਾਰੀ ਪੈਰ, ਆਨਲਾਈਨ ਵੀ ਪਸਾਰਨੇ ਸ਼ੁਰੂ ਕਰ ਦਿੱਤੇ ਤੇ 'ਪੀਪੀਪੀਕਾਰਡ', 'ਅਡੱਲਟ ਪੋਕਰ ਪਾਰਟੀ ਡਾਟ ਕਾਮ', 'ਬ੍ਰਿਕ ਹਾਊਸ', 'ਟੋਟੈਮ ਕੈਸ਼' ਤੇ 'ਆਈ ਐੱਮ ਲਾਈਵ' ਨਾ਼ਲ ਵੀ ਵਿੱਕਰੀ ਅਤੇ ਡਿਸਟਰੀਬਿਊਸ਼ਨ ਸਬੰਧੀ ਸੌਦੇ ਕਰਨੇ ਸ਼ੁਰੂ ਕਰ ਦਿੱਤੇ।

ਇਸ ਤਰ੍ਹਾਂ ਹੀ ਉਹ, 'ਐਕਸਬਿੱਜ਼ ਐਵਾਰਡਜ਼' ਵੱਲੋਂ ਸਾਲ 2008 ਲਈ 'ਵੈੱਬ ਬੇਬ ਆਫ ਦ ਯੀਅਰ' ਵੀ ਚੁਣ ਲਈ ਗਈ। ਉਸ ਦੀਆਂ ਵੈੱਬਸਾਈਟਸ ਅਤੇ ਆਨਲਾਈਨ ਕਾਰੋਬਾਰ, ਉਸ ਦੀ ਕੰਪਨੀ 'ਸੰਨੀ ਐੱਲ.ਐੱਲ.ਸੀ.' ਦੇ ਬੈਨਰ ਹੇਠ ਹੀ ਚੱਲਦੇ ਸਨ। ਅਪ੍ਰੈਲ 2012 ਵਿਚ ਦਿੱਤੇ ਇਕ ਇੰਟਰਵਿਊ ਵਿਚ ਉਸ ਨੇ ਇਹ ਕਿਹਾ ਸੀ ਕਿ ਉਸ ਦੀ ਵੈੱਬਸਾਈਟ ਉੱਤੇ 80 ਫੀ ਸਦੀ 'ਟ੍ਰੈਫਿਕ' ਅਤੇ 60 ਫੀ ਸਦੀ 'ਰੈਵੇਨਿਊ' ਭਾਰਤ ਤੋਂ ਹੀ ਆਉਂਦਾ ਹੈ।

ਇੰਨਾ ਕੁੱਝ ਪੜ੍ਹ ਕੇ ਦਾਨਿਸ਼ ਨੂੰ ਲੱਗਿਆ ਕਿ ਸੰਨੀ ਨੂੰ ਨਿਰੀ ਨੰਗ-ਧੜੰਗ ਫ਼ਿਲਮਾਂ ਦੀ ਅਦਾਕਾਰਾ ਕਹਿਣਾ ਤਾਂ ਉਸ ਨੂੰ ਬਹੁਤ ਹੀ ਛੁਟਿਆਉਣ ਦਾ ਹੀਲਾ ਹੋਵੇਗਾ। ਉਹ ਤਾਂ ਵਪਾਰ-ਕਾਰੋਬਾਰ ਦੇ ਮਾਮਲੇ ਵਿਚ ਵੀ ਲਾਸਾਨੀ ਸੀ। ਇਸ ਤੋਂ ਇਲਾਵਾ ਉਸ ਨੇ 'ਵਿਵਿਡ ਕਾਮੇਡੀ ਟੂਅਰ' ਵੀ ਕੀਤਾ ਤੇ 'ਵਿਵਿਡ ਫੁੱਟਵੀਅਰ ਕੁਲੈਸ਼ਨ' ਦੀ ਮਾਡਲਿੰਗ ਵੀ ਕੀਤੀ ਸੀ। ਫਿਰ ਉਸ ਨੇ 'ਵਿਵਿਡ/ ਕਲੱਬ ਜੇਨਾ ਲਿੰਜੇਰੀ ਬਾਊਲ' ਤੇ 'ਵਿਵਿਡ'ਜ਼ ਹੌਟ ਰੌਡ ਨਾਈਟ' ਵਿਚ ਵੀ ਸ਼ਿਰਕਤ ਕੀਤੀ। ਸਾਲ 2006 'ਚ ਡਾ. ਜੌਹਨਸਨ ਨੇ 'ਪੌਕਿਟ ਪਾਲ' ਨਾਂ ਦਾ ਇਕ ਜਿਨਸੀ ਖਿਡਾਉਣਾ ਬਣਾਇਆ ਸੀ, ਜਿਸ ਨੂੰ ਬਣਾਉਣ ਲਈ ਪ੍ਰੇਰਨਾ, ਸੰਨੀ ਦੇ 'ਸਰੀਰ' ਤੋਂ ਹੀ ਲਈ ਗਈ ਸੀ। ਇਸੇ ਹੀ ਕੰਪਨੀ ਨੇ 2008 ਵਿਚ ਸੰਨੀ ਦੇ ਨਾਂ ਹੇਠ ਹੀ ਇਕ 'ਐਕਸਾਈਟਰ ਵਾਈਬ੍ਰੇਟਰ' ਬਣਾ ਕੇ ਵਿਕਣਾ ਭੇਜਿਆ ਸੀ। 'ਕੰਟਰੋਲ ਐੱਮ ਐੱਫ ਜੀ' ਨਾਂ ਦੀ ਕੰਪਨੀ ਹਾਲੇ ਵੀ ਆਪਣੇ ਬਣਾਏ ਹੋਏ 'ਸਕੇਟਬੋਰਡਜ਼' ਵਿਕਣੇ ਭੇਜਣ ਤੋਂ ਪਹਿਲਾਂ, ਉਨ੍ਹਾਂ ਉੱਤੇ ਸੰਨੀ ਦੀ ਤਸਵੀਰ ਲਾਉਣਾ ਨਹੀਂ ਭੁੱਲਦੀ।

ਸਤੰਬਰ 2009 ਵਿਚ 'ਆਈਫੋਨ' ਵਾ਼ਲਿਆਂ ਨੂੰ ਵੀ ਇਸ ਦੀ ਇਕ ਐਪ ਵੇਚਣ ਲਈ, ਸੰਨੀ ਦੀਆਂ ਤਸਵੀਰਾਂ ਹੀ ਨਹੀਂ, ਉਸ ਦੇ ਲਿਖੇ 'ਬਲੌਗਾਂ' ਦੀ ਵੀ ਲੋੜ ਪੈ ਗਈ ਸੀ। ਇਹ ਪਹਿਲੀ ਵਾਰੀ ਸੀ ਜਦੋਂ ਇਸ ਕੰਪਨੀ ਨੇ ਕਿਸੇ 'ਪੋਰਨ ਸਟਾਰ' ਦਾ ਆਸਰਾ ਲਿਆ ਹੋਵੇ। ਪਤਾ ਨਹੀਂ ਕਿਉਂ, ਫਰਵਰੀ 2010 ਤਕ ਉਹ ਐਪ, 'ਐਪਲ' ਨੇ ਸਟੋਰਾਂ ਤੋਂ ਚੁਕਾ ਲਈ ਸੀ।

**⇒ ਬਾਕੀ ਅਗਲੇ ਅੰਕ ਵਿੱਚ**

## ਹਾਕੀ ਦਾ ਮੰਨਿਆ-ਪ੍ਰਮੰਨਿਆ ਖਿਡਾਰੀ ਸੁਰਜੀਤ ਸਿੰਘ

ਐਵਾਰਡ ਜ਼ਰੂਰ ਦਿੱਤੇ ਜਾਂਦੇ ਹਨ। ਸੁਰਜੀਤ ਸਿੰਘ ਨੂੰ 1998 ਵਿੱਚ ਮਰਨ ਉਪਰੰਤ ਭਾਰਤ ਸਰਕਾਰ ਵੱਲੋਂ ਅਰਜੁਨਾ ਐਵਾਰਡ ਦਿੱਤਾ ਗਿਆ।

ਪ੍ਰਸਿੱਧ ਖੇਡ ਲਿਖਾਰੀ ਪ੍ਰਿੰਸੀਪਲ ਸਰਵਣ ਸਿੰਘ ਸੁਰਜੀਤ ਸਿੰਘ ਦੀ ਇੱਕ ਅੰਦਰਲੀ ਕਮਜ਼ੋਰੀ ਦਾ ਜ਼ਿਕਰ ਕਰਦੇ ਹੋਏ ਅਕਸਰ ਦੱਸਦੇ ਹਨ ਕਿ ਸੁਰਜੀਤ ਸਿੰਘ ਵਹਿਮੀ ਵੀ ਬਹੁਤ ਸੀ। ਇੱਕ ਵਾਰ ਉਹ ਖੇਡ ਮੈਦਾਨ ਵਿੱਚ ਚੱਲ ਨਹੀਂ ਸੀ ਰਿਹਾ ਤਾਂ ਉਸ ਨੂੰ ਤਿਲ ਤੇ ਗੁੜ ਮੰਗਵਾ ਕੇ ਦਿੱਤੇ ਗਏ, ਉਸ ਮਗਰੋਂ ਉਹ ਚੰਗਾ ਭਲਾ ਸੀ। ਜਰਸੀ ਨੰਬਰ ਨੂੰ ਲੈ ਕੇ ਵੀ ਉਹ ਬਹੁਤ ਵਹਿਮ ਕਰਦਾ ਸੀ। ਸੁਰਜੀਤ ਸਿੰਘ ਨੇ ਘਰੇਲੂ ਹਾਕੀ ਵਿੱਚ ਸੈਂਟਰਲ ਰੇਲਵੇ ਵੱਲੋਂ ਆਪਣਾ ਕਰੀਅਰ ਸ਼ੁਰੂ ਕੀਤਾ ਸੀ। ਫੇਰ ਉਹ ਇੰਡੀਅਨ ਏਅਰਲਾਈਨਜ਼ ਵੱਲੋਂ ਖੇਡਿਆ ਤੇ ਫੇਰ ਪੰਜਾਬ ਪੁਲਿਸ ਜੁਆਇਨ ਕੀਤੀ।

ਇਸ ਮਹਾਨ ਖਿਡਾਰੀ ਦੀਆਂ ਗੱਲਾਂ ਕਰਨ ਲੱਗ ਜਾਈਏ ਤਾਂ ਸੁਰਜੀਤ ਸਿੰਘ ਦੇ ਨੇੜਲਿਆਂ ਵਿੱਚੋਂ ਇੱਕ ਪ੍ਰਸਿੱਧ ਕਵੀ ਗੁਰਭਜਨ ਸਿੰਘ ਗਿੱਲ ਅਨੇਕਾਂ ਦਿਲਚਸਪ ਕਿੱਸੇ ਸੁਣਾਉਂਦੇ ਹਨ। ਇਕੇਰਾਂ ਸੁਰਜੀਤ ਸਿੰਘ ਨੇ ਸਾਥੀ ਦੋ ਹੋਰ ਖਿਡਾਰੀਆਂ ਨਾਲ ਖਿਡਾਰੀਆਂ ਦੇ ਹਿੱਤਾਂ ਦੀ ਰਾਖੀ ਲਈ ਰੋਸ ਵਜੋਂ ਭਾਰਤੀ ਹਾਕੀ ਟੀਮ ਦਾ ਕੈਂਪ ਛੱਡ ਦਿੱਤਾ। ਤਿੰਨੇ ਖਿਡਾਰੀ ਕਿਲਾ ਰਾਏਪੁਰ ਪਿੰਡ ਦੀ ਹਾਕੀ ਟੀਮ ਵੱਲੋਂ ਲੁਧਿਆਣਾ ਜ਼ਿਲ੍ਹੇ ਦੇ ਇੱਕ ਮਸ਼ਹੂਰ ਪਿੰਡ ਧਮੋਟ ਵਿਖੇ ਮਨਜੀਤ ਯਾਦਗਾਰੀ ਖੇਡ ਮੇਲੇ ਵਿੱਚ ਖੇਡਣ ਗਏ। ਪ੍ਰੋ. ਗਿੱਲ ਕੋਲ ਧਮੋਟ ਵਾਲੇ ਪ੍ਰੋ. ਕੇਸਰ ਸਿੰਘ ਗਿੱਲ ਦੇ ਘਰ ਇਨ੍ਹਾਂ ਖਿਡਾਰੀਆਂ ਨਾਲ ਗੁਜ਼ਾਰੀ ਯਾਦਗਾਰੀ ਸ਼ਾਮ ਅੱਜ ਵੀ ਚੇਤਿਆਂ ਵਿੱਚ ਵਸੀ ਹੈ। ਪ੍ਰੋ. ਗਿੱਲ ਦੀ ਮਰਹੂਮ ਪਤਨੀ ਨ੍ਰਿਪਜੀਤ ਕੌਰ ਦਾ ਵੱਡਾ ਵੀਰ ਜਗਵਿੰਦਰ ਗਰੇਵਾਲ ਸੁਰਜੀਤ ਸਿੰਘ ਦਾ ਸਪੋਰਟਸ ਕਾਲਜ ਦੇ ਦਿਨਾਂ ਤੋਂ ਗੂੜ੍ਹਾ ਮਿੱਤਰ ਸੀ। ਸੁਰਜੀਤ ਆਪਣੀਆਂ ਛੁੱਟੀਆਂ ਵੀ ਅਕਸਰ ਕਿਲਾ ਰਾਏਪੁਰ ਵਿਖੇ ਹੀ ਗੁਜ਼ਾਰਦਾ ਸੀ। ਦੋਵੇਂ ਇਕੱਠੇ ਹੀ ਖੇਡਦੇ-ਖੇਡਦੇ ਸੈਂਟਰਲ ਰੇਲਵੇ ਵਿੱਚ ਭਰਤੀ ਹੋ ਗਏ। ਇਸੇ ਲਈ ਕਿਲਾ ਰਾਏਪੁਰ ਸੁਰਜੀਤ ਸਿੰਘ ਦਾ ਦੂਜਾ ਘਰ ਸੀ।

ਪ੍ਰੋ. ਗਿੱਲ ਦੱਸਦੇ ਹਨ ਕਿ ਸੁਰਜੀਤ ਸਿੰਘ ਆਪਣੇ ਸਾਥੀ ਖਿਡਾਰੀਆਂ ਵਰਿੰਦਰ ਸਿੰਘ ਤੇ ਬਲਦੇਵ ਸਿੰਘ ਨਾਲ 1971 ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤਰਫੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਖੇਡਿਆ, ਜਿੱਥੇ ਉਸ ਦੀ ਟੀਮ ਭਾਵੇਂ ਫ਼ਾਈਨਲ ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਹੱਥੋਂ ਹਾਰ ਗਈ, ਪਰ ਤਿੰਨਾਂ ਦੀ ਖੇਡ ਇੰਨੀ ਸਲਾਹੀ ਗਈ ਕਿ ਉਹ ਕੰਬਾਈਂਡ ਯੂਨੀਵਰਸਿਟੀ ਅਤੇ ਫੇਰ ਭਾਰਤ ਦੀ ਟੀਮ ਵਿੱਚ ਚੁਣਿਆ ਗਿਆ। ਉਨ੍ਹਾਂ ਵੇਲਿਆਂ ਵਿੱਚ ਯੂਨੀਵਰਸਿਟੀਆਂ ਦੀ ਬਣਨ ਵਾਲੀ ਸਾਂਝੀ ਟੀਮ ਵਿੱਚ ਚੁਣੇ ਜਾਣਾ ਭਾਰਤੀ ਟੀਮ ਵਿੱਚ ਚੁਣੇ ਜਾਣ ਦੇ ਬਰਾਬਰ ਸੀ।

ਸੁਰਜੀਤ ਸਿੰਘ ਜਦੋਂ ਇੰਡੀਅਨ ਏਅਰ ਲਾਈਨਜ਼ ਵਿੱਚ ਨੌਕਰੀ ਕਰਦਾ ਸੀ ਤਾਂ ਉਸ ਨੇ ਖੇਡਣ ਖ਼ਾਤਰ ਆਪਣਾ ਹੈੱਡਕੁਆਟਰ ਲੁਧਿਆਣਾ ਹੀ ਰੱਖਿਆ ਹੋਇਆ ਸੀ। ਲੁਧਿਆਣੇ ਉਹ ਸੁਖਬੀਰ ਗਰੇਵਾਲ, ਗੁਰਦੀਪ ਸਿੰਘ ਮੰਗੂ, ਬਲਦੇਵ ਸਿੰਘ ਅਤੇ ਹੋਰਨਾਂ ਖਿਡਾਰੀਆਂ ਨਾਲ ਆਰੀਆ ਕਾਲਜ ਦੇ ਖੇਡ ਮੈਦਾਨ ਵਿੱਚ ਪ੍ਰੈਕਟਿਸ ਕਰਦਾ ਹੁੰਦਾ ਸੀ। ਸੁਰਜੀਤ ਦੀ ਖੇਡ ਸ਼ਿੰਗਾਰਨ ਵਿੱਚ ਜਲੰਧਰ ਤੇ ਲੁਧਿਆਣਾ ਦੋਵੇਂ ਸ਼ਹਿਰਾਂ ਦਾ ਵੱਡਾ ਰੋਲ ਹੈ। ਸੁਰਜੀਤ ਸਿੰਘ ਦੀ ਜੀਵਨ ਸਾਥਣ ਚੰਚਲ ਰੰਧਾਵਾ ਲੁਧਿਆਣਾ ਦੇ ਹੀ ਸਰਕਾਰੀ ਕਾਲਜ ਲੜਕੀਆਂ ਵਿੱਚ ਹਾਕੀ ਕੋਚ ਵਜੋਂ ਨਿਯੁਕਤ ਸੀ। ਖੇਡ ਵਿਭਾਗ ਵਿੱਚੋਂ ਜੁਆਇੰਟ ਡਾਇਰੈਕਟਰ ਵਜੋਂ ਰਿਟਾਇਰ ਹੋਈ ਚੰਚਲ ਰੰਧਾਵਾ ਵੀ ਕੌਮਾਂਤਰੀ ਹਾਕੀ ਖਿਡਾਰਨ ਸੀ। ਇਸ ਖੇਡ ਜੋੜੇ ਦੇ ਪੁੱਤਰ ਸਰਬਰਿੰਦਰ ਸਿੰਘ ਨੇ ਭਾਰਤ ਲਈ ਟੈਨਿਸ ਖੇਡੀ ਹੈ।

ਸੁੰਦਰ ਮੁੰਦਰੀਏ...ਹੋ, ਤੇਰਾ ਕੌਣ ਵਿਚਾਰਾ...ਹੋ

SWERA
Women Support Group
ਸਵੇਰਾ
SIKH WOMEN ERA
Proudly Promotes
www.swerausa.org FB page swerausa
Teamswera@gmail.com 501(c)(3)

*Team Swera is committed to participate in Palatine Gurdwara's Interior Kar Sewa.*

# ਸਵੇਰਾ ਪਰਿਵਾਰਕ ਲੋਹੜੀ

# SWERA COMMUNITY LOHRI

ਰਵਾਇਤੀ ਪੰਜਾਬੀ ਤਿਓਹਾਰ Traditional Punjabi Festival

## March 15th, 2025

(Saturday) *6 pm to 11 pm*

**Atlantis Banquets** 1273 North Rand Road, Arlington Heights, IL 60004



ਰੈਵ ਇੰਦਰ
(ਗਾਇਕ)



ਮਨਮੀਤ
(ਗਾਇਕਾ)



ਗੁਰਲੀਨ ਕੌਰ
(ਮੰਚ ਸੰਚਾਲਕ)

*To celebrate, participate and support the program.*

## General Entry $40 PP

*Delicious Dinner Included*
*(Kids under 5 are free.)*
Vendors Slots are available $175
Donation Accepted
Celebration of newborn kids, the newly wedded couples Lohri Blessings.
Join us and enjoy:
Folk Songs, Dancing Skits, Musical Performance and Much More.




ਲੋਹੜੀ ਹਰ ਜੀਅ ਦੀ,
ਪੁੱਤ ਦੀ ਨਾਲੇ ਧੀ ਦੀ।
ਲੋਹੜੀ ਨਵੇਂ ਜਵਾਈ ਦੀ,
ਸੋਹਣੀ ਨੂੰਹ ਘਰ ਆਈ ਧੀ।
ਲੋਹੜੀ ਖੁਸ਼ੀ ਮਨਾਉਣ ਦੀ,
ਬੇਟਾ-ਬੇਟੀ ਵਿਆਹੁਣ ਦੀ।

ਮੂੰਗਫਲੀਆਂ, ਗੱਚਕ ਅਤੇ ਰਿਓੜੀਆਂ ਦੀ ਸੇਵਾ ਸਲਵਾਨ ਟਰੇਡਿੰਗ ਇੰਕ ਅਤੇ ਸਿੰਘ ਗਰੌਸਰ ਵੱਲੋਂ

DJ RJB
Photographer:
Raja Bollywood Studio

## FAMILY PROGRAM



## Please Contact:
## ਸੰਪਰਕ ਕਰੋ

Jasbir K. Mann 847-890-2390
Kirpal Kaur Lall 630-664-3816
Sukhvir Kaur 847-852-0666
Jeetu Kaur 847-220-0174
Dimpy Kaur 847-312-4002
Manjind Brar 224-605-4018
Baljeet Athwal 847-809-2202

Amarjeet Mangat 317-551-1794
Manmeet Kaur 630-362-3249
Paramjit Bhathal 847-507-5051
Rimple Dogra 224-607-5097
Joti Khaira 630-277-1649

Nikki Sekhon 773-443-2720
Mandeep Mann 630-312-0333
Anureet Dhillon 847-454-4062
Beant K. Virk 262-412-2068
Sukhjit Kahlon 224-456-8101

Rajwinder Kaur 847-643-6362
Amarjeet Kaur 630-440-3279
Gurpreet K. Singh 630-677-6144
Aman Dhillon 847-529-4569
Raj Dhaliwal 224-410-1366

ਸਹਿਯੋਗੀ ਸਹੇਲੀਆਂ: Bhupinder Dhanoa, Manjit Kaur Sidhu, Sharan Kahlon, Mandeep Sandhu, Laddi K. Singh, Kamal Sahota, Pammi Sangha, Jiwan Dhami, Kamalpreet Kaur, Satinder Kaur, Rammi Hanjra, Navjot Kaur, Parbh Khaira, Narinder Boparai, Preet Sandhu, Narinder Rangi, Manjind Brar, Harpreet Sidhu, Salwinder Sandhu, Vippin Kaler, Harmesh Bains, Harjinder Kaur, Sukhvir Kaur, Salma Mukhi, Rubina Tahir, Balwinder Aulakh, Manjit Mangat, Dr. Harpreet Kaur, Ramandeep Saini, Vibha Rajput, Pooja Dhaliwal, Kulwinder Sandhu, Sharanveer Kahlon, Prachi Jaitly, Deepak Gill, Rajvir Kular, Pammi Vohra, Seerat Kaler, Rimple Dogra, Kulwant Parmar, Baljit Atwal, Mona Bhalla, Pardeep, Jaggi, Jassi Heer, Gurleen Kaur Sangha, Sukhwinder Kaur

Touch Of Spice KK Catering Authentic Indian Cuisine

Food will be provided by 'Touch of Spice' K.K. Pamma

ਮਿਡਵੈਸਟ ਦੀਆਂ ਸਾਰੀਆਂ ਸਭਿਆਚਾਰਕ ਤੇ ਖੇਡ ਸੰਸਥਾਵਾਂ ਅਤੇ ਸਮੂਹ ਮੀਡੀਏ ਦੇ ਸਹਿਯੋਗ ਨਾਲ

ਪੰਜਾਬੀ ਪਰਵਾਜ਼ Punjabi Parwaz